ਅਗਸਤ ੧੯੯੬

# ਵਰਿਆਮ



ਸ਼ਾਹ ਮਨਸੂਰ ਚੜ੍ਹਿਆ ਇਕ ਸੂਲੀ, ਉਹਨੂੰ ਸ਼ਾਬਾਸ ਕਹਿਆ ਲੁਕਾਈ
ਸ਼ੱਮਸ ਖੱਲ ਲੁਹਾਵਣ ਜਾਂਦੇ, ਕਈ ਡਿੱਠੇ ਚਾਈਂ ਚਾਈਂ
ਰਾਮ ਮ੍ਰਿਗੇਸ਼ ਗੁਰਾਂ ਦੇ ਸੇਵਕ, ਜਿਨ੍ਹਾਂ ਸਿਰ ਸਿਰ ਬਾਜੀ ਲਾਈ
ਕਰਣ ਮਜ਼ਾਖਾਂ ਤੋਪਾਂ ਨੂੰ, ਗਲ ਹੱਸ ਹੱਸ ਫਾਂਸੀ ਲਾਈ

— 'ਮ੍ਰਿਗੇਸ਼'

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

## ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

| | |
|---|---|
| ☆ ਸਾਗਰ ਛੱਲਾਂ ਸੰਗ ਖੇਡਣ | ☆ ਆਸਮਾਨ ਤੋਂ ਝੀਲ ਵਿਚ ਤਿਲਕਣ |
| ☆ ਨਦੀ, ਵਿਚ ਤੈਰਨ | ☆ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ☆ ਆਕਾਸ਼ ਵਿਚ ਹੁਲਾਰੇ ਲੈਣ | ☆ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ☆ ਗੀਤ ਸੰਗੀਤ ਮਾਨਣ | ☆ ਅਨੰਦ ਲੈਣ ਵਾਸਤੇ ਪਧਾਰੋ |

ਟਿਕਟ ਏਕ-ਖੇਲ ਅਨੇਕ
ਦੇਸ਼ ਭਰ ਵਿਚ ਆਪਣੇ ਵਰਗਾ ਆਪ







## ਫਨ 'ਐੱਨ' ਫੂਡ ਵਿਲੇਜ

(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਉਂ ਰੋਡ, ਨਵੀਂ ਦਿੱਲੀ-110037
ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)
ਫੋਨ : 5563587, 5564500-501-502-503 ਫੈਕਸ : 5563867


Sri Satguru Jagjit Singh Ji eLibrary NamdhariElibrary@gmail.com

https://archive.org/details/namdhari

*With best compliments from :*

OSTER PARTNER

CARDIGANS • PULLOVERS

*Ante-date Knitters*

A quality product of

UDEY Knitwears

Manufacturers & Exporters

Street No.3, Jammu Colony, Nr. Preet Palace,Opp Atam Park, LUDHIANA-141 003

Phones:405338, 36349, Fax:26070 ATTN.,24349



Sri Satguru Jagjit Singh Ji eLibrary NamdhariElibrary@gmail.com

Gram 'SNIPER' Hallo : 531367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

**«GUNS»**

**MODERN GUN WORKS**

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ ਨਵੇਂ ਨਵੇਂ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ : **ਨਾਮਧਾਰੀ ਸੇਲਜ਼** ੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

# Namdhari Sales

Manufacturers of :

## FURSHI DURRIES & CARPETS

in Bright & Fast Colours

10240/54, Library Road, Azad Market, DELHI—110006
Phone : 7514784

---

Phone : Off. 671044, 671045
Resi. 670013

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

## Namdhari Engineering Works

Mfrs. & General Suppliers of :
Truck Bus Body Parts, Nut, Bolts & All Kinds of Hardware Goods.
E-190, Focal Point, LUDHIANA—141010

---

## PUNJAB INDUSTRIES

Specialist in : All Kinds of Truck Body Materials, Malaysia Sal Wood, Teak Wood, Deodar, Partal, Champ, Hullak etc.
E-190/A, Focal Point, Ludhiana—141001

---

Phone : 664075

## Partap Trading Company

**Dealers in : Truck & Bus Body Parts, Aulminium Sheets, Angle, Channels, Glass, Sunmica, Plywood & Hardwares.**

G. T. Road, Opp. Transport Nagar, Ludhiana




Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

(SINGLF & DOUBLE BARRELS) 12-BORE GUNS

ALSO SALE & PURCHASES OF

INDIAN & IMPORTED (12-Bore Guns, Revolvers/Pistols N. P· Bore) Guns

Also Repairers of all Types of Guns



## Once Purchased Ever Purchased

**Best Quality of The Day is Our Motto**

**Contact Us With Full Confidence :**

**Hello : 533810**

# Free India Gun Manufacturers

**Prop : S. KARTAR SINGH (JAMMU-WALE)**

**6 Industrial Estate, Ashok Nagar,**

**Jammu Cantt.-3**

**Sister Concern :**

**M/s KARTAR SINGH**

**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਗਸਤ ੧੯੯੬ ਜਿਲਦ-੨੧ ਅੰਕ—੧੦

ਤਤਕਰਾ

ਕਿੱਸਾ ਆਜ਼ਾਦੀ ਦੀ ਰਾਣੀ ਦਾ —ਮਨੋਰਮਾ ਦੀਵਾਨ ੮
ਗੁਰੂ ਰਾਮ ਸਿੰਘ ਜੀ ਦਾ ਭੇਣੀ ਸਾਹਿਬ —ਕਾਕਾ ਕਾਲੇਲਕਰ ੧੦
ਜਾਗ ਸੀ ਆਜ਼ਾਦੀ ਦੀ ਲਗਾਈ ਨਾਮਧਾਰੀਆਂ —ਪਿਆਰਾ ਸਿੰਘ ਨਿਰਛਲ ੧੩
ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਹਿਸਾ —ਬਨਾਰਸੀ ਦਾਸ ੧੪
ਕਾਂਗਰਸ ਨੂੰ ਕੋਰਾ ਚੈਕ—ਮਾਸਟਰ ਨਿਹਾਲ ਸਿੰਘ ੧੫
ਰੂਸ ਦਰਬਾਰ ਵਿਚ ਕੂਕਾ ਨੇਤਾ ਗੁਰਚਰਨ ਸਿੰਘ —ਪੀ. ਸੀ. ਰਾਏ ੧੭
ਕੂਕੇ ਰੂਸੀਆਂ ਦੀ ਨਜ਼ਰ ਵਿਚ ੨੪
ਪੰਜਵੇਂ ਜਾਰਜ ਦਾ ਨੱਕ —ਕਮਲੇਸ਼ਵਰ ੨੫
ਕਸ਼ਮੀਰ ਅਤੇ ਨੇਪਾਲ ਨਾਲ ਸੰਪਰਕ —ਨਾਹਰ ਸਿੰਘ ੨੯
ਕਰਤਾਰ ਸਿੰਘ ਸਰਾਭਾ —ਬਾਬਾ ਸੋਹਨ ਸਿੰਘ ਭਕਨਾ ੩੩
ਚਲੋ ਸਈਓ ਰਲ ਵੇਖਣ ਚਲੀਏ ਆਸ਼ਕ ਸੂਲੀ ਚੜ੍ਹਦੇ —ਨਾਨਕ ਸਿੰਘ ੩੬
ਸਿਆਮ ਅਰਥਾਤ ਕੁਬੇਰ ਰਾਜ ਦੀ ਯਾਤਰਾ (੫) —ਅਮਰ ਭਾਰਤੀ ੬੩
ਯਾਦਾਂ — ਸਤਿਗੁਰੂ ਪ੍ਰਤਾਪ ਸਿੰਘ —ਪ੍ਰੀਤਮ ਸਿੰਘ ਪੰਛੀ ੪੫
ਖਬਰਨਾਮਾ ੪੭
ਪ੍ਰਤੀਕਰਮ ੫੧

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੬੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸੱਜਣਾਂ ਨੂੰ ਵਰਿਆਮ ਦੇ ਗਾਹਕ ਬਨਣ ਵਾਸਤੇ ਪ੍ਰੇਰੋ ।

—ਮੈਨੇਜਰ

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ ।

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ—ਦਫਤਰ : ੨੨੨੫੪੩
ਘਰ : ੫੬੨੮੯

Ph. : 222543 (O)
56289 (R)



Sri Satguru Jagjit Singh Ji eLibrary NamdhariElibrary@gmail.com

ਸੰਪਾਦਕ ਦੀ ਕਲਮ ਤੋਂ

# ਪੰਜਾਹਵੇਂ ਸਾਲ 'ਚ ਪੈਰ ਧਰਦਿਆਂ

੧੫ ਅਗਸਤ ਨੂੰ ਭਾਰਤ ਆਪਣੀ ਆਜ਼ਾਦੀ ਦੇ ੫੦ਵੇਂ ਵਰ੍ਹੇ ਵਿਚ ਪੈਰ ਰੱਖ ਰਿਹਾ ਹੈ। ਸ਼ੁਰੂ ਸ਼ੁਰੂ ਵਿਚ ਇਸ ਦਿਵਸ ਉਤੇ ਦੇਸ਼ ਦੀ ਖਾਤਰ ਮਰ ਮਿਟਣ ਵਾਲੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਸੀ। ਯਾਦ ਹੁਣ ਵੀ ਕੀਤਾ ਜਾਂਦਾ ਹੈ—ਟੀ.ਵੀ. ਅਤੇ ਰੇਡੀਓ 'ਤੇ ਫ਼ਿਲਮੀ ਗੀਤਾਂ ਰਾਹੀਂ। ਹੁਣ ਬਹੁਤਾ ਸਮਾਂ ਸਰਕਾਰ ਵਲੋਂ ਕੀਤੇ ਗਏ ਜਾਂ ਕਰਨ ਵਾਲੇ ਕੰਮਾਂ ਜਾਂ ਇਲੈਕਸ਼ਨ 'ਚ ਕੰਮ ਆਉਣ ਵਾਲੇ ਪ੍ਰਸਾਰਨ ਤੇ ਲਗਦਾ ਹੈ। ਆਜ਼ਾਦੀ ਦਿਵਸ ਉਤੇ ਸਿੱਧੇ ਪ੍ਰਸਾਰਨ ਵਿਚ ਪ੍ਰਧਾਨ ਮੰਤਰੀ ਜੀ ਨੂੰ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਸਮਾਧੀਆਂ ਤੇ ਫੁਲ ਭੇਟ ਕਰਦਿਆਂ ਅਤੇ ਨਮਸਕਾਰ ਕਰਦਿਆਂ ਵਿਖਾਇਆ ਗਿਆ।

ਕਿਸੇ ਵੇਲੇ ਲਤਾ ਮੰਗੇਸ਼ਕਰ ਨੇ ਗਾਇਆ ਸੀ—
"ਕੁਛ ਯਾਦ ਉਨਹੇਂ ਭੀ ਕਰ ਲੋਂ,
ਜੋ ਲੌਟ ਕੇ ਘਰ ਨਾ ਆਏ"

ਤਾਂ ਪੰਡਿਤ ਨਹਿਰੂ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ, ਪਰ ਇਸ ਵਾਰ ਮਹਾਤਮਾ ਗਾਂਧੀ ਜੀ ਦੀ ਸਮਾਧੀ ਉਤੇ ਦੋ ਫੁੱਲ ਧਰਨ ਨੂੰ ਛੱਡ ਕੇ ਇਨ੍ਹਾਂ ਸ਼ਹੀਦਾਂ ਦਾ ਨਾਂ ਤੱਕ ਨਾ ਲਿਆ ਗਿਆ। ਅਖਬਾਰਾਂ ਦੇ ਐਡੀਸ਼ਨਾਂ ਵਿਚ ਸਭ ਕੁਝ ਸੀ...ਪਰ ਸ਼ਹੀਦ ਨਹੀਂ ਸਨ।

ਪਿਛਲੇ ਦਿਨੀਂ ਲੁਧਿਆਣਾ ਵਿਚ ਰਾਏਕੋਟ ਵਾਲੇ ਨਾਮਧਾਰੀ ਸ਼ਹੀਦਾਂ ਨਮਿੱਤ ਮੇਲਾ ਸੀ। ਉਸ ਵਿਚ ਬੋਲਣ ਵਾਲਿਆਂ ਨੇ ਆਮ ਤੌਰ ਤੇ ਇਹ ਗੱਲ ਆਖੀ ਕਿ—"ਇਹ ਨਾਮਧਾਰੀ ਸ਼ਹੀਦ ਦੇਸ਼ ਦੇ ਆਜ਼ਾਦੀ—ਮਹੱਲ ਦੀਆਂ ਨੀਂਹ ਦੀਆਂ ਇੱਟਾਂ ਸਨ।" ਨੀਂਹ ਦੀਆਂ ਇੱਟਾਂ ਤਾਂ ਦੱਬੀਆਂ ਰਹਿੰਦੀਆਂ ਹਨ ਅਤੇ ਸਾਰੇ ਮਹੱਲ ਦਾ ਭਾਰ ਝੱਲਦੀਆਂ ਹਨ। ਪਰ ਲੋਕ ਤਾਂ ਮੁਨਾਰਿਆਂ ਨੂੰ ਦੇਖਦੇ ਹਨ। ਮਨ ਵਿਚ ਖਿਆਲ ਆਇਆ ਕਿ ਇਹ ਗੱਲ ਹੋਰ ਕਿਸੇ ਥਾਂ ਤਾਂ ਸੁਣੀਂਦੀ ਵੀ ਨਹੀਂ ਕਿ 'ਨਾਮਧਾਰੀ ਸ਼ਹੀਦ, ਨੀਂਹ ਦੀਆਂ ਇੱਟਾਂ ਹਨ'। ਨਾਮਧਾਰੀਆਂ ਦਾ ਇਤਿਹਾਸ ਦਸਦਾ ਹੈ ਕਿ ਇਹਨਾਂ ਆਜ਼ਾਦੀ ਬਿਰਖ ਬੀਜਿਆ ਵੀ ਅਤੇ ਇਸ ਨੂੰ ਲਹੂ ਨਾਲ ਸਿੰਜਿਆ ਵੀ। ਜਦੋਂ ਇਸ ਨੂੰ ਫਲ ਲਗੇ ਤਾਂ ਇਹਨਾਂ ਦੀ ਹਾਲਤ ਉਸ ਮਾਲੀ ਵਰਗੀ ਹੀ ਹੈ ਜਿਸ ਬਾਰੇ ਕਿਹਾ ਗਿਆ ਹੈ :

ਬਰਦਾ ਸੈਆਂ ਦਰਖਤਾਂ ਦੀ ਕਰੇ ਰਾਖੀ
ਮੇਵਾ ਪੱਕੇ ਤਾਂ ਖਾਣ ਨਸੀਬ ਵਾਲੇ

ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ਼ਹੀਦੀ ਅਸਥਾਨਾਂ ਦੀ ਉਸਾਰੀ ਨਾਲ ਸ਼ਹੀਦਾਂ ਨੂੰ ਯਾਦ ਕਰਨ ਦਾ ਪ੍ਰਸ਼ੰਸਾਯੋਗ ਸਬੱਬ ਬਣਿਆ ਹੈ, ਪਰ ਨਾਮਧਾਰੀ ਸੂਰਮਿਆਂ ਦੀਆਂ ਸਰਗਰਮੀਆਂ ਦਾ ਪਾਸਾਰ ਤਾਂ ਬਹੁਤ ਵਿਸ਼ਾਲ ਹੈ। ਬਹੁਤੇ ਪਹਿਲੂਆਂ ਨੂੰ ਤਾਂ ਛੂਹਿਆ ਜਾਂ ਛੋਹਿਆਂ ਹੀ ਨਹੀਂ ਜਾ ਸਕਿਆ। ਧੰਨਵਾਦੀ ਹੋਣਾ ਚਾਹੀਦਾ ਹੈ ਆਲਮ, ਚੱਕਰਵਰਤੀ, ਨਾਹਰ ਸਿੰਘ, ਆਹਲੂਵਾਲੀਆ ਅਤੇ ਫੌਜਾ ਸਿੰਘ ਜੇਹਿਆਂ ਦਾ, ਜਿਨ੍ਹਾਂ ਨੇ ਨਾਮਧਾਰੀ ਇਤਿਹਾਸ ਦੇ ਪੱਤਰਿਆਂ ਨੂੰ ਲੋਕਾਂ ਤਕ ਲਿਆਂਦਾ। ਪ੍ਰਾਪਤ ਵਿਸ਼ਾਲ ਸਮੱਗਰੀ ਨੂੰ ਘਰ ਘਰ ਪਹੁੰਚਾਣ ਦਾ ਆਹਰ ਵਰਤਮਾਨ ਨੌਜਵਾਨ ਨਾਮਧਾਰੀ ਪੀੜ੍ਹੀ ਨੂੰ ਵਿਸ਼ੇਸ਼ ਫ਼ਰਜ਼ ਸਮਝਕੇ ਕਰਨਾ ਚਾਹੀਦਾ ਹੈ। ਬੇਪਨਾਹ ਸਮੱਗਰੀ ਛਪੀ ਅਣਛਪੀ ਉਪਲੱਬਧ ਹੋ ਰਹੀ ਹੈ। ਇਹਨੂੰ ਵੇਖ ਕੇ ਇਵੇਂ ਲਗਦਾ ਹੈ ਕਿ ਅਜੇ ਤਾਂ ਗੋਹੜੇ 'ਚੋਂ ਪੂਣੀ ਹੀ ਛੋਹੀ ਗਈ ਹੈ। ਇਕੱਲੇ ਇਕੱਲੇ ਸ਼ਹੀਦ ਦਾ, ਸੂਬਿਆਂ ਦਾ, ਦੇਸ-ਵਿਦੇਸ਼ ਦੀਆਂ ਜੇਲ੍ਹਾਂ ਵਿਚ ਜੀਵਨ ਗਾਲਣ ਵਾਲੇ ਕਥਨੀ-ਕਰਨੀ ਦੇ ਸੂਰੇ ਸਿੰਘਾਂ ਦਾ, ਜੀਵਨ ਸਾਹਮਣੇ ਆਉਣਾ ਚਾਹੀਦਾ ਹੈ। ਇਸ ਵਾਸਤੇ ਸਾਧਨ ਪੈਦਾ ਕੀਤੇ ਜਾਣੇ ਚਾਹੀਦੇ ਹਨ। ਇਹ ਹੋਰ ਕਿਸੇ ਨੇ ਨਹੀਂ ਕਰਨੇ, ਨਾਮਧਾਰੀ ਸਮਾਜ ਨੇ ਖੁਦ ਕਰਨੇ ਹਨ।

ਅੱਜ ਦੇਸ਼ ਦੇ ਨੌਜੁਆਨਾਂ ਨੂੰ ਪੁਰਾਣੇ ਬਹਾਦਰਾਂ ਦੇ ਕਾਰਨਾਮੇ ਦੱਸਣ ਦੀ ਲੋੜ ਹੈ। ਇਹ ਸਾਡਾ ਸ਼ਹੀਦਾਂ ਪ੍ਰਤਿ ਰਿਣ ਵੀ ਹੈ। ਇਸ ਮੰਤਵ ਵਾਸਤੇ ਭਾਵੇਂ ਕਿੰਨਾ ਵੀ ਨਿਮਾਣਾ ਜਤਨ ਹੋਵੇ ਵਰਿਆਮ ਦਾ ਹਥਲਾ ਅੰਕ ਹੈ। ਜਦੋਂ ਇਸ ਅੰਕ ਦੀ ਵਿਉਂਤਬੰਦੀ ਵਿਚ ਹੀ ਸਾਂ ਤਾਂ ਡਾ. ਅਮਰ ਭਾਰਤੀ ਨੇ ਅੱਜ ਤੋਂ ਤੀਹ ਸਾਲ ਤੋਂ ਵਧ ਪੁਰਾਣਾ "ਰੋਜ਼ਾਨਾ ਨਵਾਂ ਹਿੰਦੁਸਤਾਨ" ਦਾ ਇਕ ਵਿਸ਼ੇਸ਼ ਅੰਕ ਦਿਤਾ। ਡਾ. ਅਮਰ ਭਾਰਤੀ ਹੋਰਾਂ ਦੁਆਰਾ ਸੰਪਾਦਿਤ ਇਸ ਅੰਕ ਦੀ ਇਹ ਇਕੋ ਇਕ ਕਾਪੀ ਹੀ ਸੀ ਜੋ ਦਿਨੋ ਦਿਨ ਭੁਰਦੀ ਜਾ ਰਹੀ ਸੀ। ਇਸ ਵਿਚਲੇ ਕੁਝ ਇਤਿਹਾਸਕ ਮਹੱਤਤਾ ਵਾਲੇ ਲੇਖਾਂ ਨੂੰ ਮੁੜ ਛਾਪ ਕੇ ਸੁਰਖਿਅਤ ਕਰਨ ਅਤੇ ਨਵੀਂ ਪੀੜੀ ਅਗੇ ਪਰਸਤੁਤ ਕਰਨ ਦੀ ਸਾਡੀ ਸਾਂਝੀ ਰੀਝ ਨੇ ਬੇਨਤੀ ਅਤੇ ਪਰਵਾਨਗੀ ਦੀ ਵਿਥ ਮਿਟਾ ਦਿਤੀ। ਪਤਰਕਾਰੀ ਦੀ ਈਮਾਨਦਾਰੀ ਕਰਕੇ ਅਸੀਂ



Sri Satguru Jagjit Singh Ji eLibrary NamdhariElibrary@gmail.com

ਵਰਿਆਮ ਵਿਚ ਲੇਖ ਛਾਪਣ ਲਗਿਆਂ 'ਨਵਾਂ ਹਿੰਦੁਸਤਾਨ' ਵਾਲੇ ਸਿਰਲੇਖਾਂ ਨੂੰ ਅਤੇ ਸੰਪਾਦਕੀ ਨੋਟਾਂ ਨੂੰ ਬਦਲਿਆ ਨਹੀਂ । ਭਾਵੇਂ ਇਹ ਤੀਹ ਸਾਲ ਪਹਿਲਾਂ ਵਾਲੇ ਹਨ । ਕਾਕਾ ਕਾਲੇਲਕਰ ਦਾ ਲਿਖਿਆ "ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ" ਸ੍ਰੀ ਬਨਾਰਸੀ ਸਿੰਘ ਦਾ "ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਹਿਸਾ" ਮਾਸਟਰ ਨਿਹਾਲ ਸਿੰਘ ਜੀ ਦਾ "ਕਾਂਗਰਸ ਨੂੰ ਕੋਰਾ ਚੈਕ", ਸ੍ਰੀ ਪੀ. ਸੀ. ਰਾਏ ਦਾ "ਰੂਸ ਦਰਬਾਰ ਵਿਚ ਕੂਕਾ ਨੇਤਾ ਗੁਰਚਰਨ ਸਿੰਘ" ਅਤੇ ਸ. ਨਾਨਕ ਸਿੰਘ ਨਾਵਲਿਸਟ ਦੀ ਕਹਾਣੀ "ਚਲੋ ਸਈਓ ਰਲ ਵੇਖਣ ਚਲੀਏ ਆਸ਼ਕ ਸੂਲੀ ਚੜ੍ਹਦੇ, 'ਨਵਾਂ ਹਿੰਦੁਸਤਾਨ' ਚੋਂ ਭਾਰਤੀ ਜੀ ਦੇ ਧੰਨਵਾਦ ਨਾਲ ਅਸੀਂ ਇਸ ਅੰਕ ਵਿਚ ਸ਼ਾਮਲ ਕੀਤੇ ਹਨ । ਸੂਬਾ ਗੁਰਚਰਨ ਸਿੰਘ ਸਬੰਧੀ ਬੰਗਾਲੀ ਲੇਖਕ ਦਾ ਲਿਖਿਆ ਲਖ ਬੜੇ ਵਿਸ਼ਾਲ ਕੋਨ ਤੋਂ ਲਿਖਿਆ ਗਿਆ ਹੈ ਅਤੇ ਅਜ ਵੀ ਨਰੋਆ ਹੈ । ਇਸ ਲੇਖ ਦੀ ਅਹਿਮੀਅਤ ਇਹ ਹੈ ਕਿ ਐਮ. ਐਮ. ਆਹਲੂਵਾਲੀਆ ਦੀ ਪੁਸਤਕ 'ਦ ਕੂਕਾਜ' ਵਿਚ ਇਸਦਾ ਹਵਾਲਾ ਹੈ । ਇੰਡੀਅਨ ਰਿਕਾਰਡ ਕਮਿਸ਼ਨ ਪ੍ਰੋਸੀਡਿੰਗ ਜਿਲਦ XXXIV ਹਿੱਸਾ—2 ਟਰੀਵੇਂਡਰਮ ਦਸੰਬਰ ੧੯੫੮ ਵਿਚ ਸਾਂਭਿਆ ਪਿਆ ਹੈ । ਚਿੱਠੀਆਂ ਵੀ ਤੱਥਾਂ 'ਚ ਭਾਵੇਂ ਫਰਕ ਹੈ, ਪਰ ਰੂਸ ਨਾਲ ਕੂਕਿਆਂ ਦੇ ਸੰਬੰਧਾਂ ਦੀ ਅਹਿਮੀਅਤ ਨੂੰ ਨਹੀਂ ਘਟਾਉਂਦਾ । ਇਹ ਨਾਮਧਾਰੀ ਇਤਿਹਾਸ ਦੇ ਨਵੇਂ ਦਿਸਹੱਦੇ ਸਥਾਪਤ ਕਰਦਾ ਹੈ । ਸ. ਨਾਨਕ ਸਿੰਘ ਨਾਵਲਿਸਟ ਦੀ ਜਨਮ ਸ਼ਤਾਬਦੀ ਪ੍ਰਾਰੰਭ ਹੋ ਰਹੀ ਹੈ । ਸ਼ਾਇਦ ਬਹੁਤਿਆਂ ਨੂੰ ਇਹ ਪਤਾ ਹੀ ਨਾ ਹੋਵੇ ਕਿ ਉਹਨਾਂ ਦੀ ਲਿਖੀ ਇਹ ਕਹਾਣੀ ਅਗੇ ਛੱਪ ਚੁਕੀ ਹੈ । ਸੋ ਬਹੁਤੇ ਪਾਠਕਾਂ ਲਈ ਇਹ ਨਵੀਂ ਸਾਮਗਰੀ ਹੀ ਹੈ । ਸ. ਨਾਹਰ ਸਿੰਘ ਹੋਰਾਂ ਦੀ ਇਤਿਹਾਸ ਲਿਖਣ ਵਿਚ ਅਹਿਮ ਭੂਮਿਕਾ ਹੈ । ਨਾਮਧਾਰੀ ਅਤੇ ਹੋਰ ਆਜ਼ਾਦੀ ਲਹਿਰਾਂ ਤੇ ਉਹਨਾਂ ਦਾ ਕੰਮ ਬਹੁ ਮੁਲਾ ਹੈ । ਨਾਮਧਾਰੀਆਂ ਦੇ ਕਸ਼ਮੀਰ ਅਤੇ ਨੈਪਾਲ ਨਾਲ ਸੰਪਰਕ ਲੇਖ ਉਹਨਾਂ ਦੀ ਪੁਸਤਕ ਚੋਂ ਲਿਆ ਹੈ । ਸ. ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਨ ਸਿੰਘ ਭਕਨਾ ਸਾਡੇ ਆਜ਼ਾਦੀ ਸੰਗਰਾਮ ਦੇ ਹੀਰੋ ਹਨ । ਸ਼ਹੀਦ ਸਰਾਭਾ ਤਾਂ ਸ਼ਹੀਦ ਭਗਤ ਸਿੰਘ ਹੋਰਾਂ ਦਾ ਵੀ ਪ੍ਰੇਰਣਾ ਸ੍ਰੋਤ ਸੀ । ਜੁਆਨੀ ਵਿਚ ਆਪਣੀ ਕੀਮਤੀ ਜਾਨ ਦੇਸ਼ ਦੇ ਲੇਖੇ ਲਾਉਣ ਵਾਲੇ ਸੰਬੰਧੀ ਲੇਖ, ਆਪਣੀ ਸਾਰੀ ਉਮਰ ਸੰਘਰਸ਼ ਲੇਖੇ ਲਾਉਣ ਵਾਲੇ ਬਾਬਾ ਭਕਨਾ ਦੀ ਕਲਮ ਤੋਂ ਨਿਕਲਣਾ ਭਾਰੀ ਦਿਲਚਸਪੀ ਵਾਲੀ ਗਲ ਹੈ । ਵਰਿਆਮ ਵਿਚ ਅਸੀਂ ਹਰ ਵਾਰ ਇਕ ਸਰੇਸ਼ਟ ਕਹਾਣੀ ਦੇਣ ਦਾ ਜਤਨ ਕਰਦੇ ਹਾਂ । ਇਸ ਨੂੰ ਪਾਠਕਾਂ ਨੇ ਸਲਾਹਿਆ ਵੀ ਹੈ । ਕਮਲੇਸ਼ਵਰ ਦਾ ਨਾਮ ਹਿੰਦੀ ਸਾਹਿਤ ਵਿਚ ਬਹੁਤ ਉਚਾ ਹੈ । ਉਹਨਾਂ ਦੀ ਕਲਮ ਤੋਂ ਨਿਕਲੀ ਕਹਾਣੀ 'ਪੰਜਵੇਂ ਜਾਰਜ ਦਾ ਨੱਕ' ਪੰਜਾਬੀ ਦੇ ਪਰਸਿਧ ਕਹਾਣੀਕਾਰ ਸਵਰਗੀ ਰਘਬੀਰ ਢੰਡ ਨੇ ਉਲਥਾਈ ਹੈ । ਆਪਣਾ ਨੱਕ ਰਖਣ ਵਾਸਤੇ ਜਾਂ ਦੇਸ਼ ਦਾ ਨੱਕ ਰਖਣ ਵਾਸਤੇ ਕੀ ਕੁਝ ਨਹੀਂ ਕੀਤਾ ਜਾਂਦਾ । ਨੱਕ ਤਾਂ ਇਕ ਧਿਰ ਦਾ ਹੀ ਰਹਿਣਾ ਹੈ । ਜਿਸ ਕਲਾਮਈ ਛੋਹਾਂ ਨਾਲ ਕਮਲੇਸ਼ਵਰ ਕਹਾਣੀ ਸਿਰਜਦੇ ਹਨ ਇਹ ਉਹਨਾਂ ਦਾ ਹੀ ਖਾਸਾ ਹੈ । ਪ੍ਰੀਤਮ ਸਿੰਘ ਪੰਛੀ ਦਾ ਲੇਖ ਸਤਿਗੁਰੂ ਪ੍ਰਤਾਪ ਸਿੰਘ ਜਿਹੀ ਵਿਸ਼ਾਲ ਸ਼ਖਸੀਅਤ ਦੇ ਕੁਝ ਪਹਿਲੂਆਂ ਤੇ ਰੋਸ਼ਨੀ ਪਾਉਂਦਾ ਹੈ ।

ਇਸ ਅੰਕ ਦੇ ਕਵਰ ਦਾ ਡੀਜ਼ਾਈਨ ਪ੍ਰਸਿਧ ਆਰ-ਟਿਸਟ ਸੁਖਵੰਤ ਦਾ ਹੈ । ਉਪਰ ਰਾਮ ਮ੍ਰਿਗੇਸ਼, ਭਾਵ ਗੁਰੂ ਰਾਮ ਸਿੰਘ ਜੀ ਦਾ ਜਲਾਵਤਨੀ ਦਾ ਦ੍ਰਿਸ਼ ਹੈ, ਥਲੇ ਬਾਲਕ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਦੇ ਸਿੰਘ, ਥੱਲੇ ਬਾਲਕ ਸ਼ਹੀਦ ਬਿਸ਼ਨ ਸਿੰਘ ਵਲੋਂ ਸ਼ਹੀਦੀ ਤੋਂ ਪਹਿਲਾਂ ਡੀ. ਸੀ. ਕਾਵਨ ਦੀ ਦਾਹੜੀ ਪੁਟਣ ਦਾ ਦ੍ਰਿਸ਼ ਹੈ, ਨਾਲ ਹਜ਼ਾਰੀ ਬਾਗ ਜੇਲ੍ਹ ਵਿਚ ਸ਼ਹੀਦੀ ਹੋਣ ਵਾਲੇ ਸੂਬਾ ਸਾਂਹਬ ਸਿੰਘ ਅਤੇ ਰੂਸ ਦੇ ਚਕਰ ਕਟਣ ਵਾਲੇ ਸੂਬਾ ਗੁਰਚਰਨ ਸਿੰਘ ਦੇ ਕਲਮੀ ਚਿਤਰ ਹਨ, ਟਾਈਟਲ ਥਲੇ ਕਾਵ ਪੰਗਤੀਆਂ ਸ. ਨਰੰਜਣ ਸਿੰਘ ਮ੍ਰਿਗੇਸ਼ ਕਵੀ ਦੀਆਂ ਹਨ ।

ਹੋਰ ਬਹੁਤ ਕੁਛ ਅਜਿਹੇ ਅੰਕ ਵਾਸਤੇ ਲੋੜੀਂਦਾ ਸੀ ਖਾਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਦਾ ਸ਼ਾਨਦਾਰ ਇਤਿਹਾਸ ਜੋ ਅਗਲੇ ਕਿਸੇ ਅੰਕ ਦਾ ਸ਼ਿੰਗਾਰ ਬਣੇਗਾ ।

ਸਾਡਾ ਸਮਾਜ ਜੋ ਅੱਜ ਹੈ ਭਾਵੇਂ ਕਿੰਨੀ ਤਰੱਕੀ ਤੇ ਹੋਵੇ ਉਚਾਈ ਤੇ ਹੋਵੇ...ਪਰ ਇਹ ਸਾਰੀ ਘਾਲਣਾ ਉਨ੍ਹਾਂ ਸ਼ਹੀਦਾਂ ਦੀ ਹੈ, ਜਿਹੜੇ ਆਪਣੇ ਗੁਰੂ ਦੇ ਸਾਹਮਣੇ ਸੁਰਖ਼ਰੂ ਹੋ ਕੇ ਨਿਕਲੇ । ਸਾਡੇ ਦੋਸਤ ਸਵਰਗੀ ਮੁਰਸ਼ਦ ਬੁਟਰਵੀ ਦੇ ਸ਼ੇਅਰ ਯਾਦ ਆਉਂਦੇ ਹਨ—ਭਰਾ ਭੈਣ ਨੂੰ ਕਹਿੰਦਾ ਹੈ : "ਰਾਜੇ ਰਾਣੀਆਂ ਦੀ ਗੱਲ ਛੱਡ, ਆ ਉਨ੍ਹਾਂ ਸ਼ਹੀਦਾਂ ਦੀਆਂ ਬਾਤਾਂ ਪਾਈਏ ।" ਇਹਨਾਂ ਦੀਆਂ ਬਾਤਾਂ ਘਰ ਘਰ ਪੈਣੀਆਂ ਚਾਹੀਦੀਆਂ ਹਨ । ਜੇ ਦੇਸ਼ ਅਤੇ ਕੌਮ ਦਾ ਕੁਝ ਸੰਵਾਰਨਾ ਹੈ ਤਾਂ ਇਹਨਾਂ ਸ਼ਹੀਦਾਂ ਦੀਆਂ ਬਾਤਾਂ ਨੇ ਸੰਵਾਰਨਾ ਹੈ ।



Sri Satguru Jagjit Singh Ji eLibrary NamdhariElibrary@gmail.com

# ਅਟਲਾਂਟਾ ਓਲੰਪਿਕਸ

ਪਿਛੇ ਜਿਹੇ ਅਮਰੀਕਾ ਦੇ ਸ਼ਹਿਰੀ ਅਟਲਾਂਟਾ ਵਿਚ ਸ਼ਤਾਬਦੀ ਉਲੰਪਿਕ ਦੀਆਂ ਖੇਡਾਂ ਹੋਈਆਂ ਹਨ। ਚਾਰ ਸਾਲ ਪਹਿਲਾਂ ਜਦੋਂ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚੋਂ ਭਾਰਤ ਬਗੈਰ ਕਿਸੇ ਮੈਡਲ ਦੇ ਪਰਤਿਆ ਸੀ ਤਾਂ ਅਸਾਂ ਲਿਖਿਆ ਸੀ "ਖਿਡਾਰੀਆਂ ਨੂੰ ਕਿਉਂ ਕੋਸਦੇ ਹੋ" ਕਹਿਣ ਨੂੰ ਤਾਂ ਕਹਿ ਦਿੰਦੇ ਹਾਂ ਕਿ ਨੱਬੇ ਕਰੋੜ ਦੀ ਜਨਸੰਖਿਆ ਵਾਲੇ ਦੇਸ਼ ਨੂੰ ਇਕ ਵੀ ਮੈਡਲ ਨਹੀਂ ਮਿਲਿਆ ਜਿਵੇਂ ਇਹ ਸਾਰੇ ਦੇ ਸਾਰੇ ਲੋਕ ਖੇਡਾਂ ਵਿਚ ਹਿਸਾ ਲੈ ਰਹੇ ਹੋਣ। ਦੂਰ ਦਰਸ਼ਨ ਤੋਂ ਵਿਖਾਏ ਜਾਣ ਦੇ ਬਾਵਜੂਦ ਇਹ ਖੇਡਾਂ ਤਾਂ ਦੁਸਹਿਰੇ ਦੇ ਮੇਲੇ ਜਿੰਨ੍ਹਾ ਵੀ ਉਤਸ਼ਾਹ ਨਹੀਂ ਪੈਦਾ ਕਰ ਸਕੀਆਂ। ਉਲੰਪਿਕ ਤੋਂ ਵਿਖਾਈਆਂ ਗਈਆਂ ਜਮਨਾਸਟਾਂ ਦੀਆਂ ਕਲਾਬਾਜ਼ੀਆਂ, ਤੈਰਾਕਾਂ ਦੀਆਂ ਲੰਮੀਆਂ ਤਾਰੀਆਂ ਅਤੇ ਸ਼ੂਟ ਵਟਵੀਆਂ ਦੌੜਾਂ ਲੋਕਾਂ ਖਾਸ ਕਰਕੇ ਬੱਚਿਆਂ ਦੇ ਦਿਲਾਂ ਵਿਚ ਕਿੰਨੀ ਕੁ ਧੜਕਣ ਪੈਦਾ ਕਰ ਸਕੀਆਂ ਹਨ। ਲੈ ਦੇ ਕੇ ਹਾਕੀ ਵਿਚ ਹੀ ਕੁਝ ਦਿਲਚਸਪੀ ਲੋਕਾਂ ਵਿਖਾਈ ਤੇ ਸੈਮੀਫਾਈਨਲ 'ਚੋਂ ਬਾਹਰ ਹੋਣ ਨਾਲ ਸਾਰੇ ਬੁੜਬੁੜ ਕਰਦੇ ਸੌਂ ਗਏ। ਜਦੋਂ ਤੱਕ ਬੱਚਿਆਂ ਵਿਚ ਦਿਲਚਸਪੀ ਨਹੀਂ ਜਗਾਈ ਜਾਵੇਗੀ ਇਹ ਮੁਲਕ ਭਾਵੇਂ ਨੱਬੇ ਕਰੋੜੀ ਹੋਵੇ ਭਾਵੇਂ ਸੌ ਕਰੋੜੀ ਇਹ ਬੁੜਬੁੜ ਹੀ ਕਰਦਾ ਰਹੇਗਾ। ਬਹੁਤ ਛੋਟੇ-ਛੋਟੇ ਮੁਲਕਾਂ ਨੇ ਮੈਡਲਾਂ ਦੀਆਂ ਝੜੀਆਂ ਲਾ ਦਿਤੀਆਂ ਹਨ। ਰੂਸ ਬਾਰੇ ਇਹ ਪ੍ਰਚਾਰ ਰਿਹਾ ਹੈ ਕਿ ਉਥੇ ਡਬਲ ਰੋਟੀ ਨਹੀਂ ਮਿਲਦੀ ਅਮਰੀਕਾ ਵਿਚ ਜਾ ਕੇ ਤਾਂ ਉਹ ਸੋਨੇ ਦੇ ਤਮਗੇ ਜਿੱਤਦੇ ਰਹੇ। ਚੀਨ ਦੀਆਂ ਮੱਲਾਂ ਹੀ ਮਾਣ ਨਹੀਂ ਗਰੀਬ ਅਫ਼ਰੀਕੀ ਦੇਸ਼ਾਂ ਨੇ ਮੈਡਲ ਜਿੱਤੇ ਹਨ। ਭਾਰਤ ਦੇ ਲੀਐਂਡਰ ਪਾਇਸ ਨੇ ਟੈਨਿਸ ਵਿਚ ਕਾਂਸੀ ਦਾ ਤਮਗਾ ਜਿੱਤ ਕੇ ਮੈਡਲ ਪਿਆਸੇ ਭਾਰਤ ਦੇ ਮੂੰਹ ਵਿਚ ਇਕ ਬੂੰਦ ਪਾਈ ਹੈ। ਨਾਲ ਹੀ ਇਸ ਜਿੱਤ ਨੇ ਸਾਬਤ ਕਰ ਦਿਤਾ ਹੈ ਕਿ ਤਮਗੇ ਜਿੱਤੇ ਜਾ ਸਕਦੇ ਹਨ। ਇਹਦੇ ਵਾਸਤੇ ਸੋਚ ਬਹੁਤ ਦੂਰ ਦੀ ਰਖਣੀ ਪਵੇਗੀ। ਖੇਡਾਂ ਵਿਚ ਦਿਲਚਸਪੀ ਪੈਦਾ ਕਰਨੀ ਹੋਵੇਗੀ। ਤੇ ਦਿਲਚਸਪੀ ਉਦੋਂ ਤਕ ਨਹੀਂ ਹੋਵੇਗੀ ਜਿੰਨਾ ਚਿਰ ਇਹਦੇ ਵਿਚੋਂ ਕੁਝ ਮਿਲਦਾ ਨਹੀਂ। ਕ੍ਰਿਕਿਟ ਦੀ ਖੇਡ ਦੀ ਮਿਸਾਲ ਹੈ। ਇਸ ਵਿਚੋਂ ਕੁਝ ਲਭਦਾ ਵੀ ਹੈ ਤੇ ਪ੍ਰਾਪਤੀਆਂ ਵੀ ਹਨ ਪਰਚਾਰ ਵੀ ਹੈ। ਪਰ ਬਾਕੀ ਖੇਡਾਂ ਦਾ ਕੀ ਹਾਲ ਹੈ?

—ਜਗਦੀਸ਼ ਸਿੰਘ

ਸ਼ਰਧਾਂਜਲੀ

# ਕਿੱਸਾ 'ਆਜ਼ਾਦੀ ਦੀ ਰਾਣੀ' ਦਾ

—ਮਨੋਰਮਾ ਦੀਵਾਨ

ਕੁਝ ਸਮਾਂ ਪਹਿਲਾਂ ਮੈਂ ਮਸ਼ਹੂਰ ਫਿਲਮ ਨਿਰਦੇਸ਼ਕ ਅਤੇ ਅਦਾਕਾਰ ਸ਼ੇਖਰ ਕਪੂਰ ਨੂੰ ਇਕ ਖਤ ਲਿਖਿਆ ਸੀ। ਇਸ ਖਤ ਵਿਚ ਮੈਂ ਉਨ੍ਹਾਂ ਨੂੰ ਇਹ ਸ਼ਕਾਇਤ ਕੀਤੀ ਸੀ ਕਿ ਉਹਨਾਂ ਨੂੰ 'ਡਾਕੂ ਰਾਣੀ' (ਬੈਂਡਿਟ ਕੁਈਨ) ਫਿਲਮ ਬਣਾਉਣ ਦਾ ਤਾਂ ਖਿਆਲ ਆਇਆ ਪਰ 'ਆਜ਼ਾਦੀ ਦੀ ਰਾਣੀ' ਬਣਾਉਣ ਦਾ ਖਿਆਲ ਕਿਉਂ ਨਹੀਂ ਆਇਆ? ਮੈਂ ਉਨ੍ਹਾਂ ਤੋਂ ਪੁਛਿਆ ਸੀ ਕਿ ਕੀ ਉਨ੍ਹਾਂ ਨੂੰ ਡਾਕੂ ਫੂਲਨ ਦੇਵੀ ਦਾ ਚਰਿੱਤਰ ਆਜ਼ਾਦੀ ਸੰਗਰਾਮ ਦੀ ਨੇਤਾ ਅਰੁਣਾ ਆਸਿਫ ਅਲੀ ਤੋਂ ਜ਼ਿਆਦਾ ਮਹੱਤਵਪੂਰਨ ਅਤੇ ਵਲਵਲੇ ਭਰਪੂਰ ਲਗਦਾ ਹੈ? ਜਦੋਂ ਮੈਂ ਇਹ ਖਤ ਲਿਖਿਆ ਸੀ ਓਦੋਂ ਅਰੁਣਾ ਜੀ ਜ਼ਿੰਦਾ ਸਨ। ਸ਼ੇਖਰ ਕਪੂਰ ਨੇ ਮੇਰੇ ਇਸ ਖਤ ਦਾ ਜੁਆਬ ਨਹੀਂ ਸੀ ਦਿਤਾ। ਮੈਂ ਆਪਣੇ ਇਸ ਸੁਆਲ ਨੂੰ ਅਜ ਅਰੁਣਾ ਆਸਿਫ ਅਲੀ ਦੇ ਦਹਾਂਤ ਬਾਅਦ ਫਿਰ ਤੋਂ ਦੁਹਰਾਉਂਦੀ ਹਾਂ।

ਜਿਸ ਤਰ੍ਹਾਂ ਉਨੀ ਸਾਲਾਂ ਦੀ ਉਮਰ ਵਿਚ ਅਰੁਣਾ ਜੀ ਅਜ਼ਾਦੀ ਸੰਗਰਾਮ ਵਿਚ ਸਰਗਰਮ ਹੋ ਗਈ ਅਤੇ ਜਿਸ ਤਰ੍ਹਾਂ ਉਨ੍ਹਾਂ ਨੇ ਭੂਮੀਗਤ ਹੋ ਕੇ ਬਦੇਸ਼ੀ ਬ੍ਰਿਟਿਸ਼ ਸ਼ਾਸਕਾਂ ਦੀਆਂ ਰਾਤਾਂ ਦੀ ਨੀਂਦ ਹਰਾਮ ਕਰ ਦਿਤੀ,ਜਿਸ ਤਰ੍ਹਾਂ ਅਰੁਣਾ ਆਸਿਫ ਅਲੀ, ੯ ਅਗਸਤ ੧੯੪੨ ਨੂੰ 'ਅੰਗਰੇਜ਼ੋ ਭਾਰਤ ਛੋੜੋ' ਅੰਦੋਲਨ ਦੌਰਾਨ ਆਪਣੀ ਕਰਾਂਤੀਕਾਰੀ ਕਾਰਵਾਈ ਕੀਤੀ ਅਤੇ ਸਭ ਪਾਬੰਦੀਆਂ ਅਤੇ ਪੁਲਸ ਬੰਦੋਬਸਤ ਤੋਂ ਬਾਅਦ ਬੰਬਈ ਦੇ ਵਿਸ਼ਾਲ ਮੈਦਾਨ ਵਿਚ ਤਿਰੰਗਾ ਲਹਿਰਾਇਆ, ਉਹ ਕੋਈ ਸਧਾਰਨ ਘਟਨਾ ਨਹੀਂ ਸੀ। ਜੇਕਰ ਅਰੁਣਾ ਆਸਿਫ ਅਲੀ ਦੇ ਜੀਵਨ ਦੀ ਕਹਾਣੀ ਨੇ ਭਾਰਤੀ ਫਿਲਮ ਨਿਰਮਾਤਾਵਾਂ ਨੂੰ ਪ੍ਰੇਰਿਤ ਨਹੀਂ ਕੀਤਾ ਕਿ ਉਹ ਉਨ੍ਹਾਂ ਨੂੰ ਮੁਖ ਚਰਿੱਤਰ ਬਣਾ ਕੇ ਦੇਸ ਦੇ ਅਜ਼ਾਦੀ ਅੰਦੋਲਨ ਉੱਤੇ ਇਕ ਵੱਡੇ ਪੈਮਾਨੇ ਦੀ ਫਿਲਮ ਬਣਾਉਣ ਤਾਂ ਮੈਂ ਇਸ ਸੰਬੰਧ ਵਿਚ ਇਹੋ ਕਹਾਂਗੀ ਕਿ ਸਾਡੇ ਫਿਲਮ ਨਿਰਮਾਤਾ ਅਤੇ ਡਾਇਰੈਕਟਰ ਏਨੇ ਪ੍ਰਤਿਭਾਸ਼ਾਲੀ, ਯੋਗ ਅਤੇ ਦੇਸ਼ਭਗਤ ਨਹੀਂ ਹਨ ਜਿੰਨੇ ਦੀ ਕਿ ਅਸੀਂ ਭਾਰਤ ਵਾਸੀ ਉਨ੍ਹਾਂ ਤੋਂ ਉਮੀਦ ਕਰਦੇ ਹਾਂ।

ਜੇਕਰ ਉਹ ਮਹਾਤਮਾ ਗਾਂਧੀ ਦੇ ਜੀਵਨ ਉਤੇ ਫਿਲਮ



Sri Satguru Jagjit Singh Ji eLibrary NamdhariElibrary@gmail.com

ਨਹੀਂ ਬਣਾ ਸਕੇ ਅਤੇ ਇਹ ਫਿਲਮ 'ਗਾਂਧੀ' ਵੀ ਅੰਗਰੇਜ਼ੀ ਅਤੇ ਹਿੰਦੀ ਵਿਚ ਇਕ ਅੰਗਰੇਜ਼ ਫਿਲਮ ਨਿਰਮਾਤਾ ਰਿਚਰਡ ਏਟਨਬਰਗ ਨੇ ਬਣਾਈ, ਉਸ ਵਿਚ ਭਾਰਤੀ ਆਜ਼ਾਦੀ ਅੰਦੋਲਨ ਦੇ ਨੇਤਾਵਾਂ ਦੇ ਚਰਿੱਤਰ ਨੂੰ ਬ੍ਰਿਟਿਸ਼ ਪਾਲਸੀ ਦੀਆਂ ਜ਼ਰੂਰਤਾਂ ਮੁਤਾਬਕ ਤੋੜਿਆ ਮਰੋੜਿਆ ਤਾਂ, ਅਸੀਂ ਉਨ੍ਹਾਂ ਤੇ ਇਹ ਗਿਲਾ ਕਿਉਂ ਕਰੀਏ ਕਿ ਉਨ੍ਹਾਂ ਨੇ ਮਹਾਨ ਅਜ਼ਾਦੀ ਘੁਲਾਟਣ ਅਰੁਣਾ ਆਸਿਫ਼ ਅਲੀ ਨੂੰ ਨਜ਼ਰ-ਅੰਦਾਜ਼ ਕੀਤਾ ?

ਇਹ ਅਜ਼ਾਦ ਭਾਰਤ ਦੀ ਬਦ-ਕਿਸਮਤੀ ਹੈ ਕਿ ਅਰੁਣਾ ਆਸਿਫ਼ ਅਲੀ ਦੇ ਦੇਹਾਂਤ ਦੀ ਖਬਰ ਸੁਣ ਕੇ ਅਨੇਕਾਂ ਬਾਲਾਂ ਅਤੇ ਨੌਜੁਆਨਾਂ ਨੇ ਆਪਣੇ ਮਾਤਾ-ਪਿਤਾ ਨੂੰ ਇਹ ਸੁਆਲ ਪੁਛਿਆ ਕਿ "ਅਰੁਣਾ ਆਸਫ ਅਲੀ ਕੌਣ ਸੀ ?" ਅਰੁਣਾ ਜੀ ਨੂੰ ਵੀ ਅਜ਼ਾਦ ਭਾਰਤ ਨੇ ਪਿਛਲੇ ਪੰਜਾਹ ਵਰ੍ਹਿਆਂ ਵਿਚ ਇਹ ਸਨਮਾਨ ਨਹੀਂ ਦਿਤਾ ਜਿਸ ਦੀ ਉਹ ਪੂਰੀ ਤਰ੍ਹਾਂ ਹੱਕਦਾਰ ਸੀ।

## ਦੇਸ਼-ਭਗਤ ਅਰੁਣਾ—ਸਾਦਗੀ ਦਾ ਪ੍ਰਤੀਕ

ਮੈਨੂੰ ਯਾਦ ਹੈ ਕਿ ਜਦੋਂ ਲਾਰਡ ਮਾਊਂਟਬੈਟਨ ਦੀ ਮੌਤ ਹੋਈ ਤਾਂ ਭਾਰਤ ਨੇ ਸੱਤ ਦਿਨਾ ਸ਼ੋਕ ਦਾ ਐਲਾਨ ਕੀਤਾ। ਮੈਂ ਇਸ ਵਿਰੁਧ ਆਵਾਜ਼ ਉਠਾਉਂਦੇ ਹੋਏ ਇਕ ਲੇਖ ਲਿਖਿਆ ਕਿ "ਲਾਰਡ ਮਾਊਂਟਬੈਟਨ ਕੌਣ ਸੀ ?" ਅਤੇ ਉਸਨੂੰ ਅੰਗਰੇਜ਼ੀ ਦੈਨਿਕ 'ਪੈਟਰੀਆਟ' ਵਿਚ ਪ੍ਰਕਾਸ਼ਤ ਕਰਵਾਉਣ ਲਈ ਭਿਜਵਾਇਆ। ਇਹ ਲੇਖ ਅਖਬਾਰ ਦੇ ਸੰਪਾਦਕ ਨੇ ਮੈਨੂੰ ਵਾਪਸ ਕਰ ਦਿਤਾ, ਇਸ ਦੁੱਖ ਨਾਲ ਕਿ 'ਪੈਟਰੀਆਟ' ਉਸਨੂੰ ਪ੍ਰਕਾਸ਼ਤ ਨਹੀਂ ਕਰ ਸਕਦਾ। ਕਿਉਂਕਿ ਅਰੁਣਾ ਜੀ ਰੋਜ਼ਾਨਾ 'ਪੈਟਰੀਆਟ' ਅਤੇ ਸਪਤਾਹਿਕ 'ਲਿੰਕ' ਚਲਾਉਣ ਵਾਲੇ ਟਰੱਸਟ ਦੀ ਚੇਅਰਮੈਨ ਸੀ, ਇਸ ਲਈ ਮੈਂ ਉਹ ਲੇਖ ਲੈ ਕੇ ਉਨ੍ਹਾਂ ਕੋਲ ਗਈ। ਅਰੁਣਾ ਜੀ ਨੇ ਲੇਖ ਪੜ੍ਹਿਆ। ਉਨ੍ਹਾਂ ਨੂੰ ਇਸ ਉਤੇ ਬਹੁਤ ਗੁੱਸਾ ਆਇਆ ਕਿ—ਇਹ ਲੇਖ 'ਪੈਟਰੀਆਟ' ਵਿਚ ਪ੍ਰਕਾਸ਼ਤ ਨਹੀਂ ਹੋਇਆ। ਉਨ੍ਹਾਂ ਨੇ ਮੈਨੂੰ ਆਪਣੇ ਨਾਲ ਲਿਆ ਅਤੇ ਅਸੀਂ ਅਖਬਾਰ ਦੇ ਦਫਤਰ ਵਿਚ ਆਏ। ਅਰੁਣਾ ਜੀ ਨੇ ਸੰਪਾਦਕ ਨੂੰ ਕਿਹਾ ਕਿ—ਜੇਕਰ ਰੋਜ਼ਾਨਾ 'ਪੈਟਰੀਆਟ' ਇਹ ਲੇਖ ਨਹੀਂ ਛਾਪ ਸਕਦਾ ਤਾਂ ਉਸ ਦੇ ਪ੍ਰਕਾਸ਼ਨ ਦਾ ਕੋਈ ਉਦੇਸ਼ ਹੀ ਨਹੀਂ ਰਹਿ ਜਾਂਦਾ। ਮੈਂ ਆਪਣੇ ਲੇਖ ਵਿਚ ਲਿਖਿਆ ਸੀ ਕਿ—"ਇਹ ਭਾਰਤ ਦੀ ਬਦਕਿਸਮਤੀ, ਅੰਗਰੇਜ਼ਾਂ ਅਤੇ ਅੰਗਰੇਜ਼ੀਅਤ ਦੇ ਪ੍ਰਤੀ ਉਸ ਦੀ ਦਾਸਤਾ ਦੀ ਭਾਵਨਾ ਦੀ ਨਿਸ਼ਾਨੀ ਹੈ ਕਿ ਉਸ ਨੇ ਲਾਰਡ ਮਾਊਂਟਬੈਟਨ ਵਰਗੇ 'ਭਾਰਤ-ਵਿਰੋਧੀ' ਦੇ ਸਨਮਾਨ ਵਿਚ ਸੱਤ ਦਿਨਾਂ ਦਾ ਕੌਮੀ ਸ਼ੋਕ ਮਨਾਇਆ ਅਤੇ ਆਪਣਾ ਝੰਡਾ ਝੁਕਾਇਆ।" ਉਸ ਲੇਖ ਦੇ ਸੰਬੰਧ ਵਿਚ ਵਧੇਰੇ ਜਾਣਕਾਰੀ ਇਸ ਕਾਲਮ ਵਿਚ ਦੇਣਾ ਉਚਿਤ ਨਹੀਂ। ਮੈਂ ਆਪਣੇ ਉਸ ਲੇਖ ਨੂੰ ਫਿਰ ਕਦੇ ਆਪਣੇ ਪਾਠਕਾਂ ਸਾਹਮਣੇ ਰੱਖਾਂਗੀ।

੧੯੫੮ ਵਿਚ ਅਰੁਣਾ ਜੀ ਨੂੰ ਦਿੱਲੀ ਦੀ ਮੇਅਰ ਬਣਾਇਆ ਗਿਆ। ਉਸ ਸਮੇਂ ਮੈਨੂੰ ਉਨ੍ਹਾਂ ਨਾਲ ਕਈ ਵਾਰ ਮਿਲਣ ਦਾ ਮੌਕਾ ਮਿਲਿਆ। ਉਨ੍ਹੀਂ ਦਿਨੀਂ ਮੈਂ ਨਿਜ਼ਾਮੁਦੀਨ ਖੇਤਰ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦੀ ਸਾਂ। ਮੇਰੇ ਮਕਾਨ ਮਾਲਕ ਨੂੰ ਇਸ ਗੱਲ ਉਤੇ ਇਤਰਾਜ਼ ਸੀ ਕਿ ਮੇਰਾ ਘਰੇਲੂ ਕੰਮ ਕਰਨ ਵਾਲਾ ਸਹਾਇਕ ਇਕ ਮੁਸਲਮਾਨ ਹੈ। ਮੈਂ ਜਦੋਂ ਇਸ ਸਮਸਿਆ ਨੂੰ ਲੈ ਕੇ ਅਰੁਣਾ ਜੀ ਕੋਲ ਗਈ ਤਾਂ ਉਨ੍ਹਾਂ ਨੇ ਮੈਨੂੰ ਇਹੋ ਸਲਾਹ ਦਿਤੀ ਕਿ ਮੈਂ "ਸਿਧਾਂਤਾਂ ਲਈ ਸੰਘਰਸ਼" ਕਰਾਂ। ਅਤੇ ਮੈਂ ਅਜਿਹਾ ਹੀ ਕੀਤਾ। ਮੈਂ ਸਵਰਗੀ ਅਰੁਣਾ ਆਸਿਫ਼ ਅਲੀ ਜੀ ਦੀ ਹਮੇਸ਼ਾ ਅਹਿਸਾਨਮੰਦ ਰਹਾਂਗੀ ਕਿ ਉਨ੍ਹਾਂ ਨੇ ਮੈਨੂੰ ਪ੍ਰੇਰਣਾ ਦਿਤੀ ਕਿ ਮੈਂ ਉਨ੍ਹਾਂ ਆਦਰਸ਼ਾਂ ਅਤੇ ਸਿਧਾਂਤਾਂ ਉਤੇ ਅਮਲ ਕਰ ਸਕਾਂ ਜਿਨ੍ਹਾਂ ਲਈ ਲੱਖਾਂ ਹਿੰਦੋਸਤਾਨੀਆਂ ਨੇ, ਜਿਨ੍ਹਾਂ ਵਿਚ ਮੇਰਾ ਪਰਿਵਾਰ ਵੀ ਸ਼ਾਮਲ ਸੀ, ਮਿਲ ਕੇ ਸੰਘਰਸ਼ ਕੀਤਾ ਸੀ। ਇਹੋ ਸੰਘਰਸ਼ ਕਰਦੇ ਰਹਿਣ ਦੀ ਪ੍ਰਤਿਗਿਆ ਅਰੁਣਾ ਆਸਿਫ਼ ਅਲੀ ਜੀ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇਗੀ।

---

## ਕੌਮੀ ਅਣਖ਼

—ਬਾਬੂ ਫ਼ਿਰੋਜ਼ਦੀਨ 'ਸ਼ਰਫ਼'

ਦਮ ਦਿੱਤਿਆਂ ਬਾਝ ਨਹੀਂ ਦਮ ਮਿਲਦਾ
ਬਿਨਾਂ ਦਮ ਦੇ ਢੋਏ ਨਹੀਂ ਢੋਏ ਜਾਂਦੇ।
ਬਾਝ ਖ਼ੁਸ਼ੀ ਦੇ ਹੱਸਿਆ ਨਹੀਂ ਜਾਂਦਾ,
ਰੋਣੇ ਗ਼ਮਾਂ ਦੇ ਬਾਝ ਨਹੀਂ ਰੋਏ ਜਾਂਦੇ।
ਦਰਦ ਬਾਝ ਨਹੀਂ ਸੀਨੇ ਵਿਚ ਛੇਕ ਪੈਂਦਾ,
ਛੇਕ ਬਾਝ ਨਹੀਂ ਮੋਤੀ ਪਰੋਏ ਜਾਂਦੇ।
'ਸ਼ਰਫ਼' ਦਾਗ਼ ਗ਼ੁਲਾਮੀ ਦੇ ਦੇਸ਼ ਉਤੋਂ,
ਕੌਮੀ ਅਣਖ ਦੇ ਬਾਝ ਨਹੀਂ ਧੋਏ ਜਾਂਦੇ।



Sri Satguru Jagjit Singh Ji eLibrary NamdhariElibrary@gmail.com

# ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ

—ਕਾਕਾ ਕਾਲੇਲਕਰ

ਮੇਰਾ ਧਾਰਮਕ ਅਤੇ ਰਾਜਨੀਤਕ ਵਿਚਾਰਾਂ ਦਾ ਜਿਸ ਤਰ੍ਹਾਂ ਨਾਲ ਵਿਕਾਸ ਹੋਇਆ ਹੈ ਉਸਨੂੰ ਸੋਚਦਿਆਂ ਨਾਮਧਾਰੀ ਸਿਖ ਸਮੁਦਾਏ ਵਲ ਮੇਰਾ ਖਿਚਿਆ ਜਾਣਾ ਬਿਲਕੁਲ ਸੁਭਾਵਕ ਜਿਹਾ ਲਗਦਾ ਹੈ। ਸਿਖ ਸੰਪਰਦਾਏ ਵਿਚ 'ਗੁਰੂਆਂ ਰਾਹੀਂ ਭਗਵਾਨ ਨੂੰ ਪਹਿਚਾਨਣ ਦੀ ਸਾਧਨਾ' ਪ੍ਰਮੁਖ ਹੈ, ਤਾਂ ਮੈਨੂੰ ਪਹਿਲਾਂ ਹੀ ਪਤਾ ਸੀ। ਹਿੰਦੂ ਧਰਮ ਵਿਚ ਵਰਣ ਵਿਵਸਥਾ ਦੇ ਕਾਰਨ ਅਤੇ ਬਹੁਤ ਸਾਰੀਆਂ ਜਾਤਾਂ ਦੇ ਕਾਰਨ ਜਿਹੜਾ ਉਚ-ਨੀਚ ਦਾ ਭਾਵ ਹੈ ਉਹ ਹਿੰਦੂ ਧਰਮ ਦੀ ਸਭ ਤੋਂ ਵਡੀ ਖਾਮੀ ਹੈ। ਵੇਦਾਂਤੀਆਂ ਨੂੰ ਇਹ ਗੱਲ ਚੁਭਣ ਲਗੀ ਪਰ ਉਨ੍ਹਾਂ ਨੇ ਉਸ ਨਾਲ ਕਿਸੇ ਤਰ੍ਹਾਂ ਸਮਝੌਤਾ ਕਰ ਲਿਆ। ਕੋਈ ਵੱਡਾ, ਕੋਈ ਛੋਟਾ ਅਜਿਹਾ ਸਮਾਜਕ ਭੇਦ ਭਾਵ ਅਧਾਰਮਕ ਹੈ। ਇਹ ਵੇਖ ਕੇ ਉਸ ਦੇ ਵਿਰੁਧ ਸਭ ਤੋਂ ਪਹਿਲਾਂ ਕਮਰ ਕੱਸੀ ਬੁਧ ਭਗਵਾਨ ਨੇ। ਮਹਾਂਵੀਰ ਸਵਾਮੀ ਨੇ ਵੀ ਸਭ ਵਰਣਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਅਪਣਾਇਆ।

ਮੈਂ ਮੰਨਦਾ ਹਾਂ ਕਿ ਵਰਣਾਂ ਅਤੇ ਜਾਤਾਂ ਵਿਚ ਜਿਹੜਾ ਉਚ-ਨੀਚ ਦਾ ਭਾਵ ਚਲਦਾ ਆਇਆ ਹੈ ਉਸ ਦੀ ਕਮਰ ਭਾਰਤੀ ਸੰਤਾਂ ਨੇ ਤੋੜੀ।

ਇਨ੍ਹਾਂ ਸੰਤਾਂ ਨੇ ਜਿਹੜਾ ਵੀ ਧਰਮ ਗਿਆਨ ਸੰਸਕ੍ਰਿਤ ਸਾਹਿਤ ਤੋਂ ਮਿਲਦਾ ਸੀ ਉਹ ਸਭ ਲੈ ਲਿਆ ਅਤੇ ਉਸੇ ਗਿਆਨ ਨੂੰ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨਾਲ ਸੰਜੀਵਨ ਕਰਕੇ ਉਹ ਗਿਆਨ ਰਾਸ਼ੀ ਅਤੇ ਧਰਮ ਭਾਵਨਾ ਭਗਤੀ ਨਾਲ ਸੁਗੰਧਤ ਕਰਕੇ ਸਾਰੀ ਜਨਤਾ ਤਕ ਪਹੁੰਚਾ ਦਿਤਾ—ਲੋਕ ਭਾਸ਼ਾ ਰਾਹੀਂ। ਭਾਰਤੀ ਸੰਸਕ੍ਰਿਤੀ ਜੇਕਰ ਜਨਤਾ ਦੀ ਰਗ ਰਗ ਵਿਚ ਪਹੁੰਚ ਗਈ ਤਾਂ ਉਹ ਸਾਰੀ ਕ੍ਰਿਪਾ ਭਾਰਤ ਦੇ ਸੰਤਾਂ ਦੀ ਹੈ। ਜਨਤਾ ਦੀ ਆਪਣੀ ਭਾਸ਼ਾ ਵਿਚ ਗਿਆਨ, ਭਗਤੀ ਅਤੇ ਸਦਾਚਾਰ ਦਾ ਵਾਧਾ ਜੋ ਹੋਇਆ ਹੈ ਉਹ ਸੰਤਾਂ ਦੀ ਕ੍ਰਿਪਾ ਨਾਲ ਹੀ ਹੈ।

ਉਨ੍ਹਾਂ ਭਾਰਤੀ ਸੰਤਾਂ ਦੇ ਕੰਮਾਂ ਨੂੰ ਸੰਗਠਿਤ ਕਰਕੇ ਸਮਾਜ ਦੀ ਨਵ ਰਚਨਾ ਅਗਰ ਕਿਸੇ ਨੇ ਜ਼ੋਰਾਂ ਨਾਲ ਕੀਤੀ ਹੈ ਤਾਂ ਗੁਰੂ ਨਾਨਕ ਦੇਵ ਜੀ ਨੇ ਅਤੇ ਉਨ੍ਹਾਂ ਦੀ ਸਿਖ ਪਰੰਪਰਾ ਨੇ।

ਉਸ ਸਿਖ ਪਰੰਪਰਾ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਜਾਣਦੇ ਹੀ ਹਨ। ਮਹਾਰਾਜਾ ਰਣਜੀਤ ਸਿੰਘ ਪਿਛੋਂ ਸਿੱਖ ਗੁਰੂਆਂ ਦੇ ਕੰਮਾਂ ਵਿਚ ਨਵੇਂ ਸਿਰੇ ਨਵਜੀਵਨ ਜਗਾਉਣ ਦਾ ਕੰਮ ਕੀਤਾ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀਆਂ ਨੇ।

ਗੁਰੂ ਹਰਗੋਬਿੰਦ ਅਤੇ ਸ਼ਿਵਾ ਜੀ ਦੇ ਸਮੇਂ ਤੋਂ ਸਿਖਾਂ ਨੂੰ ਇਸਲਾਮੀ ਰਾਜ ਸੱਤਾ ਦੇ ਸਾਹਮਣੇ ਲੜਨਾ ਪਿਆ ਹੈ। ਇਸਲਾਮ ਦੀ ਧਰਮ ਭਾਵਨਾ ਨਾਲ ਦੋਸਤੀ ਅਤੇ ਰਾਜ ਸੱਤਾ ਦਾ ਵਿਰੋਧ ਅਜਿਹਾ ਦੋਹਰਾ ਕੰਮ ਇਨ੍ਹਾਂ ਸਿਖ ਗੁਰੂਆਂ ਨੂੰ ਕਰਨਾ ਪਿਆ। ਇਸੇ ਲਈ ਧਰਮ ਨੂੰ ਮੰਨਣ ਵਾਲੇ ਸਿਖਾਂ ਨੂੰ ਰਾਜਨੀਤਕ ਸ਼ਕਤੀ ਵੀ ਸੰਗਠਿਤ ਕਰਨੀ ਪਈ।

ਜਦੋਂ ਗੁਰੂ ਰਾਮ ਸਿੰਘ ਜੀ ਦਾ ਜ਼ਮਾਨਾ ਆਇਆ ਤਾਂ ਸਿੱਖਾਂ ਦੀ ਮੁਠ ਭੇੜ ਅੰਗਰੇਜ਼ੀ ਰਾਜ ਨਾਲ ਹੋਈ। ਰਣਜੀਤ ਸਿੰਘ ਪਿਛੋਂ ਸਾਰੇ ਸਿੱਖ ਸਮਾਜ ਨੇ ਅੰਗਰੇਜ਼ੀ ਰਾਜ ਦਾ ਵਿਰੋਧ ਕਰਨਾ ਤਕਰੀਬਨ ਛਡ ਹੀ ਦਿਤਾ ਸੀ। ਅਜਿਹੇ ਸਮੇਂ ਤੇ ਧਾਰਮਕ ਅਤੇ ਰਾਜਨੀਤਕ ਸੁਤੰਤਰਤਾ ਦੀ ਉਪਾਸਨਾ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਨਾਮਧਾਰੀਆਂ ਨੇ ਆਪਣੀ ਪੂਰੀ ਸ਼ਕਤੀ ਲਾ ਕੇ ਕੀਤੀ। ਜ਼ਮਾਨਾ ਉਨ੍ਹਾਂ ਦੇ ਬਿਲਕੁਲ ਉਲਟ ਸੀ। ਸੰਨ ੧੮੫੭ ਦਾ ਹਿੰਦੂ-ਮੁਸਲਮਾਨਾਂ ਦਾ ਸਾਂਝਾ ਯਤਨ ਅਸਫਲ ਹੋ ਚੁਕਿਆ ਸੀ। ਲੋਕ ਆਤਮ-ਵਿਸ਼ਵਾਸ ਗਵਾ ਚੁਕੇ ਸਨ। ਸੰਨ ੧੮੫੭ ਦੀ ਹਿੰਦੂ ਮੁਸਲਮਾਨ ਏਕਤਾ ਕੱਚੀ ਸੀ ਤਾਂ ਵੀ ਉਹ ਅੰਗਰੇਜ਼ਾਂ ਨੂੰ ਰੜਕਣ ਲਗ ਪਈ ਸੀ। ਇਸ ਲਈ ਉਨ੍ਹਾਂ ਨੇ ਹਿੰਦੂ-ਮੁਸਲਮਾਨਾਂ ਵਿਚਕਾਰ ਜਿਹੜੇ ਮਤਭੇਦ ਸਨ ਉਨ੍ਹਾਂ ਨੂੰ ਆਪਣਾ ਪੂਰਾ ਜ਼ੋਰ ਲਾ ਕੇ ਵਧਾਇਆ। ਉਹ ਜ਼ਮਾਨਾ ਸੀ ਜਦੋਂ ਅੰਗਰੇਜ਼ ਆਪਣੀ ਹਕੂਮਤ ਦੇ ਜ਼ੋਰ ਤੇ ਭਾਰਤ ਦੇ ਹੁਨਰ-ਉਦਯੋਗ ਨੂੰ ਤੋੜਨਾ ਚਾਹੁੰਦੇ ਸਨ। ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਹਿੰਦੂਆਂ ਦਾ ਸਮਾਜਕ ਸੰਗਠਨ ਤੋੜਨ ਦੀ ਮੁਹਿੰਮ ਵੀ ਅੰਗਰੇਜ਼ ਨੇ ਪੂਰੇ ਜ਼ੋਰਾਂ ਨਾਲ ਚਲਾਈ ਸੀ। ਅੰਗਰੇਜ਼ ਸੌ ਡੇਢ ਸੌ ਸਾਲ ਇਸ ਦੇਸ਼ ਵਿਚ ਰਹਿ ਕੇ ਏਥੋਂ ਦੀ ਨਬਜ਼ ਪਹਿਚਾਣ ਗਏ ਸਨ।—ਗਊ-ਰਖਿਆ, ਗਊ-ਹੱਤਿਆ ਦੇ ਨਾਂ ਤੇ ਜਦੋਂ ਜੀ ਚਾਹੇ ਹਿੰਦੂ-ਮੁਸਲਮਾਨਾਂ ਨੂੰ ਲੜਾ ਸਕਦੇ ਸਨ। ਏਨਾ ਕੁਟਿਲ ਗਿਆਨ ਉਹਨਾਂ ਕੋਲ ਹੈ ਹੀ ਸੀ।



Sri Satguru Jagjit Singh Ji eLibrary NamdhariElibrary@gmail.com

ਅਜਿਹੇ ਵੇਲੇ ਪੰਜਾਬ ਦੀ ਆਮ ਜਨਤਾ ਵਿਚ ਸ਼ੁੱਧ ਧਾਰਮਕਤਾ ਅਤੇ ਸਦਾਚਾਰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਇਹਨਾਂ ਨਾਮਧਾਰੀਆਂ ਨੇ ਕੀਤੀ। ਅੰਗਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ। ਨੌਕਰੀ ਦੇ ਲਾਲਚ ਵਿਚ ਲੋਕ ਜਿਸ ਅੰਗਰੇਜ਼ੀ ਵਿਦਿਆ ਦੇ ਪਿਛੇ ਪਏ ਹੋਏ ਸਨ ਉਸ ਵਿਦਿਆ ਦਾ ਵੀ ਬਾਈਕਾਟ ਕਰਨਾ। ਅੰਗਰੇਜ਼ਾਂ ਵਲੋਂ ਦੇਸ਼ ਵਿਚ ਜਿਹੜੀਆਂ ਸਹੂਲਤਾਂ ਦਿਤੀਆਂ ਗਈਆਂ ਸਨ ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣ ਦਾ ਰਸਤਾ ਲਭਣਾ--ਇਹ ਸੀ ਗੁਰੂ ਰਾਮ ਸਿੰਘ ਜੀ ਦਾ ਸਮਾਜਕ, ਆਰਥਿਕ ਤੇ ਰਾਜਨੀਤਕ ਪ੍ਰਯੋਗ। ਗਿਰੇ ਹੋਏ ਜ਼ਮਾਨੇ ਵਿਚ ਦੋ ਚਾਰ ਲਖ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਮਾਮੂਲੀ ਜਿਹੀ ਪ੍ਰਾਪਤੀ ਨਹੀਂ ਸੀ।

ਜਦੋਂ ਮੈਂ ਸੁਣਿਆ ਕਿ ਇਹ ਨਾਮਧਾਰੀ ਸਿੱਖ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਦੇ, ਅੰਗਰੇਜ਼ ਵਿਦਿਆ ਨਹੀਂ ਪੜ੍ਹਦੇ, ਅੰਗਰੇਜ਼ੀ ਅਦਾਲਤਾਂ ਵਿਚ ਆਪਣੇ ਝਗੜੇ ਮੁਕਦਮੇ ਨਹੀਂ ਲੈ ਕੇ ਜਾਂਦੇ, ਓਦੋਂ ਗਾਂਧੀ ਜੀ ਦੀ ਸਵਰਾਜ ਸਾਧਨਾ ਨਾਲ ਉਸ ਦੀ ਸਮਾਨਤਾ ਵੇਖ ਕੇ ਮੇਰੇ ਮਨ ਵਿਚ ਅਪਨੱਤ ਜਾਗੀ। ਅੰਗਰੇਜ਼ਾਂ ਦੀ ਨੌਕਰੀ ਅਤੇ ਵਲਾਇਤੀ ਮਾਲ ਦੀ ਤਜਾਰਤ ਦਾ ਬਾਈਕਾਟ ਕਰਨ ਪਿਛੋਂ ਇਹ ਗੱਲ ਸੁਭਾਵਕ ਸੀ ਕਿ ਇਹ ਜਨਤਾ ਦੇ ਪ੍ਰਤੀਨਿਧ ਨਾਮਧਾਰੀ ਖੇਤੀ ਵਲ ਪੂਰਾ ਧਿਆਨ ਦੇਣਗੇ ਹੀ, ਗਊਆਂ ਤੇ ਬੈਲਦਾਂ ਦੀਆਂ ਨਸਲਾਂ ਸੁਧਾਰਨਗੇ ਚੰਗੇ ਘੋੜੇ ਰਖਣਗੇ ਅਤੇ ਪਿੰਡਾਂ ਦੇ ਹੁਨਰ ਉਦਯੋਗਾਂ ਨੂੰ ਉਤਸਾਹਿਤ ਕਰਨਗੇ। ਸਿਖ ਧਰਮ ਸਦਾਚਾਰ ਦਾ ਪ੍ਰਚਾਰ ਕਰਦਾ ਹੈ ਇਹ ਜਾਣ ਕੇ ਨਾਮਧਾਰੀਆਂ ਨੇ ਸ਼ਰਾਬ ਕਬਾਬ ਦਾ ਪਰਹੇਜ਼ ਰਖਿਆ। ਸਿਗਰਟ ਪੀਣ ਤੋਂ ਵੀ ਦੂਰ ਰਹੇ। ਗਾਂਧੀ ਜੀ ਵੀ ਕੌਮੀ ਸ਼ਕਤੀ ਵਧਾਉਣ ਲਈ ਰਚਨਾਤਮਕ ਪਰੋਗਰਾਮ ਅਤੇ ਆਤਮ ਸ਼ੁਧੀ ਦੀ ਪ੍ਰਵਿਰਤੀ ਚਲਾਉਂਦੇ ਸਨ।

ਨਾਮਧਾਰੀ ਸੰਪਰਦਾਇ ਵਲ ਮੇਰਾ ਧਿਆਨ ਵਧਦਾ ਚਲਾ ਗਿਆ। ਨਾਮਧਾਰੀ ਸੰਪਰਦਾਇ ਆਮ ਜਨਤਾ ਵਿਚ ਫੈਲਿਆ ਹੋਇਆ ਹੈ। ਇਹ ਵੀ ਮੇਰੇ ਲਈ ਇਕ ਵਿਸ਼ੇਸ਼ ਖਿੱਚ ਸੀ। ਮਨ ਵਿਚ ਬਾਰ ਬਾਰ ਆਉਂਦਾ ਕਿ ਨਾਮਧਾਰੀਆਂ ਦੀ ਗੱਦੀ ਜਿਥੇ ਹੈ ਉਸ ਭੈਣੀ ਸਾਹਿਬ ਦੀ ਇਕ ਵਾਰ ਯਾਤਰਾ ਕਰਾਂ। ਅਜਿਹਾ ਮੌਕਾ ਮੈਨੂੰ ਮਿਲਿਆ ਵੀ। ਜਦ ਮੈਂ ਭਾਰਤ ਸਰਕਾਰ ਵਲੋਂ ਨਿਯੁਕਤ ਪਛੜੀ ਹੋਈ ਜਾਤੀ ਕਮਿਸ਼ਨ ਦੇ ਪ੍ਰਧਾਨ ਦੀ ਹੈਸੀਅਤ ਵਿਚ ਭਾਰਤ ਭਰ ਦਾ ਦੌਰਾ ਕਰਨ ਲਈ ਤਿਆਰ ਹੋਇਆ। ਲੋਕ ਸਭਾ ਦੇ ਮੇਰੇ ਸਾਥੀ ਆਤਮਾ ਸਿੰਘ ਨਾਮਧਾਰੀ ਜੀ ਨੂੰ ਮੈਂ ਜਾਣਦਾ ਹੀ ਸਾਂ।

ਸਾਲ ੧੯੫੩-੫੪ ਦੇ ਦਿਨਾਂ ਵਿਚ ਮੈਂ ਸੁਤੰਤਰ ਭਾਰਤ ਦੇ ਪਛੜੇ ਹੋਏ ਹਿਸਿਆਂ ਦਾ ਦਰਸ਼ਨ ਕੀਤਾ। ਪੰਜ ਜੁਲਾਈ ੧੯੫੪ ਵਾਲੇ ਦਿਨ ਮੈਂ ਚੰਡੀਗੜ੍ਹ ਤੋਂ ਭੈਣੀ ਸਾਹਿਬ ਪੁਜਾ। ਭਾਰਤ ਦੇ ਅਨੇਕ ਪਵਿਤਰ ਅਸਥਾਨਾਂ ਦੀ ਯਾਤਰਾ ਮੈਂ ਕੀਤੀ ਹੈ... ਭਗਤੀ ਨਾਲ ਕੀਤੀ ਹੈ, ਪਰ ਹਰ ਥਾਂ ਤੇ ਭਗਵਾਨ ਦੀ ਥਾਂ ਪੰਡਤਾਂ ਅਤੇ ਪਰੋਹਿਤਾਂ ਦੇ ਹੀ ਦਰਸ਼ਨ ਹੁੰਦੇ ਸਨ। ਭੈਣੀ ਸਾਹਿਬ ਵਿਚ ਅਜਿਹੀ ਮਾਯੂਸੀ ਨਹੀਂ ਹੋਈ। ਉਥੇ ਤਾਂ ਭਗਤ ਕਿਸਾਨਾਂ ਦਾ ਹੀ ਵਾਯੂ-ਮੰਡਲ ਸੀ। ਅਸੀਂ ਘੁੰਮ ਕੇ ਸਾਰਾ ਪਿੰਡ ਵੇਖਿਆ। ਗੁਰੂ ਰਾਮ ਸਿੰਘ ਜੀ ਦਾ ਧਿਆਨ ਮੰਡਪ ਵੇਖਿਆ, ਰਹਿਣ ਦੀ ਥਾਂ ਵੇਖੀ ਅਤੇ ਉਸ ਥਾਂ ਦੇ ਲੰਗਰ ਦੀ ਤਾਂ ਕੋਈ ਤੁਲਨਾ ਹੀ ਨਹੀ, ਉਹ ਲੰਗਰ ਵੀ ਵੇਖਿਆ।

ਉਥੇ ਮੈਨੂੰ ਪਰਮ ਸੰਤੋਸ਼ ਉਦੋਂ ਹੋਇਆ ਜਦੋਂ ਮੈਂ ਉਤਮ ਸੰਗੀਤ ਦੇ ਨਾਲ ਗਾਏ ਹੋਏ ਸ਼ਬਦ ਸੁਣੇ। ਮੈਂ ਅਪਣੇ ਪਿਆਰੇ ਦੋ ਤਿੰਨ ਭਜਨ ਖਾਸ ਕਰਕੇ ਮੰਗ ਲਏ। ਇਕ ਸੀ 'ਗੁਰੂ ਬਿਨ ਕੌਨ ਬਤਾਏ ਬਾਟ' ਅਤੇ ਦੂਸਰਾ ਸੀ 'ਠਾਕੁਰ ਤੁਮ ਸਰਣਾਈ ਆਇਓ'।

ਹੁਣ ਤਾਂ ਮੇਰੀ ਉਮਰ ਅੱਸੀ ਤੋਂ ਵੀ ਵਧ ਹੋ ਗਈ ਹੈ। ਕੰਨਾਂ ਤੋਂ ਵੀ ਘਟ ਸੁਣਦਾ ਹੈ; ਇਸ ਲਈ ੫ ਜੁਲਾਈ ੧੯੫੪ ਵਿਚ ਭੈਣੀ ਸਾਹਿਬ ਦੇ ਪਵਿਤਰ ਸਥਾਨ ਤੇ ਕੰਨ ਵਿਚ ਭਰੇ ਹੋਏ ਭਜਨਾਂ ਦੇ ਸੁਰ ਯਾਦ ਕਰਕੇ ਹੀ ਸੰਤੋਸ਼ ਮੰਨਦਾ ਹਾਂ।

ਨਾਮਧਾਰੀ ਪੰਥ ਦੀਆਂ ਸਭਾਵਾਂ ਦਾ ਜਦੋਂ ਮੈਂ ਖਿਆਲ ਅਤੇ ਚਿੰਤਨ ਕਰਦਾ ਹਾਂ ਤਾਂ ਭਾਰਤ ਦੇ ਸਾਰੇ ਦੇ ਸਾਰੇ ਧਰਮ ਸੁਧਾਰਕਾਂ ਦੇ ਕੰਮਾਂ ਦਾ ਇਤਿਹਾਸ ਅੱਖਾਂ ਸਾਹਮਣੇ ਆ ਜਾਂਦਾ ਹੈ।

ਕੋਈ ਵੀ ਧਰਮ ਦਾ ਕੰਮ ਜਦੋਂ ਸਮਾਜ ਵਿਚ ਹਰਮਨ ਪਿਆਰਾ ਹੁੰਦਾ ਹੈ ਅਤੇ ਉਸਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ ਤਾਂ ਉਸ ਵਿਚ ਪਿਛਾਂਹ-ਖਿੱਚੂ ਖਿਆਲ ਅਤੇ ਪਰੰਪਰਾ ਪਿਆਰ ਤੇ ਜੜ੍ਹਤਾ ਆ ਹੀ ਜਾਂਦੀ ਹੈ ਅਤੇ ਫੇਰ ਉਸ ਨੂੰ ਸੁਧਾਰਨ ਲਈ ਨਵੇਂ ਸੁਧਾਰਕਾਂ ਨੂੰ ਨਵਾਂ ਰਸਤਾ ਖੋਹਲਣਾ ਪੈਂਦਾ ਹੈ। ਰਿਸ਼ੀਆਂ ਮੁਨੀਆਂ ਦੇ ਕੰਮ 'ਚ ਜਦੋਂ ਦਕੀਆ-ਨੂਸੀਅਤ ਆ ਗਈ ਤਾਂ ਬੁਧ ਭਗਵਾਨ ਜਿਹੇ ਧਰਮ ਸੁਧਾਰਕ



Sri Satguru Jagjit Singh Ji eLibrary NamdhariElibrary@gmail.com

ਨੂੰ ਨਵਾਂ ਰਸਤਾ ਲਭਣਾ ਪਿਆ । ਬੁਧ ਧਰਮ ਜਦੋਂ ਗਿਰਾਵਟ ਵਿਚ ਆਇਆ ਤਾਂ ਸੰਤਾਂ ਨੂੰ ਆਪਣੇ ਆਪਣੇ ਸੰਪਰਦਾਇ ਦੀ ਸੁਧੀ ਕਰਨ ਅਤੇ ਸਦਾਚਾਰ ਵਾਲੇ ਭਗਤੀ ਮਾਰਗ ਨੂੰ ਉਤਸ਼ਾਹ ਦੇਣਾ ਪਿਆ ।

ਸੰਤਾਂ ਦੇ ਕੰਮਾਂ ਨੂੰ ਤੇਜ਼ ਕਰਨ ਦੀ ਜਦੋਂ ਲੋੜ ਪਈ ਓਦੋਂ ਪੰਜਾਬ ਵਿਚ ਸਿੱਖ ਮਤ ਜ਼ੋਰਾਂ ਤੇ ਚਲਿਆ । ਰਣਜੀਤ ਸਿੰਘ ਪਿਛੋਂ ਜਦ ਸਿੱਖ ਸਾਮਰਾਜ ਖੇਰੂੰ ਖੇਰੂੰ ਹੋਇਆ ਤਾਂ ਗੁਰੂ ਰਾਮ ਸਿੰਘ ਨੂੰ ਨਾਮਧਾਰੀ ਪੰਥ ਚਲਾਉਣਾ ਪਿਆ । ਠੰਢ ਦੇ ਦਿਨਾਂ ਵਿਚ ਕਮਰੇ ਨੂੰ ਗਰਮ ਕਰਨ ਲਈ ਅਸੀਂ ਅੰਗੀਠੀ ਜਲਾਉਂਦੇ ਹਾਂ ਪਰ ਉਨ੍ਹਾਂ ਅੰਗਿਆਰਾਂ ਤੇ ਹੌਲੀ ਹੌਲੀ ਰਾਖ ਛਾ ਜਾਂਦੀ ਹੈ । ਜਿਹੜਾ ਪੰਥ ਤੇਜ਼ੀ ਨਾਲ ਬਗ਼ਾਵਤ ਕਰਦਿਆਂ ਸ਼ੁਰੂ ਹੋਇਆ ਉਸੇ ਵਿਚ ਰੂੜੀਵਾਦ ਅਤੇ ਭੂਤਕਾਲ ਦੀ ਉਪਸਨਾ ਆ ਜਾਂਦੀ ਹੈ ।

ਦਿਗਵਿਜਯ ਕਰਨ ਵਾਲੇ ਤੇ ਹੁਜਸਵੀ ਸ਼ੰਕਰਾਚਾਰੀਆ ਦੇ ਮਠ ਵੀ ਹੌਲੀ ਹੌਲੀ ਭੂਤ ਕਾਲ ਉਪਾਸਕ ਬਣ ਜਾਂਦੇ ਹਨ ਇਸ ਲਈ ਜੋ ਵੀ ਸੱਚੇ ਪੁਰਸ਼ ਗੱਦੀ ਤੇ ਆਉਂਦੇ ਹਨ ਉਹ ਸਮਝ ਲੈਣ ਕਿ ਉਨ੍ਹਾਂ ਦਾ ਕੰਮ ਸਿਰਫ ਭਗਤੀ ਭਾਵ ਨਾਲ ਪੁਰਾਣੀਆਂ ਗੱਲਾਂ ਨੂੰ ਸੰਭਾਲਣ ਦਾ ਹੀ ਨਹੀਂ ਸਗੋਂ ਅਸਲੀ ਚੇਤਨਾ ਨੂੰ ਜਾਗ੍ਰਿਤ ਰਖਣ ਲਈ ਉਸ ਨੂੰ ਨਵੇਂ ਨਵੇਂ ਰੂਪ ਵੀ ਦੇਣੇ ਚਾਹੀਦੇ ਹਨ ਅਤੇ ਨਵੇਂ ਜ਼ਮਾਨੇ ਦੇ ਨਵੇਂ ਸੁਆਲ, ਨਵੇਂ ਢੰਗ ਨਾਲ ਹਲ ਕਰਨ ਲਈ ਤਿਆਰ ਵੀ ਹੋਣਾ ਚਾਹੀਦਾ ਹੈ ।

ਜਦੋਂ ਮੈਂ ਸੁਣਿਆ ਕਿ ਨਾਮਧਾਰੀ ਸਮਾਜ ਨੇ ਕਾਂਗਰਸ ਨੂੰ ਅਪਣਾ ਲਿਆ ਹੈ ਅਤੇ ਸੁਤੰਤਰਤਾ ਪ੍ਰਾਪਤ ਕਰਨ ਦੇ ਗਾਂਧੀ ਜੀ ਦੇ ਰਸਤੇ ਵਿਚ ਨਾਮਧਾਰੀ ਲੋਕ ਕਾਫੀ ਸੰਖਿਆ ਵਿਚ ਅਤੇ ਪੂਰੇ ਉਤਸ਼ਾਹ ਨਾਲ ਸ਼ਰੀਕ ਹੋਏ ਹਨ ਓਦੋਂ ਮੈਂ ਇਹ ਵੇਖ ਸਕਿਆ ਹਾਂ ਕਿ ਇਹ ਸੰਪਰਦਾਇ ਭੂਤਕਾਲ ਦਾ ਉਪਾਸ਼ਕ ਨਹੀਂ ਹੈ । ਜੀਂਦੇ ਦਿਲ ਨਾਲ ਉਠਦੇ ਸੁਆਲਾਂ ਨੂੰ ਹਲ ਕਰਨ ਲਈ ਤਿਆਰ ਹੋ ਸਕਦਾ ਹੈ ।

ਹੁਣ ਤਾਂ ਆਪਣਾ ਰਾਜ ਕਾਇਮ ਹੋ ਚੁਕਿਆ ਹੈ। ਦੁਨੀਆਂ ਦੇ ਦਰਬਾਰ ਵਿਚ ਭਾਰਤ ਨੂੰ ਥਾਂ ਮਿਲ ਚੁਕੀ ਹੈ । ਹੁਣ ਸਾਡੇ ਸੁਆਲ ਹਲ ਕਰਨ ਲਈ ਦੁਨੀਆਂ ਭਰ ਦੇ ਛੋਟੇ ਵਡੇ ਸਭ ਦੇਸ਼ ਅਗੇ ਆ ਰਹੇ ਹਨ ਅਤੇ ਅਸੀਂ ਵੀ ਦੁਨੀਆਂ ਦੇ ਸਭ ਸੁਆਲ ਸਮਝ ਕੇ ਆਪਣੇ ਵਲੋਂ ਜੋ ਵੀ ਸਲਾਹ ਦੇਣ ਯੋਗ ਹੈ ਉਹ ਦੇ ਰਹੇ ਹਾਂ ।

ਭਾਰਤ ਵਿਚ ਸਾਰੀ ਦੁਨੀਆ ਵਿਚ ਵੀ ਲੋਕਾਂ ਦਾ ਸਦਾਚਾਰ ਅਤੇ ਧਾਰਮਿਕਤਾ ਵਲ ਧਿਆਨ ਘਟਿਆ ਹੈ । ਹਰ ਇਕ ਆਦਮੀ ਆਪਣੇ ਧਰਮ ਦੇ ਗੁਟ ਦਾ, ਜਾਤੀ ਦਾ ਅਭਿਮਾਨ ਰਖਦਾ ਹੈ । ਭਾਰਤ ਵਿਚ ਹਿੰਦੂ, ਬੁਧ, ਸਿੱਖ, ਜੈਨ, ਪਾਰਸੀ, ਮੁਸਲਮਾਨ, ਈਸਾਈ, ਸਾਰੇ ਇਕੱਠੇ ਰਹਿੰਦੇ ਹਨ । ਸਾਰੇ ਮਿਲ ਕੇ ਇਕ ਦੇਸ਼ ਬਣ ਚੁਕੇ ਹਨ । ਹੁਣ ਅਸਾਂ ਆਪਣੇ ਅੰਦਰੂਨੀ ਝਗੜੇ ਵਧਾ ਕੇ ਭਾਰਤ ਨੂੰ ਕਮਜ਼ੋਰ ਨਹੀਂ ਕਰਨਾ । ਹੁਣ ਅਸਾਂ 'ਸਾਰੇ ਧਰਮ ਇਕ ਬਰਾਬਰ' ਦਾ ਉਦੇਸ਼ ਲੈ ਕੇ ਅਗੇ ਵਧਣਾ ਹੈ ।

ਆਪਣੇ ਆਪਣੇ ਧਰਮ ਦਾ ਸ਼ੁਧ ਸਰੂਪ ਵਿਚ ਪਾਲਣ ਕਰਦੇ ਹੋਏ ਦੂਜੇ ਧਰਮਾਂ ਵਲ ਸਾਡੀ ਹਮਦਰਦੀ ਅਤੇ ਆਦਰ ਹੋਣਾ ਚਾਹੀਦਾ ਹੈ ਅਤੇ ਸਮਾਜਕ ਜੀਵਨ ਵਿਚ ਸਾਨੂੰ ਸਭ ਨੂੰ ਘੁਲ ਮਿਲ ਜਾਣਾ ਚਾਹੀਦਾ ਹੈ । ਕਿਸੇ ਵੇਲੇ ਸਿੱਖਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਨੇੜੇ ਆਉਣ ਦਾ ਰਸਤਾ ਦਸਿਆ, ਜਾਤ ਪਾਤ ਦੇ ਝਗੜੇ ਛਡ ਕੇ ਸਾਰੀ ਜਨਤਾ ਨੂੰ ਇਕ ਮਿਕ ਹੋਣ ਦੀ ਕਲਾ ਸਿਖਾਈ । ਹੁਣ ਉਹਨਾਂ ਦਾ ਕੰਮ ਹੈ ਕਿ ਗਰਾਮਦਾਨ ਵਰਗੇ ਅੰਦੋਲਨ ਨੂੰ ਅਪਨਾਉਣ ਅਤੇ ਬਹੁ ਵੰਡੀ ਭਾਰਤੀ ਜਨਤਾ ਦੀ ਅੰਦਰੂਨੀ ਸੁਰਖਿਆ ਲਈ ਅਹਿੰਸਕ ਸ਼ਾਂਤੀ ਸੈਨਾ ਦਾ ਸੰਗਠਨ ਵੀ ਕਰਨ । ਮੈਂ ਵੇਖਦਾ ਹਾਂ ਕਿ ਸਿੱਖਾਂ ਦੇ ਪਵਿਤਰ ਸ੍ਰੀ ਗ੍ਰੰਥ ਸਾਹਿਬ ਵਿਚ ਸਭ ਤਰ੍ਹਾਂ ਦੀ ਸੰਤ ਬਾਣੀ ਨੂੰ ਸਥਾਨ ਦਿਤਾ ਗਿਆ ਹੈ । ਹਰ ਇਕ ਨੂੰ ਬਰਾਬਰ ਸਮਝਣ ਦੀ ਰੁਚੀ ਨਾਲ ਹੀ ਸਾਰੇ ਧਰਮਾਂ ਨੂੰ ਅਪਨਾਉਣਾ ਸਿਖਾਂ ਲਈ ਸੌਖਾ ਹੈ । ਜਦੋਂ ਉਨਤੀ ਕਰਨੀ ਹੈ ਤਾਂ Thus Far and no Farther ਦਾ ਸੂਤਰ ਨਹੀਂ ਚਲੇਗਾ । ਦੁਨੀਆ ਸਥਿਰ ਨਹੀਂ ਹੈ ਮਨੁਖਾ ਜਾਤੀ ਨੂੰ ਨਵੇਂ ਨਵੇਂ ਪ੍ਰਯੋਗ ਕਰਨੇ ਹੀ ਹਨ । ਭੂਤਕਾਲ ਵਿਚ ਨਹੀਂ ਵਰਤਮਾਨ ਕਾਲ ਵਿਚ ਜੀਣਾ ਹੈ ਅਤੇ ਉਹ ਵੀ ਭਵਿਸ਼ ਕਾਲ ਲਈ ਜਿਨ੍ਹਾਂ ਵਿਚ ਚੇਤਨਤਾ ਹੈ ਉਹ ਹੀ ਇਹ ਰਸਤਾ ਅਪਨਾਉਣਗੇ ।



Sri Satguru Jagjit Singh Ji eLibrary NamdhariElibrary@gmail.com

# ਜਾਗ ਸੀ ਆਜ਼ਾਦੀ ਦੀ ਲਗਾਈ ਨਾਮਧਾਰੀਆਂ

**ਸਵ: ਪਿਆਰਾ ਸਿੰਘ ਨਿਰਛਲ**

ਗੋਰਾ ਸ਼ਾਹੀ ਵਾਲੀ ਜਦੋਂ ਛਾਈ ਸੀ ਹਨੇਰੀ ਰਾਤ,
ਉਦੋਂ ਇਕ ਰੌਸ਼ਨੀ ਵਿਖਾਈ ਨਾਮਧਾਰੀਆਂ ।

ਦੇਸ਼ ਆਪਣੇ ਚੋਂ ਕਿਹਾ ਨਿਕਲੋ ਬਦੇਸ਼ੀਆਂ ਨੂੰ,
ਹਰ ਥਾਂ ਤੇ ਗੂੰਜ ਹੈ ਸੀ ਪਾਈ ਨਾਮਧਾਰੀਆਂ ।

ਗੋਡੇ ਟੇਕ ਦਿਤੇ ਜਾਂ ਗ਼ਦਾਰਾਂ ਅੰਗਰੇਜ਼ਾਂ ਅਗੇ,
ਉਸ ਵੇਲੇ ਜੁਰੱਤ ਵਖਾਈ ਨਾਮਧਾਰੀਆਂ ।

ਟਿੰਡ ਵਿਚ ਕਾਨਾ ਪਾਣਾ ਸਾਰੇ ਲੋਕੀਂ ਜਾਣਦੇ ਨੇ,
ਕਾਨੇ ਵਿਚ ਟਿੰਡ ਸੀ ਅੜਾਈ ਨਾਮਧਾਰੀਆਂ ।

ਇਹਨਾਂ ਕੱਛਾਂ ਵਾਲਿਆਂ ਦੀ ਕੀ ਮੈਂ ਮਿਸਾਲ ਦੇਵਾਂ,
ਕੀਤੀ ਬੜੀ ਕਠਨ ਕਮਾਈ ਨਾਮਧਾਰੀਆਂ ।

ਤੋਪਾਂ ਨਾਲ ਉਡ ਗਏ ਤੇ ਸੀ ਨਾ ਉਚਾਰੀ ਮੁੱਖੋਂ,
ਜ਼ੁਲਮ ਸਾਂਹਵੇਂ ਹਿੱਕ ਹੈਸੀ ਡਾਹੀ ਨਾਮਧਾਰੀਆਂ ।

ਵੱਡੇ ਵੱਡੇ ਭਾਂਬੜਾਂ ਨੂੰ ਇਹਨਾਂ ਨੇ ਹੈ ਜਨਮ ਦਿੱਤਾ,
ਪਹਿਲੀ ਧੂਣੀ ਆਜ਼ਾਦੀ ਦੀ ਧੁਖਾਈ ਨਾਮਧਾਰੀਆਂ ।

ਪਿੰਡਾਂ ਅਤੇ ਸ਼ਹਿਰਾਂ ਵਿਚ ਗੱਲਾਂ ਮਸ਼ਹੂਰ ਹੋਈਆਂ,
ਵੇਖੋ ਕਿੰਨੀ ਹੱਦ ਸੀ ਮੁਕਾਈ ਨਾਮਧਾਰੀਆਂ ।

ਗੜਵੀ ਦੇ ਵਾਂਗ ਇਹਨਾਂ ਗੋਰਿਆਂ ਨੂੰ ਮਾਂਜ ਦਿਤਾ,
ਲਾਹਣ ਲਈ ਗ਼ੁਲਾਮੀ ਦੀ ਸਿਆਹੀ ਨਾਮਧਾਰੀਆਂ ।

ਛਾਤੀ ਤਾਣ ਨਿਕਲੇ ਮੈਦਾਨ ਵਿਚ ਸ਼ੇਰ ਦੂਲੇ,
ਜਾਗ ਸੀ ਅਜ਼ਾਦੀ ਦੀ ਲਗਾਈ ਨਾਮਧਾਰੀਆਂ ।

ਇਕ ਮੁਠ ਹੋ ਕੇ ਜਦੋਂ ਮਾਰੇ ਸੀ ਜੈਕਾਰੇ ਇਹਨਾਂ,
ਮੇਮ ਸਣੇ ਸਾਹਬ ਦੇ ਡਰਾਈ ਨਾਮਧਾਰੀਆਂ ।

ਧੂੜ ਦਿਆਂ ਬੱਦਲਾਂ ਦੇ ਵਾਂਗ ਏਥੋਂ ਉਡ ਗਏ,
ਜਿਉਂ ਜਿਉਂ ਹੈਸੀ ਗੜਵੀ ਘਸਾਈ ਨਾਮਧਾਰੀਆਂ ।

ਫੇਰ ਫੇਰ ਮਾਲਾ ਇਹਨਾਂ ਜੁਗ ਪਲਟਾ ਦਿੱਤਾ,
ਰੇਖ ਵਿਚ ਮੇਖ ਐਸੀ ਲਾਈ ਨਾਮਧਾਰੀਆਂ ।

ਅੰਮਿਰਤਸਰ ਵਿਚ ਬੋਹੜ ਹੈ ਉਗਾਹੀ ਦੇਂਦਾ,
ਜਿਥੇ ਪੀਂਘ ਮੌਤ ਦੀ ਝੁਟਾਈ ਨਾਮਧਾਰੀਆਂ ।

ਦੇਸ਼ ਦੀ ਅਜ਼ਾਦੀ ਲਈ ਹੋਏ ਕੁਰਬਾਨ ਬੜੇ,
ਜ਼ੁਲਮ ਅੱਗੇ ਧੌਣ ਨਾ ਝੁਕਾਈ ਨਾਮਧਾਰੀਆਂ ।

ਕੀਤੇ ਬਹੁਤ ਕੰਮ ਚੰਗੇ, ਕੌਣ ਇਨਕਾਰ ਕਰੇ,
ਨਹੀਂ ਨਿਰੀ ਢੋਲਕੀ ਵਜਾਈ ਨਾਮਧਾਰੀਆਂ ।

ਕੌਣ ਨਹੀਂ ਜਾਣਦਾ ਪਤਾ ਹੈ ਇਹ ਸਾਰਿਆਂ ਨੂੰ,
ਬੁੱਚੜਾਂ ਦੀ ਅਲਖ ਮੁਕਾਈ ਨਾਮਧਾਰੀਆਂ ।

ਮਰ ਰਹੀ ਸਿੱਖੀ ਤਾਈਂ ਇਹਨਾਂ ਸੁਰਜੀਤ ਕੀਤਾ,
ਅਣਖ ਆਨ ਇਹਨਾਂ ਨੇ ਜਗਾਈ ਨਾਮਧਾਰੀਆਂ ।

ਭਜਨ ਪਾਠ ਪੂਜਾ ਇਹਨਾਂ ਛੱਡੀ ਨਹੀਂ ਹੁਣ ਤਕ,
ਚੰਗੀ ਰਹੁ ਰੀਤ ਹੈ ਨਿਭਾਈ ਨਾਮਧਾਰੀਆਂ ।

ਕਹਿਕੇ ਪੰਜ ਰਤਨੀ ਜੋ ਛਕ ਜਾਂਦੇ ਵੱਡੇ ਵੱਡੇ,
ਕਦੀ ਵੀ ਨਾ ਮੂੰਹ ਨੂੰ ਛੁਹਾਈ ਨਾਮਧਾਰੀਆਂ ।

ਸਿੱਖੀ ਦੀ ਨਿਸ਼ਾਨੀ ਇਹਨਾਂ ਹੁਣ ਤਕ ਕਾਇਮ ਰੱਖੀ,
ਕੇਸ ਕੰਘਾ ਲੰਮੀ ਕੱਛ ਪਾਈ ਨਾਮਧਾਰੀਆਂ ।

ਇਹਨਾਂ ਦੁੱਧ ਚਿੱਟੀਆਂ ਪੁਸ਼ਾਕਾਂ ਪਾਕੇ ਗਲਾਂ ਵਿਚ,
ਕੀਰਤਨ ਦੀ ਕੀਰਤੀ ਵਖਾਈ ਨਾਮਧਾਰੀਆਂ ।

ਸਿਗਰਟ ਤੰਮਾਕੂ ਬੀੜੀ ਪਾਨ ਨੂੰ ਨਹੀਂ ਹੱਥ ਲਾਇਆ,
ਨਸ਼ਿਆਂ ਦੀ ਅਲਖ ਮੁਕਾਈ ਨਾਮਧਾਰੀਆਂ ।

ਨਾਨਕ ਦੀ ਸਿੱਖੀ ਨਿਰਛਲ, ਵਧਦੀ ਤੇ ਫੁਲਦੀ ਰਹੇ,
ਬੜੀ ਦੂਰ ਤਾਈਂ ਚਮਕਾਈ ਨਾਮਧਾਰੀਆਂ ।



Sri Satguru Jagjit Singh Ji eLibrary NamdhariElibrary@gmail.com

# ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀਆਂ ਦਾ ਹਿੱਸਾ

**—ਸ੍ਰੀ ਬਨਾਰਸੀ ਸਿੰਘ**

ਉਂਜ ਤਾਂ ਪੰਜਾਬ ਪ੍ਰਦੇਸ਼ ਦੀ ਪੁਸ਼ਪ ਧਾਰਾ ਦੇ ਕਣ ਕਣ ਵਿਚ ਹੀ ਕਿਸੇ ਨਾ ਕਿਸੇ ਉਚ ਆਤਮਾ ਦੀ ਦੇਹ ਭਸਮ ਰਚੀ ਹੋਈ ਹੈ, ਪਰੰਤੂ ਇਨ੍ਹਾਂ ਵਿਚ ਉਨ੍ਹਾਂ ਕੂਕਾ ਦੇਸ਼ ਭਗਤਾ ਦੀ ਸ਼ਹਾਦਤ ਦਾ ਰੰਗ ਹੀ ਨਿਰਾਲਾ ਹੈ, ਜਿਨ੍ਹਾਂ ਨੇ ਸੱਤ ਸਮੁੰਦਰਾਂ ਦੇ ਪਾਰੋਂ ਆ ਕੇ ਆਪਣੇ ਸਾਮਰਾਜ ਦਾ ਵਿਸਤਾਰ ਕਰਨ ਵਾਲੀ ਸਾਮਰਾਜਵਾਦੀ ਅੰਗਰੇਜ ਹਕੂਮਤ ਨੂੰ ਸਿਰਫ ਚੁਨੌਤੀ ਹੀ ਨਹੀਂ ਦਿਤੀ ਸਗੋਂ ਉਨ੍ਹਾਂ ਨੂੰ ਨਕ ਥਾਂਈਂ ਚੰਗੇ ਚਣੇ ਵੀ ਚਬਵਾਏ ਸਨ। ਇਨ੍ਹਾਂ ਦੇਸ਼ ਭਗਤਾਂ ਨੇ ਆਪਣੇ ਆਪ ਮਿਟ ਕੇ ਦੇਸ ਨੂੰ ਅਮਰ ਬਨਾਉਣ ਦੀ ਮਹਾਨ ਸਾਧਨਾ ਨੂੰ ਹੀ ਆਪਣੇ ਦਿੱਲ-ਮੰਦਰ ਵਿਚ ਵਸ ਦਿਆ ਅਤੇ ਦੇਸ਼ ਵਿਚ ਸਭ ਤੋਂ ਪਹਿਲਾਂ 'ਸੁਦੇਸ਼ੀ' ਅਤੇ 'ਨਾਮਿਲਵਰਤਣ' ਦੀ ਲਹਿਰ ਚਲਾਈ।

ਇਨ੍ਹਾਂ ਕੂਕਿਆਂ ਜਾਂ ਨਾਮਧਾਰੀਆਂ ਨੂੰ ਸਾਧਾਰਨ ਜੀਵਨ ਤੋਂ ਸੰਘਰਸ਼ ਦੇ ਰਸਤੇ ਤੇ ਲਿਆ ਕੇ ਖੜਾ ਕਰਨ ਵਾਲੇ ਸਨ ਮਹਾਨ ਸਤਿਗੁਰੂ ਰਾਮ ਸਿੰਘ ਜੀ। ਇਨ੍ਹਾਂ ਨੇ ੧੮੧੬ ਈਸਵੀ 'ਚ ਬਸੰਤ ਪੰਚਮੀ ਦੇ ਪਾਵਨ ਪੁਰਬ ਵਾਲੇ ਦਿਨ ਲੁਧਿਆਣੇ ਤੋਂ ੧੬ ਮੀਲ ਦਖਣ ਵਲ ਸਥਿਤ ਭੈਣੀ ਨਾਂ ਦੇ ਪਿੰਡ ਵਿਚ ਅਵਤਾਰ ਧਾਰਿਆ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਸੀ ਜੱਸਾ ਸਿੰਘ। ਉਹ ਤਰਖਾਣਾ ਕੰਮ ਕਰਦੇ ਸਨ, ਪਰ ਆਪਣੇ ਪਿੰਡ ਵਿਚ ਉਹ ਇਕ ਮਹਤਵਪੂਰਨ ਵਿਅਕਤੀ ਸਨ।

ਜਿਸ ਤਰ੍ਹਾਂ ਸ਼ਿਵਾ ਜੀ ਦੇ ਨਿਰਮਾਣ ਵਿਚ ਮਾਤਾ ਜੀਜਾਬਾਈ ਨੇ ਆਪਣਾ ਹਿਸਾ ਪਾਇਆ ਸੀ, ਉਸੇ ਤਰ੍ਹਾਂ ਇਸ ਮਹਾਂਪੁਰਸ਼ ਗੁਰੂ ਰਾਮ ਸਿੰਘ ਜੀ ਨੂੰ ਅਸਲੀ ਅਰਥਾਂ ਵਿਚ ਮਹਾਂ ਪੁਰਸ਼ ਬਨਾਉਣ ਵਿਚ ਉਨ੍ਹਾਂ ਦੀ ਮਾਤਾ ਜੀ ਦਾ ਵਡਾ ਹਿਸਾ ਸੀ।

੧੮੩੬ ਈਸਵੀ ਵਿਚ ੨੦ ਸਾਲ ਦੀ ਉਮਰ ਵਿਚ ਹੀ ਨੌਜੁਆਨ ਰਾਮ ਸਿੰਘ, ਰਣਜੀਤ ਸਿੰਘ ਦੀ ਖਾਲਸਾ ਫੌਜ ਵਿਚ ਭਰਤੀ ਹੋ ਗਏ ਸਨ। ਏਥੋਂ ਹੀ ਉਨ੍ਹਾਂ ਨੂੰ ਰਾਜਨੀਤਕ ਵਿਦਿਆ ਪ੍ਰਾਪਤ ਹੋਈ। ਦੇਸ਼ ਦੀ ਭੈੜੀ ਹਾਲਤ ਨੂੰ ਵੇਖ ਕੇ ਇਸ ਮਹਾਂ ਪੁਰਸ਼ ਦਾ ਦਿਲ ਦਹਿਲ ਉਠਿਆ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਵੀਰਤਾ ਵੇਖੀ ਅਤੇ ਹਰੀ ਸਿੰਘ ਨਲਵਾ, ਫੂਲਾ ਸਿੰਘ, ਧਨ ਸਿੰਘ ਵਰਗੇ ਬਹਾਦਰ ਸਿੰਘ ਸਪੂਤਾਂ ਦੇ ਜੰਗੀ ਜੌਹਰ ਵੀ ਵੇਖੇ। ਪਰ ਇਸ ਦੇ ਨਾਲ ਹੀ ਉਹ ਜੰਗ ਦੇ ਮੈਦਾਨ ਵਿਚ, ਦੁਸ਼ਮਣ ਨੂੰ ਹਰਾਉਣ ਦਾ ਸੰਕਲਪ ਗ੍ਰਹਿਣ ਕਰਨ ਵਾਲੇ ਕੁਝ ਆਪਣੇ ਸਾਥੀਆਂ ਦੇ ਡਿਗ ਰਹੇ ਹੌਸਲਿਆਂ ਵਲੋਂ ਵੀ ਆਪਣੀਆਂ ਅਖਾਂ ਬੰਦ ਨਾ ਰਖ ਸਕੇ। ਉਨ੍ਹਾਂ ਨੇ ਆਪਣੀ ਦੂਰ ਦਰਿਸ਼ਟੀ ਨਾਲ ੧੮੩੯ ਪਿਛੋਂ ਇਸ ਸੱਚ ਨੂੰ ਪੂਰੀ ਤਰ੍ਹਾਂ ਸਮਝ ਲਿਆ ਕਿ ਪੰਜਾਬ ਵਿਚ ਹਿੰਦੂ (ਸਿੱਖ) ਰਾਜ ਦਾ ਅੰਤ ਬਹੁਤ ਨੇੜੇ ਹੈ। ਅਖੀਰ ਉਹ ਆਪਣੇ ਪਿੰਡ ਵਾਪਸ ਚਲੇ ਗਏ। ਸਮੇਂ ਦੇ ਧਾਰਮਕ ਪੁਨਰਗਠਨ ਅਤੇ ਸਮਾਜ ਸੁਧਾਰ ਦੀ ਮੰਗ ਨੂੰ ਪੂਰਨ ਕਰਨ ਦਾ ਫੈਸਲਾ ਕੀਤਾ। ਵਿਦੇਸ਼ੀ ਈਸਾਈਆਂ ਦੀਆਂ ਸਰਗਰਮੀਆਂ ਨਾਲ ਵਧ ਰਹੇ ਪ੍ਰਚਾਰ ਵਲ ਵੀ ਆਪਣਾ ਧਿਆਨ ਦਿਤੇ ਬਿਨਾਂ ਨਹੀਂ ਰਹਿ ਸਕੇ। ਅਖੀਰ ਉਨ੍ਹਾਂ ਨੇ ੧੮੫੭ ਵਿਚ ਪਹਿਲੇ ਸੁਤੰਤਰਤਾ ਸੰਗਰਾਮ ਤੋਂ ਇਕ ਮਹੀਨਾ ਪਹਿਲਾਂ ਹੀ ਇਕ ਨਵੇਂ ਝੰਡੇ ਨੂੰ ਆਪਣੇ ਹਥਾਂ ਵਿਚ ਲਿਆ ਅਤੇ ਇਕ ਨਵੇਂ ਸੁਪਨੇ ਨੂੰ ਸਾਕਾਰ ਕਰਨ 'ਚ ਜੁਟ ਪਏ। ਭੈਣੀ ਹੀ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਿਆ।

ਉਸ ਵੇਲੇ ਜਦੋਂ ਸਮਾਜ ਦੇ ਵਡੇ ਕਹੇ ਜਾਣ ਵਾਲੇ ਅਨੇਕਾਂ ਸੁਖ-ਸਹੂਲਤਾਂ ਨੂੰ ਹੀ ਜੀਵਨ ਦਾ ਸਭ ਕੁਝ ਮੰਨ ਕੇ ਵਾਸ਼ਨਾਵਾਂ ਵਿਚ ਲੀਨ ਸਨ ਤਾਂ ਉਨ੍ਹਾਂ ਨੇ ਜਿਹੜੀਆਂ ਸਿਖਿਆਵਾਂ ਦਿਤੀਆਂ ਉਹ ਸਨ ਸਾਦਾ ਰਹਿਣ ਸਹਿਣ ਈਮਾਨਦਾਰੀ, ਬਰਾਬਰਤਾ, ਸਾਦਗੀ ਅਤੇ ਵਿਦੇਸ਼ੀ ਚੀਜ਼ਾਂ ਦੇ ਬਾਈਕਾਟ ਦੀਆਂ। ਉਨ੍ਹਾਂ ਨੇ ਸੁਤੰਤਰਤਾ ਅੰਦੋਲਨ ਵਿਚ ਨਾ ਮਿਲਵਰਤਣ ਦੇ ਨਵੀਨ ਤੱਤ ਨੂੰ ਸ਼ਾਮਲ ਕਰਕੇ ਇਕ ਤਰ੍ਹਾਂ ਨਾਲ ਮਹਾਤਮਾ ਗਾਂਧੀ ਦਾ ਪਥ ਪ੍ਰਦਰਸ਼ਨ ਕੀਤਾ ਸੀ, ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਾਲਾਂ ਪਿਛੋਂ ਨਾ ਮਿਲਵਰਤਣ ਦਾ ਨਾਹਰਾ ਲਾਇਆ।

ਅੰਗਰੇਜ਼ ਸਰਕਾਰ ਜਦੋਂ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਬੁਚੜਖਾਨੇ ਖੁਲਵਾਉਣ ਲਗੀ ਤਾਂ ਉਨ੍ਹਾਂ ਨੇ ਗਊ ਰਖਿਆ ਨੂੰ ਆਪਣੇ ਧਰਮ ਅਨੁਯਾਈਆਂ ਨੂੰ ਇਕ ਪਵਿਤਰ ਕਰਤਵ ਦਸਿਆ।

ਉਨ੍ਹਾਂ ਦੇ ਅਨੁਯਾਈ ਅਰਥਾਤ ਨਾਮਧਾਰੀ ਰੇਲ ਗੱਡੀ ਵਿਚ ਯਾਤਰਾ ਵੀ ਨਹੀਂ ਸਨ ਕਰਦੇ ਤਾਂ ਵੀ ਡਾਕ ਵੰਡਣ ਦੇ ਉਨ੍ਹਾਂ ਦੇ ਆਪਣੇ ਪ੍ਰਬੰਧ ਸਨ। ਅੰਗਰੇਜ਼ ਸਰਕਾਰ ਦੀ



Sri Satguru Jagjit Singh Ji eLibrary NamdhariElibrary@gmail.com

ਨੌਕਰੀ ਨਾ ਕਰਨਾ ਤਾਂ ਇਨ੍ਹਾਂ ਦਾ ਦ੍ਰਿੜ ਸੰਕਲਪ ਸੀ। ਇਨ੍ਹਾਂ ਦੇ ਅੰਤ ਆਤਮ ਬਲੀਦਾਨ ਦੀ ਕਹਾਣੀ ਵੀ ਅਨੋਖੀ ਹੀ ਹੈ। ੧੮੭੨ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਾਰੇ ਪ੍ਰਮੁਖ ਸੂਬਿਆਂ ਨੂੰ ਕੈਦੀ ਬਣਾ ਲਿਆ ਅਤੇ ਕਾਰਾਗਾਰ ਦੀਆਂ ਕਾਲ ਕੋਠੜੀਆਂ ਵਿਚ ਸੁੱਟ ਦਿਤਾ ਗਿਆ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ੧੮੭੨ ਤੋਂ ੧੮੮੫ ਤਕ ੧੪ ਸਾਲ ਲਈ ਕਾਲੇ ਪਾਣੀਆਂ ਵਿਚ ਵੀ ਰਖਿਆ। ਏਨਾ ਹੀ ਨਹੀਂ ਅਨੇਕਾਂ ਦੇਸ਼ ਭਗਤ ਨਾਮਧਾਰੀ ਰੰਗੂਨ, ਮੌਲਮੀਨ ਅਤੇ ਮਰਗੂਈ ਦੀਆਂ ਜੇਲਾਂ ਵਿਚ ਸੁਤੰਤਰਤਾ ਲਈ ਸਾਧਨਾ ਕਰਦੇ ਰਹੇ ਅਤੇ ਅਨੇਕਾਂ ਨੂੰ ਅਦਨ ਵਿਚ ਵੀ ਕੈਦੀ ਬਣਾ ਕੇ ਰਖਿਆ ਗਿਆ।

ਪਰ ਇਕ ਦੋ ਜਾਂ ਦਸ ਵੀਹ ਨਹੀਂ ਸਗੋਂ ਸੈਂਕੜੇ ਨਾਮਧਾਰੀਆਂ ਨੇ ਭਾਰਤ ਮਾਤਾ ਅਤੇ ਹਿੰਦੂ ਧਰਮ ਦੇ ਮਾਣ ਅਤੇ ਸਨਮਾਨ ਦੀ ਰਖਿਆ ਕਰਨ ਦੇ ਉਦੇਸ਼ ਨਾਲ ਜੇਲਾਂ ਨੂੰ ਕ੍ਰਿਸ਼ਣ ਮੰਦਰ ਸਮਝਿਆ ਅਤੇ ਫਾਂਸੀ ਚੜ੍ਹਨ ਨੂੰ ਇਕ ਮਹਾਨ ਜਿੱਤ ਸਮਝਿਆ। ਉਨ੍ਹਾਂ ਨੇ ਦੇਸ਼ ਦੀ ਸੇਵਾ ਵਿਚ ਕਸ਼ਟ ਉਠਾਉਣਾ ਆਪਣਾ ਨਿਆਰਾ ਕਰਤਵ ਪ੍ਰਤੀਤ ਹੁੰਦਾ ਸੀ। ਗਊ ਹਤਿਆਰਿਆਂ ਤੋਂ ਬਦਲਾ ਲੈਣ ਅਤੇ ਦੇਸ਼ ਭਗਤੀ ਦੇ ਅਪਰਾਧ ਵਿਚ ਅਨੇਕਾ ਸਿਖਾਂ ਨੂੰ ਤੋਪ ਦੇ ਗੋਲਿਆਂ ਨਾਲ ਉਡਾਇਆ ਗਿਆ ਅਤੇ ਅਨੇਕਾਂ ਦੀਆਂ ਜਾਇਦਾਦਾਂ ਜ਼ਬਤ ਹੋ ਗਈਆਂ।

ਸ੍ਰੀ ਗੁਰੂ ਰਾਮ ਸਿੰਘ ਜੀ ਪਿਛੋਂ ਗੱਦੀ ਉਤੇ ਬੈਠਣ ਵਾਲੇ ਗੁਰੂ ਹਰੀ ਸਿੰਘ ਜੀ ਤਾਂ ਇਕ ਤਰ੍ਹਾਂ ਨਾਲ ਪਰਵਾਰ ਸਮੇਤ ਨਜ਼ਰਬੰਦ ਰਹੇ। ਕਿਉਂਕਿ ਉਨ੍ਹਾਂ ਦੇ ਘਰ ਦੇ ਬਾਹਰ ਹਮੇਸ਼ਾਂ ਪੁਲਸ ਦਾ ਪਹਿਰਾ ਲਗਾ ਰਹਿੰਦਾ ਸੀ। ਜਲ੍ਹਿਆਂ ਵਾਲਾ ਬਾਗ ਦੇ ਹਤਿਆ ਕਾਂਡ ਪਿਛੋਂ ਤਾਂ ਪੰਜਾਬ ਵਿਚ ਇਕ ਤਰ੍ਹਾਂ ਨਾਲ ਨਾਮਧਾਰੀ ਹੀ ਗਾਂਧੀ ਜੀ ਦੇ ਨਾ ਮਿਲਵਰਤਣ ਅਤੇ ਬਾਈਕਾਟ ਦੇ ਅੰਦੋਲਨਾਂ ਵਿਚ ਅਗਲੇ ਮੋਰਚਿਆਂ ਤੇ ਰਹੇ। ਜਦੋਂ ਵੀ ਸੁਤੰਤਰਤਾ ਦੀ ਦੇਵੀ ਨੇ ਕੁਰਬਾਨੀਆਂ ਮੰਗੀਆਂ ਇਹ ਦੇਸ਼ ਭਗਤੀ ਦੇ ਦੀਵਾਨੇ ਅਗੇ ਵਧੇ। ਅਜ ਅਸੀਂ ਸੁਤੰਤਰ ਹਾਂ। ਸੁਤੰਤਰਤਾ ਮੰਦਿਰ ਦੀ ਨੀਂਹ ਵਿਚ ਉਨ੍ਹਾਂ ਅਨੇਕਾਂ ਨਾਮਧਾਰੀਆਂ ਦੀਆਂ ਅਸਥੀਆਂ ਪਈਆਂ ਹਨ ਜਿਹੜੀਆਂ ਸੁਤੰਤਰਤਾ ਮੰਦਰ ਦੇ ਨੀਂਹ ਦੇ ਪਥਰ ਬਣੇ ਸਨ।

)¤(

# "ਕਾਂਗਰਸ ਨੂੰ ਕੋਰਾ ਚੈਕ"

—ਮਾਸਟਰ ਨਿਹਾਲ ਸਿੰਘ

ਸੰਸਾਰ ਦੀ ਵੱਡੀ ਜੰਗ ਮੁਕ ਗਈ। ਭਾਰਤਵਰਸ਼ ਦੇ ਆਕਾਸ਼ ਤੇ ਦਾਸਤਾ ਦੇ ਬੱਦਲ ਪਤਲੇ ਪੈਣੇ ਅਰੰਭ ਹੋ ਗਏ। ਇਉਂ ਜਾਪਦਾ ਸੀ ਕਿ ਇਹ ਫਟੇ ਕਿ ਫਟੇ। ਲੰਮੀ ਜਦੋਜਹਿਦ ਨੇ ਜਨਤਾ ਵਿਚ ਜਾਗ੍ਰਤੀ ਲੈ ਆਂਦੀ। ਆਜ਼ਾਦ ਹਿੰਦ ਫੌਜ ਦੀ ਲੜਾਈ, ਜਹਾਜ਼ੀਆਂ ਦੀ ਹੜਤਾਲ, ਪੁਲੀਸ ਦੀ ਸਰਕਾਰੀ ਕਰਮਚਾਰੀਆਂ ਅਗੇ ਹੁਕਮ-ਅਦੂਲੀ, ਅੰਗਰੇਜ਼ ਵਾਸਤੇ ਭਾਰੀ ਚੇਤਾਵਨੀ ਸੀ। ਇਸੇ ਵਾਸਤੇ ਉਸ ਨੀਤੀ ਦੇ ਪੰਡਿਤ ਨੇ ਆਪਣਾ ਬੋਰੀਆ-ਬਿਸਤਰਾ ਬੰਨ੍ਹਣਾ ਹੀ ਮੁਨਾਸਬ ਜਾਣਾ। ਉਹ ਭਲੀ-ਭਾਂਤ ਤਾੜ ਗਿਆ ਸੀ ਕਿ ਉਸ ਦਾ ਦਾਣਾ-ਪਾਣੀ ਭਾਰਤ ਵਿਚੋਂ ਮੁਕ ਗਿਆ ਹੈ। ਬਰਤਾਨਵੀ ਪਾਰਲੀਮੈਂਟ ਨੇ ਹਿੰਦ ਨੂੰ ਆਜ਼ਾਦ ਕਰਨ ਦਾ ਫੈਸਲਾ ਕਰ ਲਿਆ, ਮਗਰ ਢੰਗ ਏਹ ਵਰਤਣਾ ਚਾਹਿਆ ਕਿ ਉਨ੍ਹਾਂ ਦੀ ਸਰਦਾਰੀ ਬਣੀ ਰਹੇ।

ਬਰਤਾਨਵੀ ਕੈਬਨਿਟ ਨੇ ਲਾਰਡ ਵੇਵਲ ਨੂੰ ਆਪਣਾ ਮੰਤਵ ਦੱਸ ਦਿਤਾ ਤੇ ਉਸ ਨੇ ਭਾਰਤ ਦੀਆਂ ਪ੍ਰਸਿਧ ਰਾਜਸੀ ਪਾਰਟੀਆਂ ਦੀ ਇਕ ਕਾਨਫਰੰਸ ੧੯੪੫ ਵਿਚ ਸ਼ਿਮਲੇ ਬੁਲਾਈ। ਕਾਂਗਰਸ ਵਲੋਂ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਮੌਲਾਨਾ ਆਜ਼ਾਦ, ਸ੍ਰੀ ਕ੍ਰਿਪਲਾਨੀ, ਸ੍ਰੀ ਗੋਬਿੰਦ ਵਲਭ ਪੰਤ; ਮੁਸਲਮ ਲੀਗ ਵਲੋਂ ਵਲੋਂ ਮਿਸਟਰ ਜਿਨਾਹ, ਲਿਆਕਤ ਅਲੀ, ਗਨਜ਼ਫਰ ਅਲੀ, ਅਬਦੁਲ ਕਿਊਮ ਅਤੇ ਅਕਾਲੀ ਪਾਰਟੀ ਵਲੋਂ ਮਾ. ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਬਲਦੇਵ ਸਿੰਘ ਆਦਿ ਪੁਜੇ ਹੋਏ ਸਨ।

ਕਾਂਗਰਸ ਦੇਸ਼ ਦੀ ਅਖੰਡਤਾ ਕਾਇਮ ਰਖਣ ਦੀ ਚਾਹਵਾਨ ਸੀ। ਮਗਰ ਲੀਗ ਇਸ ਨੂੰ ਲੀਰੋ-ਲੀਰ ਕਰਨਾ ਚਾਹੁੰਦੀ ਸੀ। ਅਕਾਲੀ ਵੀ ਜੇਹਲਮ ਅਤੇ ਝਨਾ ਦੀਆਂ ਢੰਢੀਆਂ ਤਕ ਵਖ ਪ੍ਰਾਂਤ ਦੀ ਰਾਏ ਰਖਦੇ ਸਨ। ਖੈਰ, ਦੇਸ਼ ਦੇ ਹਿਤੈਸ਼ੀ ਵੀ ਮੌਜੂਦ ਸਨ ਤੇ ਗੱਦੀਆਂ ਨੂੰ ਸਾਂਭਣ ਦੇ ਚਾਹਵਾਨ ਵੀ ਢੇਰ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ, ਸੰਤ ਮੰਗਲ ਜੀ ਹਜ਼ੂਰੀ ਸਿੱਖਾਂ ਨਾਲ ਸ਼ਿਮਲੇ ਚਲੇ ਗਏ ਅਤੇ ਆਪ ਨੇ ਭਗਤ ਜਸਵੰਤ ਸਿੰਘ ਪੋਸਟ-ਮਾਸਟਰ ਦੇ ਗ੍ਰਿਹ, ਜਿਹੜਾ ਕਿ ਡਾਕ ਘਰ ਦੀ ਉਪਰਲੀ ਛੱਤ ਤੇ ਸੀ, ਨੂੰ ਜਾ ਭਾਗ ਲਾਏ।



Sri Satguru Jagjit Singh Ji eLibrary NamdhariElibrary@gmail.com

ਸਮਰ ਹਿੱਲ ਸਟੇਸ਼ਨ ਦੇ ਡਾਕ ਘਰ ਤੋਂ ਫਰਲਾਂਗ ਦੀ ਦੂਰੀ ਤੇ ਮਹਾਤਮਾ ਗਾਂਧੀ ਜੀ ਠਹਿਰੇ ਹੋਏ ਸਨ। ਉਥੇ ਕਾਂਗਰਸ ਕੈਬਨਿਟ ਦੀ ਮੀਟਿੰਗ ਹੋ ਰਹੀ ਸੀ। ਏਧਰ ਸਤਿਗੁਰੂ ਜੀ ਮੌਜ ਵਿਚ ਆਏ, ਤੇ ਸੰਤ ਰਤਨ ਸਿੰਘ ਹੁਰਾਂ ਨੂੰ ਪੰਡਿਤ ਜੀ ਪਾਸ ਭੇਜਿਆ। ਸੰਤ ਜੀ ਅਜੇ ਦਰਵਾਜ਼ੇ ਤੇ ਹੀ ਪੁਜੇ ਸਨ ਕਿ ਮੀਟਿੰਗ ਖਤਮ ਹੋ ਗਈ ਅਤੇ ਕੈਬਨਿਟ ਦੇ ਮੈਂਬਰ ਬਾਹਰ ਆ ਗਏ। ਸੰਤ ਜੀ ਪੰਡਿਤ ਜੀ ਨੂੰ ਦਰਵਾਜ਼ੇ ਤੇ ਮਿਲੇ ਅਤੇ ਪੁਛਿਆ—'ਕਿਆ ਕੁਝ ਸਮਾਂ ਹੈ?' 'ਵਾਹ ਗੁਰੂ ਜੀ ਕੇ ਲੀਏ! ਹਮ ਹਰ ਵਕਤ ਹਾਜ਼ਰ ਹੈਂ। ਵੈਸੇ ਮੀਟਿੰਗ ਤੋਂ ਸਮਾਪਤ ਹੋ ਗਈ ਹੈ, ਮਗਰ ਹਮ ਉਨਕਾ ਫੁਰਮਾਨ ਸਨ ਲੇਂਗੇ, ਬੁਲਾ ਲਾਓ।" ਸ੍ਰੀ ਸਤਿਗੁਰੂ ਜੀ ਪੰਡਿਤ ਜੀ ਨੂੰ ਬਾਹਰ ਫੁਟਪਾਥ ਤੇ ਹੀ ਮਿਲ ਗਏ। ਪੰਡਿਤ ਜੀ ਨੇ ਸੀਸ ਝੁਕਾਇਆ ਅਤੇ ਸਤਿਗੁਰੂ ਜੀ ਨੇ ਜੱਫੇ ਵਿਚ ਲੈ ਲਿਆ।

ਭਾਰਤ ਦਾ ਆਕਾਸ਼ ਨਿਰਮਲ ਹੋ ਰਿਹਾ ਸੀ। ਮਗਰ ਸ਼ਿਮਲੇ ਦੀਆਂ ਪਹਾੜੀਆਂ ਵਿਚੋਂ ਇਕ ਕਾਲੀ-ਬੋਲੀ ਬਦਲੀ ਨਿਕਲੀ, ਜਿਸ ਨੇ ਰੂਹਾਨੀਅਤ ਦੇ ਪੁੰਜ ਅਤੇ ਨੀਤੀ ਦੇ ਮਾਹਰ ਨੂੰ ਮਿਲਣ ਦਾ ਚੰਗਾ ਮੌਕਾ ਦੇ ਦਿਤਾ। ਕਿਣਮਿਣ ਸ਼ੁਰੂ ਹੋ ਗਈ ਅਤੇ ਘੜੀਆਂ ਪਲਾਂ ਵਿਚ ਛੱਜੀ ਧਾਰੀਂ ਮੀਂਹ ਪੈਣਾ ਸ਼ੁਰੂ ਹੋ ਗਿਆ। ਪੰਡਿਤ ਜੀ ਪੁਛਿਆ, 'ਗੁਰੂ ਜੀ ਆਪ ਕੀ ਰਿਹਾਇਸ਼ ਕਹਾਂ ਹੈ?' 'ਸਾਹਮਣੇ', ਸਤਿਗੁਰੂ ਜੀ ਨੇ ਇਸ਼ਾਰਾ ਕਰਦਿਆਂ ਫੁਰਮਾਇਆ। ਇਹ ਸਾਰਾ ਅਮਲਾ ਫੈਲਾ ਸਤਿਗੁਰਾਂ ਨਾਲ ਸਮਰ ਹਿਲ ਸਟੇਸ਼ਨ ਦੇ ਡਾਕ ਘਰ ਵਲ ਟੁਰ ਪਿਆ। ਸਤਿਗੁਰ ਉਪਰ ਚਲੇ ਗਏ, ਨਾਲ ਹੀ ਪੰਡਿਤ ਜਵਾਹਰ ਲਾਲ, ਡਾਕਟਰ ਖਾਂ ਸਾਹਿਬ ਤੇ ਸੰਤ ਮੰਗਲ ਸਿੰਘ ਜੀ। ਪ੍ਰੈਸ ਰੀਪੋਰਟਰ ਹੇਠਾਂ ਬਰਾਂਡੇ ਵਿਚ ਰੁਕ ਗਏ ਅਤੇ ਭਾਈ ਵਜ਼ੀਰ ਸਿੰਘ ਜੀ ਪੌੜੀਆਂ ਵਿਚ ਬਹਿ ਗਏ।

ਸਤਿਗੁਰ ਸਚੇ ਪਾਤਸ਼ਾਹ ਜੀ, ਤੇ ਬਾਹਰੋਂ ਆਏ ਸਜਣ ਕੁਰਸੀਆਂ ਤੇ ਬਹਿ ਗਏ ਅਤੇ ਸੰਤ ਮੰਗਲ ਸਿੰਘ ਜੀ ਦਰੀ ਤੇ ਸਜ ਗਏ। ਸੰਤ ਰਤਨ ਸਿੰਘ ਅੰਬ, ਬਦਾਮਾਂ ਦੀਆਂ ਗਿਰੀਆਂ ਮਿਸਰੀ ਤੇ ਖਾਜੇ ਦੇ ਥਾਲ ਭਰ ਕੇ ਮੇਜ਼ ਤੇ ਰਖ ਦਿਤੇ। "ਰਤਨ ਸਿੰਘ! ਤੂੰ ਜਨਤਾ ਥਾ ਕਿ ਹਮ ਆ ਰਹੇ ਹੈਂ?" ਪੰਡਿਤ ਜੀ ਨੇ ਪੁਛਿਆ "ਨਹੀਂ ਮਹਾਰਾਜ! ਇਹ ਤਾਂ ਘਰੋਂ ਹੀ ਸੁੱਕਾ ਮਿੱਸਾ ਹਾਜਰ ਕੀਤਾ ਹੈ, ਉਚੇਚ ਕੁਝ ਨਹੀਂ", ਗੱਲਾਂ ਬਾਤਾਂ ਵਿਚ ਸਤਿਗੁਰਾਂ ਬਚਨ ਕੀਤਾ ਪੰਡਿਤ ਜੀ ਭਾਰਤ ਆਜ਼ਾਦ ਹੋ ਰਿਹਾ ਹੈ ਬਦੇਸ਼ੀਆਂ ਅਗੇ ਸਾਡੀ ਕੋਈ ਮੰਗ ਨਹੀਂ ਸੀ, ਤੁਹਾਡੇ ਅਗੇ ਵੀ ਕੋਈ ਸ਼ਰਤ ਨਹੀਂ, ਤੁਸੀਂ ਜਾਣੋਂ ਤੁਹਾਡਾ ਕੰਮ। ਅਸੀਂ ਚਾਹੁੰਦੇ ਹਾਂ ਕਿ ਦੇਸ ਵਧੇ ਫੁਲੇ।" ਪੰਡਿਤ ਜੀ ਜੋਸ਼ ਵਿਚ ਆ ਗਏ ਤੇ ਕੁਰਸੀ ਤੋਂ ਉਠ ਬੈਠੇ ਤੇ ਆਖਿਆ "ਗੁਰੂ ਜੀ! ਯੇਹ ਆਪ ਨੇ ਕਿਆ ਫੁਰਮਾਇਆਂ? ਕਿਆ ਹਮ ਨਹੀਂ ਜਾਨਤੇ, ਯੇਹ ਤੋਂ ਆਪ ਕੀ ਹੀ ਕਿਰਪਾ ਹੈ।" ਚੰਗਾ ਜੇ ਏਹ ਗੱਲ ਹੈ, ਤਾਂ ਰਤਨ ਬੁਲਾ ਬਾਲੀ ਨੂੰ, ਉਹ ਮੇਰੇ ਵਲੋਂ ਚਿੱਟੇ ਕਾਗਜ਼ ਤੇ ਜੋ ਚਾਹੇ ਲਿਖ ਲਵੇ। ਮੈਂ ਤਿੰਨ ਅੱਖਰ ਆਪਣੇ ਪਾ ਦਿਆਂ" ਡਾ. ਖਾਂ ਸਾਹਿਬ ਤੇ ਸੰਤ ਜੀ ਖੁਸ਼ੀ ਨਾਲ ਕਪੜਿਆਂ ਤੋਂ ਬਾਹਰ ਹੋ ਰਹੇ ਸਨ। ਬਾਲੀ ਉਪਰ ਚਲਾ ਗਿਆ। "ਬਾਲੀ ਲਿਆ ਕਾਗਜ਼ ਅਗੋਂ ਜੋ ਤੇਰੀ ਮਰਜ਼ੀ ਆਏ ਲਿਖ ਲਈਂ, ਮੈਂ ਦਸਖਤ ਕਰ ਦਿਆਂਗਾ।" ਸਤਿਗੁਰੂ ਜੀ ਬਚਨ ਕੀਤਾ। "ਨਹੀਂ ਮਹਾਰਾਜ ਜੀ ਤੁਸੀਂ ਆਪ ਕਿਰਪਾ ਕਰੋ, ਹਮ ਤੋ ਅਸ਼ੀਰਵਾਦ ਲੇਨੇ ਆਏ ਹੈਂ।" ਪੰਡਿਤ ਜੀ ਤੇ ਖਾਂ ਸਾਹਿਬ ਨ ਹਸਦਿਆਂ-ਹਸਦਿਆਂ ਕਿਹਾ। "ਚੰਗਾ ਜੇ ਮੈਂ ਹੀ ਲਿਖਵਾਉਣਾ ਹੈ, ਤਾਂ ਲਿਖੋ! "ਨਾਮਧਾਰੀ ਪੰਥ ਬਿਨਾਂ ਕਿਸੇ ਸ਼ਰਤ, ਬਿਨਾਂ ਕਿਸੇ ਮੰਗ ਤੋਂ ਕਾਂਗਰਸ ਦੇ ਨਾਲ ਹੈ ਤੇ ਪੂਰਨ ਤੌਰ ਤੇ ਸਹਿਮਤ ਹੈ।" ਏਹ ਸੁਣਦਿਆਂ ਸੰਤ ਮੰਗਲ ਸਿੰਘ ਜੀ ਜੈਕਾਰਾ ਬੁਲਾ ਦਿਤਾ। ਪੰਡਿਤ ਜਵਾਹਰ ਲਾਲ, ਡਾ. ਖਾਂ ਸਾਹਿਬ ਤੇ ਬਾਲੀ ਨੇ ਸਤਿ ਸ੍ਰੀ ਅਕਾਲ ਕਹਿ ਕੰਧਾਂ ਨੂੰ ਗੂੰਜਾ ਦਿਤਾ। ਪੰਡਿਤ ਜੀ ਨੇ ਸੁਨਹਿਰੀ ਅੱਖਰਾਂ ਨਾਲ ਲਿਖੇ ਜਾਨ ਵਾਲੇ ਕਾਗਜ਼ ਅਗੇ ਸਿਰ ਨਿਵਾਇਆ, ਤੇ ਆਖਿਆ "ਹਮੇਂ ਪਰਸ਼ਾਦ ਚਾਹੀਏ ਥਾ, ਵੋਹ ਮਿਲ ਗਿਆ।" ਪ੍ਰੈੱਸ ਰਿਪੋਰਟਰਾਂ ਨੇ ਝੁਰਮਟ ਪਾ ਦਿਤਾ। ਪੰਡਿਤ ਜੀ ਕਹਿਆ, "ਹਮੇਂ ਪਰਸਾਦ ਮਿਲ ਗਿਆ ਹੈ ਆਪ ਭੀ ਮੂੰਹ ਮੀਠਾ ਕਰੋ।" ਮਿਸ਼ਰੀ ਦਾ ਥਾਲ ਰਿਪੋਰਟਰਾਂ ਵਿਚ ਵੰਡ ਦਿਤਾ ਗਿਆ। ਪੰਡਿਤ ਜੀ ਸਾਥੀਆਂ ਸਮੇਤ ਕਾਰ ਵਿਚ ਬੈਠ ਡੇਰੇ ਚਲੇ ਗਏ। ਤੇ ਅਗਲੇ ਦਿਨ ਅਖਬਾਰਾਂ ਵਿਚ ਮੋਟੀਆਂ ਮੋਟੀਆਂ ਸੁਰਖੀਆਂ ਵਿਚ ਪ੍ਰਕਾਸ਼ਤ ਹੋਇਆ—

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ
ਕਾਂਗਰਸ ਨੂੰ ਕੋਰਾ ਚੈੱਕ"



Sri Satguru Jagjit Singh Ji eLibrary NamdhariElibrary@gmail.com

# ਰੂਸ ਦਰਬਾਰ ਵਿਚ ਕੂਕਾ ਨੇਤਾ ਗੁਰਚਰਨ ਸਿੰਘ

—ਪੀ. ਸੀ. ਰਾਏ

ਸ੍ਰੀ ਪ੍ਰਫੁਲ ਚੰਦਰ ਰਾਏ ਦਾ ਇਹ ਲੇਖ ੧੯੫੮ ਵਿਚ ਤ੍ਰਿਵੇਂਦਰਮ (ਕੇਰਲ) ਵਿਚ ਹੋਏ ਭਾਰਤੀ ਇਤਿਹਾਸ ਰਿਕਾਰਡ ਕਮਿਸ਼ਨ ਦੇ ਸਾਲਾਨਾ ਸੰਮੇਲਨ ਵਿਚ ਪੜ੍ਹਿਆ ਗਿਆ ਸੀ ਤੇ ਇਸ ਲੇਖ ਰਾਹੀਂ ਆਪ ਨੇ ਭਾਰਤ ਦੇ ਇਤਿਹਾਸਕਾਰਾਂ ਨੂੰ ਪਹਿਲੀ ਵਾਰੀ ਸੂਬਾ ਗੁਰਚਰਨ ਸਿੰਘ ਰਾਹੀਂ ਬਣੇ ਭਾਰਤ-ਰੂਸ ਦੇ ਸੰਬੰਧਾਂ ਬਾਰੇ ਇਤਿਹਾਸਕ ਜਾਣਕਾਰੀ ਦਿਤੀ ਸੀ। ਸ੍ਰੀ ਰਾਏ ਭਾਰਤ ਦੇ ਕੇਂਦਰੀ ਸੂਚਨਾ ਵਿਭਾਗ ਵਿਚ ਰੀਸਰਚ ਆਫ਼ੀਸਰ ਹਨ ਤੇ ਆਪ ਨਾਮਧਾਰੀ ਇਤਿਹਾਸ ਸੰਬੰਧੀ ਕੰਮ ਕਰ ਰਹੇ ਹਨ।

ਸ੍ਰੀ ਰਾਏ ਦਾ ਇਹ ਲੇਖ ਅਸੀਂ ਬੰਗਾਲੀ ਲੇਖਕਾਂ ਦੇ ਪਤਰ 'ਪਰੀਸ਼ਦ ਵਾਰਸ਼ਿਕ' ਵਿਚੋਂ ਅਨੁਵਾਦ ਕਰਕੇ ਦੇ ਰਹੇ ਹਾਂ ਤੇ ਇਸ ਲੇਖ ਨੂੰ ਛਾਪਣ ਦੀ ਆਗਿਆ ਦੇਣ ਬਦਲੇ ਅਸੀਂ ਆਪ ਦੇ ਰਿਣੀ ਹਾਂ। —ਅਮਰ ਭਾਰਤੀ*

ਉਨ੍ਹੀਵੀਂ ਸਦੀ ਦੇ ਅੱਧ ਵਿਚ ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਵਿਚ ਆਮ ਸਿਖਾਂ ਵਲੋਂ ਆਜ਼ਾਦੀ ਲਈ ਸੰਗਰਾਮ ਕੂਕਾ ਵਿਦਰੋਹ ਤੋਂ ਸ਼ੁਰੂ ਹੋਇਆ। ਨਾਮਧਾਰੀ ਸੰਪਰਦਾ ਹੀ ਕੂਕਾ ਨਾਮ ਨਾਲ ਪਰਸਿਧ ਹੈ। ਗੁਰੂ ਨਾਨਕ ਵਲੋਂ ਚਲਾਏ ਸਿਖ ਧਰਮ ਦੀ ਰਖਵਾਲੀ ਤੇ ਪਰਚਾਰ ਦੇ ਉਦੇਸ਼ ਨਾਲ ਹਜ਼ਰੋ ਦੇ ਵਾਸੀ ਗੁਰੂ ਬਾਲਕ ਸਿੰਘ ਨੇ ਇਸ ਸੰਪਰਦਾ ਦੀ ਰਚਨਾ ਕੀਤੀ।

ਨਿਰੋਲ ਧਰਮ-ਪ੍ਰੇਰਨਾ ਦੇ ਅਧੀਨ ਸੰਗਠਨ ਬਣਨ ਤੇ ਵੀ ਭਾਰਤ ਦੇ ਆਜ਼ਾਦੀ ਲਈ ਸੰਗਰਮ ਦੇ ਇਤਿਹਾਸ ਵਿਚ ਕੂਕਿਆਂ ਦੇ ਦਾਨ ਨੇ ਇਕ ਉਜਲੇ ਅਧਿਆਏ ਦੀ ਰਚਨਾ ਕੀਤੀ ਹੈ।

ਪੁਰਾਤਨ ਧਰਮ ਵਿਚ ਪਰਾਣਾ ਦਾ ਸੰਚਾਰ ਕਰਕੇ ਉਸ ਵੇਲੇ ਸਿਖ ਸੰਪਰਦਾ ਵਿਚੋਂ ਇਕ ਬੇ-ਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀ ਗੋਚਰ ਹੋਈ। ਅਨੇਕਾਂ ਤਰ੍ਹਾਂ ਦੇ ਇਤਿਹਾਸਕ ਉਤਾਰਾਂ ਚੜ੍ਹਾਵਾਂ ਹਮਲਿਆਂ ਤੇ ਜਵਾਬੀ ਹਮਲਿਆਂ ਦੇ ਨਤੀਜੇ ਵਜੋਂ ਪੰਜਾਬ ਦੀ ਹਾਲਤ ਵਿਚ ਏਨੀ ਤੇਜ਼ੀ ਨਾਲ ਤਬਦੀਲੀ ਆਈ ਕਿ ਮਜਬੂਰੀ ਵਿਚ ਧਰਮ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਇਕ ਬਦੇਸ਼ੀ ਰਾਜ ਨਾਲ ਸੰਬੰਧ ਜੋੜ ਕੇ ਉਸਦੀ ਸਹਾਇਤਾ ਹਾਸਲ ਕਰਨ ਦਾ ਜਤਨ ਕਰਨਾ ਪਿਆ। ਸਿਖ ਰਾਜ ਦੇ ਖਾਤਮੇ ਕਰਕੇ ਖਾਲਸਾ ਫ਼ੌਜ ਦੇ ਬਹੁਤੇ ਸਿਖ ਬੇਕਾਰ ਹੋ ਗਏ। ਉਨ੍ਹਾਂ ਲਈ ਨਿਰਾ ਖੇਤੀਬਾੜੀ ਉਤੇ ਨਿਰਭਰ ਰਹਿਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿਚ ਗੁਜ਼ਾਰਾ ਕਰਨ ਲਈ ਖੇਤੀ ਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹਲਵਾਹਕ ਸਨ—ਸੋ ਇਸ ਕੰਮ ਰਾਹੀਂ ਪਰਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿਚ ਬਾਲਣ ਪਾਇਆ ਅੰਗਰੇਜ਼ਾਂ ਦੀ ਲੁਟ-ਘਸੁਟ ਦੀ ਨੀਤੀ ਨੇ। ਬੇਜ਼ਮੀਨ ਕਿਸਾਨ ਸਮਾਜ ਨੇ ਨਾਮਧਾਰੀ ਸੰਪਰਦਾ ਦੇ ਇਸ ਮੁੜ ਜਾਗਰਨ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਨ ਵਿਚੋਂ ਆਪਣਾ ਆਜ਼ਾਦੀ ਦਾ ਰਾਹ ਲੱਭਿਆ ਤੇ ਖਾਸ ਕਰਕੇ ਕੂਕਾ ਸੰਪਰਕ ਦੇ ਜਨਕ ਗੁਰੂ ਬਾਲਕ ਸਿੰਘ ਦੇ ਉਤਰਾਧਿਕਾਰੀ ਜ਼ਿਲਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ, ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਨ ਦੀ ਨੀਂਹ ਪੱਕੀ ਕਰ ਦਿਤੀ ਤੇ ਹੌਲੀ ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਨ ਬਣ ਗਿਆ।

ਸਿਖਾਂ ਦੇ ਇਸ ਸੰਗਠਨ ਕਰਕੇ ਪੰਜਾਬ ਦੇ ਉਸ ਵੇਲੇ ਦੇ ਅੰਗਰੇਜ਼ ਹਾਕਮ ਬਹੁਤ ਹੀ ਘਬਰਾਏ। ਪੰਜਾਬ ਦੇ ਜਾਸੂਸੀ ਮਹਿਕਮੇ ਨੂੰ ਕੂਕਿਆਂ ਦੀਆਂ ਸਰਗਰਮੀਆਂ ਨੂੰ ਧਿਆਨ ਵਿਚ ਰਖਣ ਦਾ ਹੁਕਮ ਦਿਤਾ ਗਿਆ। ਗੁਰੂ ਰਾਮ ਸਿੰਘ ਜੀ ਦੇ ਬਾਹਰ ਅੰਦਰ ਜਾਣ ਆਉਣ ਉਤੇ ਪਾਬੰਦੀ ਲਗਾ ਦਿਤੀ ਗਈ। ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਦਸਿਆ ਕਿ ਕੂਕੇ ਗੁਪਤ ਅੰਦੋਲਨ ਚਲਾ ਰਹੇ ਹਨ। ਇਹ ਫਸਾਦੀ ਹਨ ਤੇ ਪੰਜਾਬ ਦੇ ਅਮਨ ਲਈ ਖਤਰਾ ਹਨ। ਨਤੀਜੇ ਵਜੋਂ ਤੁਛ ਕਾਰਨ ਤੋਂ ਰਾਜ-ਸ਼ਕਤੀ ਨਾਲ

*ਇਹ ਨੋਟ ਸੰਨ ੧੯੬੬ ਵਿਚ ਲਿਖਿਆ ਸੀ।
—ਸੰਪਾਦਕ ਵਰਿਆਮ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਦਾ ਸੰਘਰਸ਼ ਅਰੰਭ ਹੋ ਗਿਆ। ਅੰਗਰੇਜ਼ ਹਾਕਮਾਂ ਵਲੋਂ ਗਊ ਹੱਤਿਆ ਬੰਦ ਕਰਨ ਦਾ ਇਕਰਾਰ ਤੋੜਨ ਤੇ ਮਲੇਰਕੋਟਲੇ ਵਿਚ ਕੂਕਿਆਂ ਵਲੋਂ ਜਿਹੜਾ ਸੁਤੇ ਸਿੱਧ ਵਿਰੋਧ ਉਠਿਆ, ਹਾਕਮਾਂ ਵਲੋਂ ਉਸਨੂੰ ਦਬਾਉਣ ਲਈ ਪਰਚੰਡ ਦਮਨ ਨੀਤੀ ਅਪਨਾਏ ਜਾਣ ਕਰਕੇ ਉਹ ਝਗੜਾ ਵਿਆਪਕ ਵਿਦਰੋਹ ਦਾ ਰੂਪ ਧਾਰ ਗਿਆ।

ਅਨੇਕਾਂ ਵਿਦਰੋਹੀ ਕੂਕਿਆਂ ਨੇ ਜੰਗ ਵਿਚ ਸ਼ਹੀਦੀਆਂ ਪਾਈਆਂ। ਇਕ ਅਦਾਲਤੀ ਢੌਂਗ ਰਚ ਕੇ ਉਸਦੇ ਫੈਸਲੇ ਅਨੁਸਾਰ ਬਹੁਤ ਸਾਰੇ ਵਿਦਰੋਹੀਆਂ ਨੂੰ ਅੱਗ ਉਗਲਦੀਆਂ ਤੋਪਾਂ ਅਗੇ ਖਲਿਹਾਰ ਕੇ ਉੜਾ ਦਿਤਾ ਗਿਆ। ਕੁਛ ਦੇਸ਼ ਭਗਤਾਂ ਨੂੰ ਜੇਹਲਾਂ ਦੀਆਂ ਕੰਧਾਂ ਪਿਛੇ ਡੱਕ ਦਿਤਾ ਗਿਆ। ਅਤੇ ਅੰਤ ਵਿਚ ਕੂਕਾ ਨੇਤਾ ਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਬਰਮਾ ਦੀ ਮਰਗੋਈ ਜੇਲ੍ਹ ਵਿਚ ਭੇਜ ਦਿਤਾ।

ਬਦੇਸ਼ੀ ਹਾਕਮਾਂ ਦੇ ਜ਼ੁਲਮਾਂ ਨਾਲ ਅੰਦੋਲਨ ਦੀ ਰਫਤਾਰ ਕੁਝ ਰੁਕ ਜਾਣ ਤੇ ਵੀ ਉਸ ਦੀ ਧਾਰਾ ਫਲਗੂ ਨਦੀ ਵਾਂਗ ਲੋਕ-ਅੱਖਾਂ ਤੋਂ ਉਹਲੇ ਉਹਲੇ ਵਹਿੰਦੀ ਰਹੀ। ਇਸ ਗੁਪਤ ਅੰਦੋਲਨ ਦੀ ਅਗਵਾਈ ਗੁਰੂ ਰਾਮ ਸਿੰਘ ਜੀ ਦੇ ਭਰਾਤਾ ਬੁਧ ਸਿੰਘ ਜੀ ਨੇ ਸੰਭਾਲ ਲਈ। ਮਰਗੋਈ ਜੇਲ੍ਹ ਨਿਰਵਾਸਿਤ ਗੁਰੂ ਨਾਲ ਚਿੱਠੀ ਪਤਰ ਦੇ ਸੰਬੰਧ ਜੋੜਨੇ ਅਤੇ ਵਿਰੋਧੀ ਸੰਗਰਾਮ ਵਿਚ ਰੂਸੀ ਸ਼ਕਤੀ ਦੀ ਸਹਾਇਤਾ ਪ੍ਰਾਪਤੀ ਦੇ ਜਤਨ ਕੂਕਾ ਅੰਦੋਲਨ ਕਾਰੀਆਂ ਵਲੋਂ ਬਾਅਦ ਵਿਚ ਅਪਣਾਏ ਜਾਣ ਵਾਲੇ ਗੁਪਤ ਦਾਅ ਪੇਚਾਂ ਦੀ ਖਾਸ ਮਹਾਨਤਾ ਹੈ।

ਅਜੇਹੇ ਸਮੇਂ ਅੰਗਰੇਜ਼ ਅਫਗਾਨ ਜੰਗ ਨੇ ਇਸ ਨਵੇਂ ਤਰੀਕੇ ਨੂੰ ਅਮਲ ਵਿਚ ਲਿਆਉਣ ਵਿਚ ਕਾਫੀ ਮਦਦ ਕੀਤੀ। ਮੁਸਲਿਮ ਧਰਮ ਨੂੰ ਮੰਨਣ ਵਾਲੇ ਅਫਗਾਨ, ਸਿਖਾਂ ਲਈ ਭਾਵੇਂ ਕਿੰਨੇ ਵੀ ਓਪਰੇ ਹੋਣ ਪਰ ਅੰਗਰੇਜ਼ਾਂ ਨੂੰ ਕਢਣ ਦੇ ਮਾਮਲੇ ਵਿਚ ਉਹ ਸਿਖਾਂ ਦੇ ਭਾਈ ਬਣ ਗਏ। ਜੰਗ ਵਿਚ ਥੱਕੇ ਹਾਰੇ ਅੰਗਰੇਜ਼ਾਂ ਨੂੰ ਇਸ ਸੰਕਟ ਵੇਲੇ ਅੰਤਿਮ ਸੱਟ ਮਾਰਨ ਲਈ ਕੂਕਾ ਨੇਤਾਵਾਂ ਨੇ ਤਿਆਰੀ ਕੀਤੀ। ਮੱਧ ਏਸ਼ੀਆ ਵਿਚ ਰੂਸੀ ਸਾਮਰਾਜ ਦੇ ਲਗਾਤਾਰ ਪਸਾਰੇ ਦੀ ਗੱਲ ਕੂਕਿਆਂ ਤੋਂ ਲੁਕੀ ਨਹੀਂ ਸੀ ਹੋਈ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਅੰਗਰੇਜ਼ੀ ਹਕੂਮਤ ਦਾ ਖਾਤਮਾ ਕਰਨ ਲਈ ਅਫ਼ਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰ-ਦਸਤ ਹਮਲਾ ਕਰੇਗਾ। ਨੇਤਾਵਾਂ ਨੇ ਫੈਸਲਾ ਕੀਤਾ—ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦਿਵਾਇਆ ਜਾਵੇ ਕਿ ਉਨ੍ਹਾਂ ਵਲੋਂ ਭਾਰਤ ਵਿਚ ਅੰਗਰੇਜ਼ੀ ਰਾਜ ਉਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਉਨ੍ਹਾਂ ਦੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿਚ ਪੂਰਾ ਪੂਰਾ ਸਾਥ ਦੇਣਗੇ। ਕੂਕਾ—ਰੂਸ ਸਹਿਯੋਗਤਾ ਨਾਲ ਭਾਰਤ ਵਰਸ਼ ਵਿਚੋਂ ਅੰਗਰੇਜ਼ਾਂ ਦਾ ਰਾਜ ਖਤਮ ਹੋ ਜਾਏਗਾ। ਇੰਜ ਮਹਾਰਾਜਾ ਰਣਜੀਤ ਸਿੰਘ ਦਾ ਪੁਤਰ ਦਲੀਪ ਸਿੰਘ ਮੁੜ ਪੰਜਾਬ ਦਾ ਰਾਜ ਸਿੰਘਾਸਨ ਹਾਸਿਲ ਕਰੇਗਾ ਤੇ ਦੂਜੇ ਖੰਨੇ ਪੱਛਮ ਵਿਚ ਰੂਸੀ ਸ਼ਕਤੀ ਸ਼ਰੋਮਣੀ ਸ਼ਕਤੀ ਬਣ ਜਾਏਗੀ।

ਪਰ ਇਸ ਯੋਜਨਾ ਨੂੰ ਉਨ੍ਹਾਂ ਹਾਲਤਾਂ ਵਿਚ ਅਮਲੀ ਰੂਪ ਦੇਣਾ ਇਕ ਬਹੁਤ ਹੀ ਔਖਾ ਕੰਮ ਸੀ। ਇਕ ਤਾਂ ਮਧ ਏਸ਼ੀਆ ਦੇ ਬਿਖੜੇ ਅਲੰਘ ਰਾਹਾਂ ਨੂੰ ਪਾਰ ਕਰਕੇ ਜਾਣਾ ਔਖਾ ਸੀ, ਦੂਜਾ ਭਾਰਤਵਰਸ਼ ਦੀ ਉਸ ਵੇਲੇ ਦੀ ਵਿਸ਼ੇਸ਼ ਰਾਜਨੀਤਕ ਪ੍ਰਸਥਿਤੀ ਦਾ ਵਿਸ਼ਲੇਸ਼ਣ ਕਰਕੇ ਰੂਸ ਦੇ ਹਾਕਮਾਂ ਨੂੰ ਅੰਗਰੇਜ਼ ਵਿਰੋਧੀ ਚੜ੍ਹਾਈ ਲਈ ਤਿਆਰ ਕਰਨਾ ਵੀ ਸੌਖਾ ਨਹੀਂ ਸੀ।

ਅੰਗਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚ ਕੇ ਜੰਗ ਨਾਲ ਤਬਾਹ ਹੋਏ ਦੇਸ਼ ਦੇ ਵਿਚੋਂ ਦੀ ਲੰਘ ਕੇ ਜਾਣ ਲਈ ਖਾਸ ਕਿਸਮ ਦੀ ਦਲੇਰੀ ਤੇ ਬੁੱਧੀਮਤਾ ਦੀ ਲੋੜ ਸੀ। ਕੂਕਾ ਅੰਦੋਲਨ ਦੇ ਅੰਤਿਮ ਅਧਿਆਇ ਦੇ ਨਾਇਕ ਬਾਬਾ ਗੁਰਚਰਨ ਸਿੰਘ ਨੇ ਆਪਣਾ ਸਿਰ ਤ੍ਰਲੀ 'ਤੇ ਧਰ ਕੇ ਇਹ ਵਡੀ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਨਾਨਕ ਦੇ ਸਿਖ ਤੇ ਸਹਿਯੋਗੀ ਭਾਈ ਪਿਰਾਨਾ, ਗੁਰਚਰਨ ਸਿੰਘ ਦੇ ਪੁਰਖਿਆਂ ਵਿਚੋਂ ਸਨ। ਭਾਈ ਪਿਰਾਨਾ ਨੇ ਸਿਖੀ ਦੇ ਪ੍ਰਚਾਰ ਲਈ ਕਾਬਲ ਵਿਚ ਇਕ ਧਰਮਸ਼ਾਲਾ ਬਣਾਈ ਸੀ। ਓਥੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਚੇਲੇ ਬਣ ਗਏ ਸਨ। ਛੋਟੇ ਹੁੰਦਿਆਂ ਤੋਂ ਹੀ ਕਾਬਲ ਵਿਚ ਜਾਂਦੇ ਆਉਂਦੇ ਗੁਰਚਰਨ ਸਿੰਘ ਨੇ ਉਤਰਾਧਿਕਾਰ ਦੇ ਸਿਲਸਲੇ ਵਿਚ ਧਰਮਸ਼ਾਲਾ ਦੇ ਰਖਸ਼ਕ ਤੇ ਧਰਮ ਉਪਦੇਸ਼ਕ ਦੀ ਥਾਂ ਸੰਭਾਲੀ ਤੇ ਉਸਦਾ ਕਾਬੁਲ ਆਉਣਾ ਜਾਣਾ ਬਣਿਆ ਰਿਹਾ। ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿਣ ਤੋਂ ਬਾਦ ਵੀ ਉਸ ਦਾ ਕਾਬੁਲ ਵਿਚ ਆਉਣਾ ਜਾਣਾ ਬਰਾਬਰ ਜਾਰੀ ਰਿਹਾ। ਸੰਨ ੧੮੪੯ ਵਿਚ ਹੋਰ ਸਿਖ ਫੌਜੀਆਂ ਦੇ ਨਾਲ ਉਸ ਕੋਲੋਂ ਵੀ ਹਥਿਆਰ ਲੈ ਲਏ ਗਏ ਸਨ ਤੇ ਉਹ ਜ਼ਿਲਾ



Sri Satguru Jagjit Singh Ji eLibrary NamdhariElibrary@gmail.com

ਸਿਆਲਕੋਟ ਦੇ ਪਿੰਡ ਚੱਕ ਰਾਮਦਾਸ ਵਿਚ ਅਪਣੇ ਜੱਦੀ ਘਰ ਵਿਚ ਜਾ ਕੇ ਵਾਹੀ ਦੇ ਕੰਮ ਵਿਚ ਲਗ ਗਿਆ ਸੀ। ਲਗਪਗ ਸੰਨ ੧੮੭੦ ਦੇ ਲਾਗੇਚਾਗੇ ਗੁਰੂ ਰਾਮ ਸਿੰਘ ਜੀ ਨੇ ਧਰਮ ਪਰਚਾਰ ਦੇ ਸਿਲਸਲੇ ਵਿਚ ਆਇਆਂ ਹੋਇਆਂ ਗੁਰਚਰਨ ਸਿੰਘ ਦੇ ਘਰ ਦਰਸ਼ਨ ਦਿਤੇ ਤੇ ਉਸ ਦੀ ਸੇਵਾ ਅਤੇ ਨਿਮਰਤਾ ਤੇ ਖੁਸ਼ ਹੋਕੇ ਉਸ ਨੂੰ ਕੂਕਾ ਮਹੰਤ ਦੀ ਪਦਵੀ ਦਿਤੀ।

ਕੂਕਾ ਵਿਦਰੋਹ ਵਿਚ ਗੁਰਚਰਨ ਸਿੰਘ ਦਾ ਕੋਈ ਹਿਸਾ ਨਹੀਂ ਸੀ ; ਕਿਉਂਕਿ ਵਿਦਰੋਹ ਵੇਲੇ ਉਹ ਕਾਬੁਲ, ਗ਼ਜ਼ਨੀ ਆਦਿ ਥਾਵਾਂ ਤੇ ਘੁੰਮ ਰਿਹਾ ਸੀ ਤੇ ਪੰਜਾਬ ਤੋਂ ਬਾਹਰ ਸੀ। ਘਰ ਮੁੜ ਕੇ ਕੂਕਾ ਵਿਦਰੋਹ ਦੀ ਨਾਕਾਮੀ ਨੂੰ ਦਿਲੋਂ ਪਰਵਾਨ ਕਰਨਾ ਉਸ ਲਈ ਅਸੰਭਵ ਹੋ ਗਿਆ ! ਆਪਣੇ ਦੇਸ਼ ਤੇ ਆਪਣੀ ਜਾਤੀ ਦੀ ਖੁੱਸ ਚੁਕੀ ਮਰਯਾਦਾ ਨੂੰ ਮੁੜ ਹਾਸਿਲ ਕਰਨ ਲਈ ਉਸਨੇ ਕਮਰਕੱਸੇ ਕਰ ਲਏ। ਮੌਕਾ ਮਿਲਦਿਆਂ ਹੀ ਗੁਰੂ ਰਾਮ ਸਿੰਘ ਜੀ ਵਲੋਂ ਲਿਖਵਾਏ ਸੁਨੇਹੇ ਨੂੰ ਲੈ ਕੇ ਬਿਨਾਂ ਝਿਜਕ ਉਸ ਨੇ ਮਧ ਏਸ਼ੀਆ ਦੇ ਬਿਖੜੇ ਰਾਹਾਂ ਨੂੰ ਪਾਰ ਕਰਨਾ ਸ਼ੁਰੂ ਕਰ ਦਿਤਾ। ਘਰ ਦਾ ਮੋਹ ਬਿਰਧ ਨੂੰ ਥੋੜ੍ਹਾ ਹੀ ਸੀ। ਬਦੇਸ਼ ਯਾਤਰਾ ਤੋਂ ਪਹਿਲਾਂ ਘਰ ਵਾਲਿਆਂ ਨੂੰ ਉਹ ਸਿਰਫ ਏਨਾ ਹੀ ਆਖ ਗਿਆ ਕਿ ਇਸ ਵਾਰ ਵੀ ਉਹ ਪਹਿਲਾਂ ਵਾਂਗ ਕਾਬੁਲ ਹੀ ਜਾਏਗਾ।

ਅੰਗਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ ੯ ਮਈ ੧੮੭੯ ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਕੁਰਗਾਨ ਵਿਚ ਜਾ ਪਹੁੰਚਾ। ਇਸ ਬਿਰਧ ਸਿਖ ਦੀ ਆਮਦ ਅਤੇ ਖਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿਚ ਕਾਫੀ ਹਲਚਲ ਮਚਾ ਦਿਤੀ। ਜਰਾਵਾਸਗਸਕ ਦੇ ਹਾਕਮ ਮੇਅਰ ਜਨਰਲ ਐਨ. ਈ. ਈਵਾਨੋਵ ਕੋਲ ਖਬਰ ਪਹੁੰਚਣ ਤੇ ਉਸ ਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਲਈ ਸੱਦਾ ਘੱਲਿਆ, ਪਰ ਈਵਾਨੋਵ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੀ ਚਿੱਠੀ ਦਾ ਭਾਵ ਸਮਝਾਉਣਾ ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗਪਗ ਅਸੰਭਵ ਹੋ ਗਿਆ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿਚ ਗਏ ਹੋਏ ਇਕ ਭਾਰਤੀ ਵਪਾਰੀ ਨੇ ਪਹਿਲਾਂ ਉਸ ਚਿੱਠੀ ਦਾ ਫਾਰਸੀ ਭਾਸ਼ਾ ਵਿਚ ਤਰਜਮਾ ਕੀਤਾ। ਫ਼ਾਰਸੀ ਤੋਂ ਰੂਸੀ ਭਾਸ਼ਾ ਵਿਚ ਉਲਥਾਉਣਾ ਓਨਾਂ ਔਖਾ ਕੰਮ ਨਹੀਂ ਸੀ ਕਿਉਂਕਿ ਮੱਧ ਏਸ਼ੀਆ ਵਿਚ ਫ਼ਾਰਸੀ ਤੇ ਰੂਸੀ ਭਾਸ਼ਾਵਾਂ ਜਾਨਣ ਵਾਲੇ ਬਹੁਤ ਸਨ। ਇਸ ਚਿੱਠੀ ਵਿਚ ਰੂਸੀ ਹਾਕਮ ਨੂੰ ਸੰਬੋਧਨ ਕਰਕੇ ਲਿਖਿਆ ਸੀ—

'ਸੰਤ ਖਾਲਸੇ ਵਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ ਰਿਹਾ ਹਾਂ। ਇਹ ਆਪ ਨੂੰ ਸਾਰੀ ਗੱਲ ਖੋਹਲ ਕੇ ਦਸੇਗਾ।

ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਹਨ—ਔਰੰਗਜ਼ੇਬ ਦੇ ਅਤਿਆਚਾਰ ਤੋਂ ਖਾਲਸੇ ਦੇ ਮੁਕਤ ਹੋ ਜਾਣ ਤੇ ਵੀ ਅੰਗਰੇਜ਼ ਉਸ ਨੂੰ ਹਰਾ ਕੇ ਰਾਜ਼ ਕਰਨਾ ਸ਼ੁਰੂ ਕਰ ਦੇਣਗੇ। ਉਸ ਤੋਂ ਬਾਅਦ ਰੂਸ ਆਏਗਾ, ਉਹ ਜਿੱਤੇਗਾ ਤੇ ਅੰਗਰੇਜ਼ਾਂ ਨੂੰ ਭਾਜੜਾਂ ਪੈਣਗੀਆਂ। ਗੁਰੂ ਨਾਨਕ ਨੇ ਆਪ ਆਖਿਆ ਹੈ—ਪਵਿਤਰ ਧਰਮ ਰਖਿਆ ਲਈ ਮੈਂ ਫਿਰ ਦੇਹ ਰੂਪ ਵਿਚ ਆਵਾਂਗਾ। ਸ਼ੇਸ਼ ਨਾਗ ਪ੍ਰਿਥਵੀ ਦਾ ਆਸਰਾ ਹੈ, ਉਸ ਦਾ ਅੰਤ ਹੈ, ਪਰ ਬ੍ਰਹਮਾ ਤੇ ਵਿਸ਼ਨੂੰ ਜਿਨ੍ਹਾਂ ਦਾ ਆਧਾਰ ਸਤਿ ਤੇ ਦਇਆ ਹੈ ਉਨ੍ਹਾਂ ਦਾ ਅੰਤ ਨਹੀਂ। ਮੈਂ ਇਕ ਖੂਨੀ ਸੰਗਰਾਮ ਸ਼ੁਰੂ ਕਰਾਂਗਾ। ਸਾਧੂ ਸੱਜਣ ਇਸ ਲਹੂ ਦੇ ਹੜ੍ਹ ਨੂੰ ਵੇਖ ਕੇ ਨਹੀਂ ਡਰਨਗੇ, ਕਿਉਂਕਿ ਛੁਟਕਾਰਾ ਲਹੂ-ਵਹਿਣ ਰਾਹੀਂ ਆਵੇਗਾ। ਲਾਹੌਰ ਵਿਚ ਜਦੋਂ ਜੰਗ ਹੋਵੇਗੀ ਓਦੋਂ ਲਹੂ ਦੀ ਨਦੀ ਚੱਲੇਗੀ। ਦੁਸ਼ਮਨ ਨੂੰ ਹਥਿਆਰ ਤੇ ਘੋੜੇ ਨਹੀਂ ਲੱਭਣਗੇ। ਇਕ ਦਿਨ ਲਈ ਇਕ ਰੁਪਇਆ ਦੇਣਾ ਮੰਨਣ ਤੇ ਵੀ ਉਨ੍ਹਾਂ ਨੂੰ ਭਾੜੇ ਦੇ ਸਿਪਾਹੀ ਨਹੀਂ ਮਿਲਣਗੇ ..ਅਕਾਲ-ਪੁਰਖ ਸਾਡੀ ਸਹਾਇਤਾ ਤੇ ਆਏਗਾ ਉਸਦੀ ਜੈ ਹੋਵੇਗੀ ਹੀ।

"ਸਾਡੇ ਹੱਥ ਵਿਚ ਤਿੰਨ ਲਖ ਪੰਦਰਾਂ ਹਜ਼ਾਰ ਫੌਜ ਹੈ। ਲੋੜ ਪੈਣ ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਿਲ ਨਹੀਂ ਹੋਵੇਗੀ। ਅੰਗਰੇਜ਼ ਭਾਰਤਵਰਸ਼ ਉਤੇ ਚੌਤੀ ਸਾਲ ਰਾਜ ਕਰੇਗਾ। ਬੱਤੀ ਸਾਲ ਬੀਤ ਗਏ ਸਨ, ਬਾਕੀ ਹਨ ਸਿਰਫ ਦੋ ਸਾਲ। ਅਕਾਲ-ਪੁਰਖ ਆਪ ਅੰਗਰੇਜ਼ਾਂ ਦੀਆਂ ਬੈਰਕਾਂ ਖਾਲੀ ਕਰਾਏਗਾ—ਅਸੀਂ ਜੰਗ ਕਰਾਂਗੇ।

ਜਿਸ ਥਾਂ ਤੇ ਜਿੰਨੇ ਨਾਮਧਾਰੀ ਸਿਖ ਹਨ ਉਹ ਸਾਰੇ ਇਸ ਮੁਕਤੀ ਸੰਗਰਾਮ ਵਿਚ ਨਿਤਰਨਗੇ। ਇਸ ਜੁਧ ਵਿਚ ਨਾਮਧਾਰੀ ਸਿੰਘਾਂ ਨਾਲ ਰਲਕੇ ਜਿਹੜੇ ਅੰਗਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲ-ਪੁਰਖ ਦੇ ਸੱਚੇ ਸੇਵਕ ਹੋਣਗੇ।

"ਗੁਰੂ ਨਾਨਕ ਨੇ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਸੀ,



Sri Satguru Jagjit Singh Ji eLibrary NamdhariElibrary@gmail.com

ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ। ਤਿੰਨ ਲਖ ੧੫ ਹਜ਼ਾਰ ਸਿਖ ਤੁਹਾਡੇ ਨਾਲ ਹੋਣਗੇ, ਹੋਰ ਵੀ ਬੇਅੰਤ ਰਲ ਜਾਣਗੇ। ਤੁਸੀਂ ਆਣਕੇ ਸਾਨੂੰ ਜਿਵੇਂ ਚਲਾਓਗੇ, ਅਸੀਂ ਓਸੇ ਤਰ੍ਹਾਂ ਹੀ ਚੱਲਾਂਗੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਛਿਆ ਗਿਆ ਸੀ ਕਿ ਜੁੱਧ ਕਿਥੇ ਹੋਵੇਗਾ? ਉਨ੍ਹਾਂ ਨੇ ਜਵਾਬ ਵਿਚ ਕਿਹਾ ਸੀ—ਪਹਿਲਾਂ ਕਾਬੁਲ ਪਹਾੜ ਤੇ ਫਿਰ ਖਾਸ ਕਾਬੁਲ ਵਿਚ। ਉਸ ਤੋਂ ਬਾਦ ਜਮਰੋਦ, ਜੰਮੂ, ਲਾਹੌਰ ਤੇ ਫੀਰੋਜ਼ਪੁਰ। ਅੰਤਮ ਜੁੱਧ ਲੁਧਿਆਣੇ ਵਿਚ ਹੋਵੇਗਾ।

"ਬਾਬਾ ਬੁਧ ਸਿੰਘ ਸਭ ਕੁਝ ਜਾਣਦੇ ਹਨ। ਉਹ ਪਿੱਛੇ ਹਨ। ੩੪ ਸੂਬੇ ਉਨ੍ਹਾਂ ਦੇ ਹੁਕਮ ਵਿਚ ਹਨ।"

ਇਸ ਚਿੱਠੀ ਨੇ ਰੂਸ ਦਰਬਾਰ ਵਿਚ ਰੂਸੀ ਹਾਕਮਾਂ ਨੂੰ ਦੰਗ ਕਰ ਦਿਤਾ; ਕਿਉਂਕਿ ਇਸ ਤੋਂ ਪਹਿਲਾਂ ਜਿਹੜੇ ਮਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਭਾਰਤਵਰਸ਼ ਦੀ ਪ੍ਰਤੀਨਿਧਤਾ ਕਰਨ ਲਈ ਆਏ ਸਨ ਉਹ ਕਸ਼ਮੀਰ ਤੇ ਇੰਦੌਰ ਦੇ ਰਾਜਿਆਂ ਵਲੋਂ ਘੱਲੇ ਹੋਏ ਦੂਤ ਸਨ। ਗੁਰਚਰਨ ਸਿੰਘ ਇਕ ਬੇਪਛਾਣ ਆਮ ਹਿੰਦੋਸਤਾਨੀਆਂ ਦਾ ਪ੍ਰਤੀਨਿਧੀ ਸੀ। ਸੋ ਹਿੰਦੁਸਤਾਨ ਦੀ ਅਸਲ ਹਾਲਤ ਅਤੇ ਇਸ ਚਿੱਠੀ ਦੇ ਘਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਸਵਾਲ ਪੁਛੇ ਗਏ। ਸਰਕਾਰੀ ਹਾਕਮ ਐਨ. ਏ. ਕਰੋਲਕੋਵ ਦੇ ਸਵਾਲਾਂ ਦੇ ਜਵਾਬ ਵਿਚ ਗੁਰਚਰਨ ਸਿੰਘ ਨੇ ਕਿਹਾ ਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਉਨ੍ਹਾਂ ਦੇ ਭਰਾਤਾ ਬੁਧ ਸਿੰਘ ਜੀ ਨੇ ਕੂਕਾ ਸੰਪਰਦਾ ਦੀ ਅਗਵਾਈ ਸੰਭਾਲੀ ਹੈ। ਰੂਸੀ ਹਾਕਮਾਂ ਤਕ ਚਿੱਠੀ ਪੁਚਾ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਆਪ ਗੁਰਚਰਨ ਸਿੰਘ ਨੂੰ ਸੌਂਪੀ ਹੈ। ਕਰੋਲਕੋਵ ਨੇ ਗੁਰਚਰਨ ਸਿੰਘ ਬਾਰੇ ਕਿਹਾ—

'ਗੁਰਚਰਨ ਸਿੰਘ ਦਾ ਅਟੁਟ ਵਿਸ਼ਵਾਸ ਹੈ ਕਿ ਰੂਸੀ ਫ਼ੌਜ ਦੇ ਭਾਰਤ ਵਰਸ਼ ਵਿਚ ਪੈਰ ਰਖਦਿਆਂ ਹੀ ਹਰ ਇਕ ਭਾਰਤ ਵਾਸੀ ਬਿਨਾਂ ਜਾਤ-ਧਰਮ ਦਾ ਵਿਚਾਰ ਕੀਤਿਆਂ ਅੰਗਰੇਜ਼ਾਂ ਦੇ ਖਿਲਾਫ ਬਗ਼ਾਵਤ ਕਰੇਗਾ। ਇਸ ਵਿਸ਼ਵਾਸ ਦੇ ਮੂਲ ਵਿਚ ਫਿਰੰਗੀ (ਅੰਗਰੇਜ਼ਾਂ) ਦੇ ਪੰਜਾਬ ਉਤੇ ਕਬਜੇ ਤੋਂ ਬਹੁਤ ਪਹਿਲਾਂ ਸਾਧੂ-ਸੰਤਾਂ ਦੀ ਭਵਿਖ ਬਾਣੀ ਹੈ।'

ਕਰੋਲਕੋਵ ਦੀ ਇਸ ਰਾਏ ਵਿਚ ਖਾਸ ਕਰਕੇ ਇਹ ਦਸਿਆ ਗਿਆ ਹੈ ਕਿ ਗੁਰਚਰਨ ਸਿੰਘ ਆਪਣੇ ਦੇਸ਼ ਦੇ ਦੂਸਰੇ ਲੋਕਾਂ ਵਾਂਗ ਹੀ ਵਿਸ਼ਵਾਸ ਕਰਦਾ ਹੈ ਕਿ ਭਾਰਤ ਵਰਸ਼ ਉਤੇ ਕਬਜ਼ਾ ਕਰ ਲੈਣ ਤੇ ਵੀ ਰਾਜ ਭਾਗ ਸੰਭਾਲਣ ਜਾਂ ਭੋਗਣ ਦੀ ਇਛਿਆ ਰੂਸੀਆਂ ਵਿਚ ਨਹੀਂ ਹੈ। ਅੰਗਰੇਜ਼ਾਂ ਨਾਲ ਆਹਮੋ ਸਾਹਮਣੀ ਜੰਗ ਵਿਚ ਜਿੱਤ-ਹਾਰ ਦਾ ਇਕ ਅੰਤਿਮ ਫੈਸਲਾ ਕਰਨਾ ਹੀ ਭਾਰਤ ਉਤੇ ਰੂਸ ਦੀ ਚੜ੍ਹਾਈ ਦਾ ਮੁੱਖ ਉਦੇਸ਼ ਹੈ। ਕਿਉਂਕਿ ਸਮੁੰਦਰ ਦੇ ਘੇਰੇ ਵਿਚਲੇ ਦੀਪ ਵਿਚ ਰਹਿਣ ਵਾਲੇ ਅੰਗਰੇਜ਼ਾਂ ਨੂੰ ਸਿਧਿਆਂ ਕਰਨ ਜੋਗੀ ਸਬਲ ਸ਼ਕਤੀ ਰੂਸੀ ਅਜ ਤਕ ਇਕੱਠੀ ਨਹੀਂ ਕਰ ਸਕੇ। ਭਾਰਤ ਵਰਸ਼ ਵਿਚੋਂ ਅੰਗਰੇਜ਼ੀ ਹਕੂਮਤ ਖਤਮ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਅਰਪਨ ਕਰਕੇ ਰੂਸੀ ਭਾਰਤ ਵਰਸ਼ ਵਿਚੋਂ ਚਲੇ ਜਾਣਗੇ।

ਮੇਜਰ ਜਨਰਲ ਈਵਾਨੋਵ ਵੀ ਗੁਰਚਰਨ ਸਿੰਘ ਨਾਲ ਗੱਲਬਾਤ ਕਰਨ ਤੋਂ ਬਾਅਦ ਗੁਰਚਰਨ ਸਿੰਘ ਦੀ ਤਜਵੀਜ਼ ਉਤੇ ਬੇ-ਵਿਸ਼ਵਾਸੀ ਕਰਨ ਦਾ ਕੋਈ ਕਾਰਨ ਨਾ ਲੱਭ ਸਕਿਆ, ਸਗੋਂ ਉਸ ਨੇ ਅਨੁਭਵ ਕੀਤਾ ਕਿ ਆਜ਼ਾਦੀ ਹਾਸਲ ਕਰਨ ਦੀ ਗੁਲਾਮ ਭਾਰਤ ਦੀ ਚਾਹ ਕਿੰਨੀ ਜ਼ਬਰਦਸਤ ਹੈ। ਗੁਰਚਰਨ ਸਿੰਘ ਵਿਚੋਂ ਉਸ ਨੇ ਬੰਦੀ ਤੇ ਮਜ਼ਲੂਮ ਭਾਰਤ ਦੀ ਮੁਕਤ ਆਤਮਾ ਦੇ ਦਰਸ਼ਨ ਕੀਤੇ। ਸੋ ਸਮਰਕੰਦ ਵਿਚ ਗੁਰਚਰਨ ਸਿੰਘ ਨਾਲ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਗੁਰੂ ਰਾਮ ਸਿੰਘ ਜੀ ਵਲੋਂ ਭੇਜੀ ਗਈ ਚਿੱਠੀ ਉਪਰਲੇ ਹਾਕਮਾਂ ਦੀ ਸੋਚ-ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਕੋਲ ਭੇਜੇ। ਕਾਰਡ ਕਮਿਆਨ ਉਨ੍ਹਾਂ ਦਿਨਾਂ ਵਿਚ ਸੇਂਟ ਪੀਟਰ-ਸਬਰਗ ਵਿਚ ਸਨ। ਭਾਰਤ ਵਰਸ਼ ਬਾਬਤ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਭਾਰਤ ਵਰਸ਼ ਬਾਰੇ ਚੰਗੀ ਤਰ੍ਹਾਂ ਪ੍ਰੋਫੈਸਰ ਮਿਆਇਫ਼ ਦੀ ਰਾਏ ਜਾਨਣ ਦਾ ਜਤਨ ਕੀਤਾ। ਮਿਆਇਫ਼ ਨੇ ਉਨ੍ਹਾਂ ਨੂੰ ਕੂਕਾ ਅੰਦੋਲਨ ਦਾ ਆਰੰਭ, ਵਿਸਥਾਰ ਤੇ ਬਾਅਦ ਦੀ ਬਗਾਵਤ ਨੂੰ ਅੰਗਰੇਜ਼ਾਂ ਵਲੋਂ ਕੁਚਲੇ ਜਾਣ ਦੀ ਸਾਰੀ ਗੱਲ ਦਸੀ। ਆਜ਼ਾਦੀ ਹਾਸਿਲ ਕਰਨ ਦੇ ਜਤਨ ਸਰੂਪ ਗੁਰੂ ਰਾਮ ਸਿੰਘ ਜੀ ਵਲੋਂ ਮੱਧ ਏਸ਼ੀਆ ਵਿਚ ਦੂਤ ਘੱਲਣਾ ਉਨ੍ਹਾਂ ਨੂੰ ਅਤੀ ਸੁਭਾਵਕ ਜਾਪਿਆ। ਉਨ੍ਹਾਂ ਨੇ ਕਿਹਾ, ਗੁਰੂ ਨਾਨਕ ਪੰਦਰਵੀਂ ਸਦੀ ਵਿਚ ਹੋਏ ਹਨ। ੧੯ਵੀਂ ਸਦੀ ਵਿਚ ਰੂਸ ਵਲੋਂ ਭਾਰਤ ਉਤੇ ਹਮਲੇ ਬਾਰੇ ਉਨ੍ਹਾਂ ਦੀ ਭਵਿਖ ਬਾਣੀ ਵਿਸ਼ਵਾਸ ਯੋਗ ਨਹੀ—ਇਹ ਆਧੁਨਿਕ ਰਚਨਾ ਹੈ। ਮਿਨਾਇਫ਼ ਦੀ ਰਾਏ ਨੇ ਕਾਰਡ ਕਮਿਆਨ ਦੇ ਫੈਸਲੇ ਨੂੰ ਕਿੰਨਾ ਕੁ ਪਰਭਾਵਤ ਕੀਤਾ ਸੀ



Sri Satguru Jagjit Singh Ji eLibrary NamdhariElibrary@gmail.com

ਇਹ ਦੱਸਣਾ ਔਖਾ ਹੈ। ਪਰ ਇਹ ਗੱਲ ਮੰਨਣ ਵਾਲੀ ਨਹੀਂ ਕਿ ਉਸ ਜ਼ਮਾਨੇ ਦੀ ਰੂਸੀ ਬਦੇਸ਼ ਨੀਤੀ ਅਨੁਸਾਰ ਅੰਗਰੇਜ਼ਾਂ ਨਾਲ ਕਿਸੇ ਝਗੜੇ ਵਿਚ ਫਸਣਾ ਕਾਰਡ ਕਮਿਆਨ ਨੂੰ ਮੁਨਾਸਿਬ ਨਹੀਂ ਜਾਪਿਆ। ਉਸ ਦੇ ਹੁਕਮ ਅਨੁਸਾਰ ਗੁਰਚਰਨ ਸਿੰਘ ਦੇ ਹੱਥੀਂ ਹੇਠ ਲਿਖਿਆ ਜਵਾਬ ਘੱਲਿਆ ਗਿਆ।

'ਗੁਰੂ ਰਾਮ ਸਿੰਘ ਤੇ ਬਾਬਾ ਬੁੱਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖਤਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤ ਵਰਸ਼ ਦੀ ਪ੍ਰਸਥਿਤੀ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੀ ਭਵਿਖ ਬਾਨੀ ਬਾਰੇ ਸਾਨੂੰ ਜਾਨਕਾਰੀ ਮਿਲ ਗਈ ਹੈ। ਸਭ ਕੁਝ ਅਕਾਲ ਪੁਰਖ ਦੀ ਇਛਿਆ ਅਨੁਸਾਰ ਹੀ ਹੋਵੇਗਾ। ਇਹ ਗਲ ਮਹਾਂ ਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਕਿਸ ਵੇਲੇ ਆ ਜਾਏ।'

ਅਕਤੂਬਰ ਦੇ ਪਹਿਲੇ ਪੱਖ ਵਿਚ ਗੁਰਚਰਨ ਸਿੰਘ ਮੁੜਿਆ। ਫਿਰ ਓਹੋ ਮੁਸੀਬਤਾਂ ਭਰੇ ਰਾਹ। ਪਰ ਹੁਣ ਗੁਰਚਰਨ ਸਿੰਘ ਖੁਸ਼ੀ ਨਾਲ ਫੁਲਿਆ ਨਹੀਂ ਸੀ ਸਮਾਉਂਦਾ। ਕਿਉਂਕਿ ਮੱਧ ਏਸ਼ੀਆ ਵਿਚ ਉਸ ਦੀ ਯਾਤਰਾ ਸਫਲ ਹੋ ਗਈ ਸੀ। ਉਥੇ ਸਵਾਗਤ ਤੇ ਆਦਰ ਭਰਪੂਰ ਉਤਰ ਮਿਲਿਆ ਉਸ ਦੀ ਲੰਮੀ ਗੈਰ ਹਾਜ਼ਰੀ ਵਿਚ ਉਹਦੀ ਪਤਨੀ ਤੇ ਪਰਵਾਰ ਦੇ ਜੀਅ ਕਿਵੇਂ ਆਰਥਕ ਮੁਸੀਬਤਾਂ ਦੇ ਦਿਨ ਕੱਟਦੇ ਹੋਣਗੇ ਤੇ ਇਸ ਵਾਰ ਪਰਦੇਸ ਵਿਚੋਂ ਉਸ ਨੇ ਇਕ ਵੀ ਚਿੱਠੀ ਆਪਣੇ ਘਰ ਨਹੀਂ ਸੀ ਪਾਈ ਇਸ ਲਈ ਉਸ ਦੇ ਘਰ ਵਾਲੇ ਕਿੰਨੇ ਫਿਕਰਮੰਦ ਹੋਣਗੇ—ਇਹ ਸਭ ਕੁਝ ਸੋਚਣ ਦਾ ਸਮਾਂ ਗੁਰਚਰਨ ਸਿੰਘ ਕੋਲ ਨਹੀਂ ਸੀ। ਉਹ ਕੂਕਾ ਅੰਦੋਲਨ ਦੇ ਉਜਲੇ ਭਵਿਖ ਦੀ ਸੰਭਾਵਨਾ ਬਾਰੇ ਸੋਚ ਵਿਚ ਹੀ ਮਸਤ ਤੇਜ਼ੀ ਨਾਲ ਅਗਾਂਹ ਵਧਦਾ ਰਿਹਾ। ਇਸ ਮਸਤੀ ਵਿਚ ਉਹ ਇਹ ਵੀ ਨਾ ਜਾਣ ਸਕਿਆ ਕਿ ਬ੍ਰਿਟਿਸ਼ ਸਰਕਾਰ ਦਾ ਜਾਸੂਸ ਗੁਲਾਮ ਖਾਂ ਉਸ ਦਾ ਪਿਛਾ ਕਰ ਰਿਹਾ ਹੈ।

ਗੁਰਚਰਨ ਸਿੰਘ ਦਾ ਮੱਧ ਏਸ਼ੀਆ ਵਿਚ ਆਗਮਨ, ਗੁਰੂ ਰਾਮ ਸਿੰਘ ਜੀ ਦੀ ਚਿੱਠੀ, ਰੂਸ ਸਰਕਾਰ ਵਲੋਂ ਆਦਰ ਸਤਿਕਾਰ ਤੇ ਚਿੱਠੀ ਦੇ ਉੱਤਰ ਬਾਰੇ ਸਾਰੀ ਗਲਬਾਤ ਗੁਲਾਮ ਖਾਂ ਨੇ ਕੁੱਤਾ ਕੁਰਗਾਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਦੱਸ ਘੱਲੀ ਸੀ। ਅੰਗਰੇਜ਼ ਹਾਕਮਾਂ ਦੇ ਹੁਕਮ ਨਾਲ ਗੁਲਾਮ ਖ਼ਾਂ ਨੇ ਗੁਰਚਰਨ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪਿਸ਼ਾਵਰ ਦੀ ਇਕ ਸਰਾਂ ਵਿਚ ਉਸਨੇ ਗੁਰਚਰਨ ਸਿੰਘ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਰੂਸੀ ਜਾਸੂਸ ਦਸਿਆ। ਗੱਲਬਾਤ ਵਿਚ ਉਸ ਨੇ ਗੁਰਚਰਨ ਸਿੰਘ ਨੂੰ ਦਸਿਆ ਕਿ ਉਹ ਰੂਸੀ ਤੁਰਕਿਸਤਾਨ ਨੂੰ ਮੁੜ ਕੇ ਜਾ ਰਿਹਾ ਹੈ। ਗੁਰਚਰਨ ਸਿੰਘ ਨੇ ਦੋ ਚਿੱਠੀਆਂ ਗੁਲਾਮ ਖਾਂ ਦੇ ਹੱਥ ਰੂਸੀ ਹਾਕਮਾਂ ਨੂੰ ਦੇਣ ਲਈ ਲਿਖ ਕੇ ਦੇ ਦਿੱਤੀਆਂ।

ਇਸ ਤੋਂ ਬਾਅਦ ਪੰਜਾਬ ਪੁਲਿਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਸ ਸਾਰੀ ਸਾਜ਼ਸ਼ ਦੀ ਜੜ੍ਹ ਗੁਰਚਰਨ ਸਿੰਘ ਹੀ ਹੈ, ਹਾਲਾਂ ਕਿ ਪੁਲਿਸ ਆਪਣੀ ਹਿਰਾਸਤ ਵਿਚ ਗੁਰਚਰਨ ਸਿੰਘ ਉਤੇ ਬਹੁਤ ਜਿਰ੍ਹਾ ਕਰਨ ਤੇ ਵੀ ਉਸ ਕੋਲੋਂ ਕੋਈ ਗਲ ਨਹੀਂ ਸੀ ਮਨਵਾ ਸਕੀ। ਪੁਛ ਗਿਛ ਕਰਨ ਵਾਲੇ ਪੁਲਿਸ ਅਫਸਰ ਚਾਰਲਸ ਬ੍ਰਾਊਨ ਨੇ ਦੁਖ ਨਾਲ ਆਪਣੀ ਡਾਇਰੀ ਵਿਚ ਲਿਖਿਆ ਸੀ—ਗੁਰਚਰਨ ਸਿੰਘ ਦੀ ਯਾਦਦਾਸ਼ਤ ਏਨੀ ਤਿੱਖੀ ਹੈ ਕਿ ਵੇਖ ਕੇ ਅਚਰਜ ਹੁੰਦਾ ਹੈ ਪਰ ਪਿਛਲੇ ਢਾਈ ਸਾਲਾਂ ਤੋਂ ਉਹ ਅਫਗਾਨਿਸਤਾਨ ਵਿਚ ਕਿਸ ਕਿਸ ਥਾਂ ਤੇ ਘੁੰਮਿਆ ਫਿਰਿਆ ਹੈ ਉਸ ਬਾਰੇ ਉਸ ਨੂੰ ਮੂਲੋਂ ਹੀ ਚੇਤਾ ਨਹੀਂ ਆ ਰਿਹਾ।

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਰਾਬਰਟ ਈਗਾਰਟਨ ਨੇ ਗੁਰਚਰਨ ਸਿੰਘ ਦੀ ਨਕਲੋਂ ਹਰਕਤ ਵਲ ਉਚੇਚਾ ਧਿਆਨ ਦਿਤਾ। ਉਸਨੇ ਖਿਆਲ ਕੀਤਾ ਕਿ ਗੁਰਚਰਨ ਸਿੰਘ ਨੂੰ ਕਾਫੀ ਲੰਮੇ ਸਮੇਂ ਤਕ ਜੇਹਲ ਵਿਚ ਰਖਣ ਤੋਂ ਬਿਨਾ ਚਿਠੀਆਂ ਵਿਚ ਉਸਨੇ ਰੂਸੀ ਹਾਕਮਾਂ ਨੂੰ ਲਿਖਿਆ ਕਿ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭਵਿਖ ਬਾਣੀ ਉਤੇ ਬੇਵਿਸ਼ਵਾਸੀ ਕਰਨ ਦੀ ਵਜਾਹ ਨਹੀਂ ਕਿਉਂਕਿ ਗੁਰੂਆਂ ਦੀ ਗੱਲ ਅੱਖਰ ਅੱਖਰ ਫਲਣੀ ਸ਼ੁਰੂ ਹੋ ਗਈ ਹੈ। ਅਫ਼ਗਾਨਾਂ ਨੇ ਅੰਗਰੇਜ਼ਾਂ ਉਤੇ ਜ਼ਬਰਦਸਤ ਹਮਲਾ ਕੀਤਾ ਹੈ ਤੇ ਅੰਗਰੇਜ਼ ਆਪਣੀ ਫੌਜ ਆਦਿ ਸਮੇਤ ਕਾਬੁਲ ਤੋਂ ਪਿਛੇ ਹਟ ਗਏ ਹਨ। ਆਪਣੇ ਬਾਰੇ ਉਸ ਨੇ ਲਿਖਿਆ ਕਿ ਉਹ ਪੂਰੀ ਤਰ੍ਹਾਂ



Sri Satguru Jagjit Singh Ji eLibrary NamdhariElibrary@gmail.com

ਸੁਰਖਸ਼ਤ ਹੈ ਤੇ ਗੁਰੂ ਰਾਮ ਸਿੰਘ ਜੀ ਨੂੰ ਚਿੱਠੀ ਦੇਣ ਲਈ ਛੇਤੀ ਹੀ ਬਰ੍ਹਮਾ ਨੂੰ ਜਾਏਗਾ ਤੇ ਗੁਰੂ ਜੀ ਦਾ ਉੱਤਰ ਲਿਆਵੇਗਾ।

ਗੁਲਾਬ ਖ਼ਾਂ ਨੇ ਗੁਰਚਰਨ ਸਿੰਘ ਦੀਆਂ ਚਿੱਠੀਆਂ ਪਿਸ਼ਾਵਰ ਦੇ ਕਮਿਸ਼ਨਰ ਨੂੰ ਜਾ ਦਿਤੀਆਂ। ਨਤੀਜੇ ਵਜੋਂ ਲਾਹੌਰ ਪਹੁੰਚਦਿਆਂ ਹੀ ਗੁਰਚਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਕਿਹਾ ਗਿਆ ਕਿ ਪੁਲਿਸ ਦੀ ਆਗਿਆ ਤੋਂ ਬਿਨਾਂ ਉਹ ਲਾਹੌਰ ਤੋਂ ਬਾਹਰ ਨਾ ਜਾਵੇ। ਗੁਰਚਰਨ ਸਿੰਘ ਪੁਲਿਸ ਦੇ ਹੁਕਮ ਦੀ ਉਲੰਘਣਾ ਕਰਕੇ ਵਲਵੇਂ ਰਾਹ ਭੈਣੀ ਸਾਹਿਬ ਜਾ ਕੇ ਬਾਬਾ ਬੁਧ ਸਿੰਘ ਜੀ ਨੂੰ ਮਿਲਿਆ ਤੇ ਕੂਕੇ ਸੇਵਕਾਂ ਰਾਹੀਂ ਰੂਸੀ ਹਾਕਮਾਂ ਦੀ ਚਿੱਠੀ ਬਰ੍ਹਮਾ ਗੁਰੂ ਰਾਮ ਸਿੰਘ ਜੀ ਕੋਲ ਪੁਚਾਣ ਦਾ ਬੰਦੋਬਸਤ ਕਰਕੇ ਆਪਣੇ ਪਿੰਡ ਚੱਕ ਪਿਰਾਨਾ ਨੂੰ ਚਲਿਆ ਗਿਆ। ਪੁਲਿਸ ਨੇ ਓਥੇ ਪੁਜਦਿਆਂ ਹੀ ਉਹਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਆਂਦਾ।

ਗੁਰਚਰਨ ਸਿੰਘ ਜਦੋਂ ਲਾਹੌਰ ਪੁਲਿਸ ਦੀ ਹਿਰਾਸਤ ਵਿਚ ਕਈ ਤਰ੍ਹਾਂ ਦੀ ਜਿਰਹ ਤੋਂ ਤੰਗ ਪਿਆ ਹੋਇਆ ਸੀ ਓਦੋਂ ਪੰਜਾਬ ਪੁਲਿਸ ਕੋਲ ਉੱਤੋੜੁੱਤੀ ਦੋ ਸੁਨੇਹੇ ਆਏ। ਬ੍ਰਿਟਿਸ਼-ਬਰ੍ਹਮਾ ਦੇ ਇਨਸਪੈਕਟਰ ਜਨਰਲ ਆਫ ਪੁਲਿਸ ਨੇ ਲਿਖਿਆ ਕਿ ੨੪ ਜਨਵਰੀ (੧੮੮੧) ਨੂੰ ਦੋ ਕੂਕੇ ਮੌਲਮੀਨ ਤੋਂ 'ਸਿਆਵਜ' ਜਹਾਜ਼ ਤੇ ਚੜ੍ਹ ਕੇ ਮਰਗੋਈ ਪਹੁੰਚੇ ਹਨ— ਇਕ ਦਾ ਨਾਮ ਮੀਂਹਾਂ ਸਿੰਘ ਹੈ ਤੇ ਦੂਜੇ ਦਾ ਸੰਤ ਸਿੰਘ। ਪਹਿਲੇ ਦੀ ਉਮਰ ਸਤਾਈ ਹੈ ਤੇ ਦੂਜੇ ਦੀ ਪੈਂਤੀ ਸਾਲ। ਇਨ੍ਹਾਂ ਦੇ ਆਉਣ ਦੀ ਖਬਰ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਦੋਹਾਂ ਨੂੰ ਫੌਰਨ ਮਰਗੋਈ ਤੋਂ ਚਲੇ ਜਾਣ ਦਾ ਹੁਕਮ ਦਿਤਾ। ਦੋਹਾਂ ਨੇ ਹੀ ਅਗਲੇ ਦਿਨ ਮਰਗੋਈ ਛਡ ਜਾਣ ਦਾ ਇਕਰਾਰ ਕੀਤਾ। ਪੁਲਿਸ ਨੇ ਸਾਵਧਾਨੀ ਲਈ ਗੁਰੂ ਰਾਮ ਸਿੰਘ ਦੀ ਬੰਦੀਸ਼ਾਲਾ ਦਵਾਲੇ ਪਹਿਰਾ ਹੋਰ ਸਖਤ ਕਰ ਦਿਤਾ। ਫਿਰ ਵੀ ਅਗਲੇ ਦਿਨ ਮੀਂਹਾਂ ਸਿੰਘ ਨੂੰ ਗੁਰੂ ਰਾਮ ਸਿੰਘ ਜੀ ਕੋਲ ਵੇਖਿਆ ਗਿਆ। ਮੀਂਹਾਂ ਸਿੰਘ ਤੇ ਸੰਤ ਸਿੰਘ—ਦੋਹਾਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸੇ ਦਿਨ ਹੀ ਦੋਹਾਂ ਨੂੰ ਕਲਕੱਤੇ ਘੱਲ ਦਿਤਾ ਗਿਆ।

ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਲੈਮਬਰਟ ਨੇ ਦੂਜਾ ਸੁਨੇਹਾ ਘੱਲਿਆ। ਉਸ ਨੇ ਲਿਖਿਆ ਕਿ ਬਰ੍ਹਮਾ ਤੋਂ ਮੁੜੇ ਦੋ ਸਿੱਖ ਮੀਂਹਾਂ ਸਿੰਘ ਤੇ ਸੰਤ ਸਿੰਘ ਕਲਕੱਤੇ ੬ ਨੰਬਰ ਮਛੂਆ ਬਾਜ਼ਾਰ ਸਟਰੀਟ ਵਿਚ ਬਨਬਿਹਾਰੀ ਸਿੰਘ ਕੂਕੇ ਦੇ ਘਰ ਠਹਿਰੇ ਹਨ। ਇਕ ਮਹੀਨਾ ਪਹਿਲਾਂ ਕਲਕੱਤਾ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਇਹ ਬਰ੍ਹਮਾ ਗਏ ਸਨ। ਮੀਂਹਾਂ ਸਿੰਘ ਦੇ ਗਲ ਹਾਂਗਕਾਂਗ ਪੁਲਿਸ ਦਾ ਲਿਬਾਸ ਸੀ। ਉਸ ਨੇ ਆਪਣੇ ਆਪ ਨੂੰ ਹਾਂਗਕਾਂਗ ਪੁਲਿਸ ਦਾ ਆਦਮੀ ਦੱਸਿਆ ਸੀ—ਜਦੋਂ ਕਿ ਅਸਲ ਵਿਚ ਉਸਨੇ ਹਾਂਗਕਾਂਗ ਪੁਲਿਸ ਵਿਭਾਗ ਵਿਚੋਂ ਦੋ ਸਾਲ ਪਹਿਲਾਂ ਅਸਤੀਫਾ ਦੇ ਦਿਤਾ ਹੋਇਆ ਸੀ। ਉਨ੍ਹਾਂ ਦਾ ਬਰ੍ਹਮਾ ਜਾਣ ਦਾ ਉਦੇਸ਼ ਸੀ—(ਗੁਰੂ) ਰਾਮ ਸਿੰਘ ਜੀ ਨੂੰ ਮਿਲਣਾ ਅਤੇ ਇਸ ਸਿਲਸਿਲੇ ਵਿਚ ਮੌਲਮੀਨ ਜੇਹਲ ਦੇ ਕਾਂਨਸਟੇਬਲ ਹਰਨਾਮ ਸਿੰਘ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਹੈ।

ਬਿਨਾ ਮੁਕੱਦਮਾ ਚਲਾਇਆਂ ਕੈਦ ਰੱਖਣਾ ਉਨ੍ਹਾਂ ਦਿਨਾਂ ਵਿਚ ਸਿਰਫ ੧੮੧੮ ਦੀ ਧਾਰਾ ਨੰਬਰ ੩ ਦੀ ਸਹਾਇਤਾ ਨਾਲ ਹੀ ਸੰਭਵ ਹੁੰਦਾ ਸੀ। ਈਗਰਟਨ ਦੇ ਸੁਝਾਅ ਅਨੁਸਾਰ ਪੰਜਾਬ ਸਰਕਾਰ ਦੇ ਸਕਤਰ ਨੇ ਭਾਰਤ ਸਰਕਾਰ ਨੂੰ ਗੁਰਚਰਨ ਸਿੰਘ ਬਾਰੇ ਸਭ ਕੁਝ ਦਸਿਆ ਅਤੇ ਉਸ ਨੂੰ ਬਿਨਾਂ ਮੁਕੱਦਮਾ ਚਲਾਇਆਂ ਕੈਦ ਰੱਖਣ ਲਈ ਵਰੰਟ ਮੰਗ ਘੱਲੇ। ਪੰਜਾਬ ਸਰਕਾਰ ਦੇ ਕਾਗਜ਼ ਪਤਰਾਂ ਵਿਚ ਗੁਰਚਰਨ ਸਿੰਘ ਵਿਰੁਧ ਵਡੇ ਵਡੇ ਇਲਜ਼ਾਮ ਲਗਾਏ ਗਏ। ਉਸ ਬਾਰੇ ਦੁਸ਼ਮਨੀ ਦੀ ਭਾਵਨਾ ਦਾ ਹੇਠ ਲਿਖੇ ਵਰਨਣ ਤੋਂ ਵੀ ਪਤਾ ਲਗਦਾ ਹੈ—

"ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਨ ਹੈ। ਬਿਰਧ ਹੋਣ ਦੇ ਬਾਵਜੂਦ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਤੇ ਉਹ ਵਧ ਤੋਂ ਵਧ ਕਸ਼ਟ ਸਹਿ ਸਕਦਾ ਹੈ। ਸਿਖ ਫੌਜੀਆਂ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਹਨ—ਉਸ ਦਾ ਪਤਲਾ ਸਰੀਰ ਇਸ ਗੱਲ ਦਾ ਸਾਖੀ ਹੈ।

* * *

"ਗੁਰਚਰਨ ਸਿੰਘ ਨੂੰ ਜੇ ਕੈਦ ਨਾ ਕੀਤਾ ਜਾਵੇ ਤਾਂ ਉਸਨੂੰ ਰੂਸ ਵਲੋਂ ਜਿਹੜਾ ਆਦਰ ਸਨਮਾਨ ਮਿਲਿਆ ਹੈ ਉਸ ਦੀ ਮਰਯਾਦਾ ਕਾਇਮ ਰਖਣ ਲਈ ਉਹ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਵੇਗਾ—ਖਾਸ ਕਰਕੇ ਰੂਸ ਜੇ ਕਿਧਰੇ ਪੰਜਾਬ ਉਤੇ ਹਮਲਾ ਕਰ ਦੇਵੇ ਤਾਂ।"

ਐਚ. ਐਮ. ਡੂਰੰਡ ਓਦੋਂ ਭਾਰਤ ਸਰਕਾਰ ਦੇ ਬਦੇਸ਼ੀ ਮਹਿਕਮੇ ਵਿਚ ਸਕੱਤਰ ਸਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ



Sri Satguru Jagjit Singh Ji eLibrary NamdhariElibrary@gmail.com

ਪ੍ਰਸਤਾਵ ਦੀ ਪੂਰਨ ਹਮਾਇਤ ਕਰਦਿਆਂ ਹੋਇਆਂ ਬੜੀ ਸਖਤ ਭਾਸ਼ਾ ਵਿਚ ਲਿਖਿਆ—

'ਮੈਨੂੰ ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਨੂੰ ਜਿਸ ਦੋਸ਼ ਅਧੀਨ ਦੋਸ਼ੀ ਬਣਾਇਆ ਗਿਆ ਹੈ ਉਹ ਸਚ ਮੁਚ ਹੀ ਉਸ ਦਾ ਦੋਸ਼ੀ ਹੈ । ਸਿਰਫ ਗੁਰਚਰਨ ਸਿੰਘ ਦੀ ਕੋਸ਼ਿਸ਼ ਸਦਕਾ ਹੀ ਰੂਸ ਤੇ ਗੁਰੂ ਰਾਮ ਸਿੰਘ ਵਿਚਕਾਰ ਚਿੱਠੀ ਪੱਤਰ ਹੋ ਸਕਿਆ ਹੈ। ੧੮੧੮ ਦੀ ਧਾਰਾ ਨੰਬਰ ੩ ਦੇ ਅਧੀਨ ਗ੍ਰਿਫਤਾਰੀ ਦਾ ਪਰਵਾਨਾ ਜਾਰੀ ਕਰਨ ਦਾ ਅਰਥ ਭਾਵੇਂ ਉਮਰ ਕੈਦ ਹੈ ਤਾਂ ਵੀ ਮੈਂ ਪੰਜਾਬ ਸਰਕਾਰ ਦੇ ਪ੍ਰਸਤਾਵ ਦੀ ਹਮਾਇਤ ਹੀ ਕਰਦਾ ਹਾਂ । ਗੁਰਚਰਨ ਸਿੰਘ ਕੂਕਾ ਮਹੰਤ ਹੈ । ਕੂਕਿਆਂ ਨਾਲ ਉਹ ਅਟੁਟ ਬੰਧਨ ਵਿਚ ਬੱਝਾ ਹੋਇਆ ਹੈ । ਉਹ ਜ਼ਿੰਦਗੀ ਭਰ ਕੂਕਾ ਹੀ ਰਹੇਗਾ । ਸਾਡਾ ਜਿੰਨਾ ਨੁਕਸਾਨ ਕਰ ਸਕਦਾ ਹੈ ਜ਼ਰੂਰ ਕਰੇਗਾ । ਜੇ ਅਸੀਂ ਇਹ ਸਾਜ਼ਸ਼ ਨਾਕਾਮ ਕਰਨੀ ਚਾਹੁੰਦੇ ਹਾਂ ਤਾਂ ਗੁਰਚਰਨ ਸਿੰਘ ਨੂੰ ਉਮਰ ਭਰ ਕੈਦ ਰਖਣ ਤੋਂ ਬਿਨਾਂ ਮੈਨੂੰ ਹੋਰ ਕੋਈ ਚਾਰਾ ਨਹੀਂ ਦਿਸਦਾ ।'

ਉਸ ਜ਼ਮਾਨੇ ਦੇ ਵਡੇ ਲਾਟ ਲਾਰਡ ਰਿਪਨ ਲਿਬਰਲ ਪਾਰਟੀ ਦੇ ਮੈਂਬਰ ਸਨ । ਵਿਕਟੋਰੀਆ ਜੁਗ ਦੇ ਉਦਾਰ ਜਨਤੰਤਰ ਤੇ ਵਿਅਕਤੀ ਦੀ ਆਜ਼ਾਦੀ ਦੇ ਆਦਰਸ਼, ਉਪ-ਨਿਵੇਸ਼ਕ ਹਾਕਮ ਦੀ ਗਦੀ ਉਤੇ ਬੈਠ ਕੇ ਵੀ ਸਹਿਜੇ ਹੀ ਭੁਲ ਜਾਣਾ ਉਸ ਲਈ ਦੁਖਦਾਈ ਹੋਇਆ ਸੀ । ਉਨ੍ਹਾਂ ਨੇ ਕੁਝ ਦੁਚਿਤੀ ਜਿਹੀ ਨਾਲ ਪੰਜਾਬ ਸਰਕਾਰ ਕੋਲੋਂ ਜਾਨਣਾ ਚਾਹਿਆ—ਭਾਰਤ ਸਰਕਾਰ ਵਲੋਂ ਵਾਰੰਟ ਦੇਣੇ ਕੀ ਬੜੇ ਹੀ ਜ਼ਰੂਰੀ ਹਨ ? ਮੁਚਲਕੇ ਨਾਲ ਗੁਰਚਰਨ ਸਿੰਘ ਨੂੰ ਕੈਦੀ ਰਖਣਾ ਸੰਭਵ ਹੈ ਕਿ ਨਹੀਂ ? ਪੰਜਾਬ ਸਰਕਾਰ ਨੇ ਦਸਿਆ ਕਿ ਸਭ ਕੁਝ ਹੀ ਸੰਭਵ ਹੈ ਪਰ ਵਾਰੰਟ ਉਸ ਨੂੰ ਚਾਹੀਦੇ ਹੀ ਹਨ । ਕਿਉਂਕਿ ਕਿਸੇ ਵੀ ਵੇਲੇ ਗੁਰਚਰਨ ਸਿੰਘ ਨੂੰ ਬਿਨਾ ਮੁਕੱਦਮਾ ਚਲਾਏ ਉਮਰ ਕੈਦ ਕਰਨ ਦੀ ਤਾਕਤ ਹੱਥ ਵਿਚ ਨਾ ਹੋਣ ਤੇ ਉਸਨੂੰ ਸੂਤ ਕਰਨਾ ਪੰਜਾਬ ਸਰਕਾਰ ਲਈ ਅਸੰਭਵ ਹੋਵੇਗਾ । ਇਸ ਦੇ ਨਤੀਜੇ ਵਜੋਂ ਲਾਰਡ ਰਿਪਨ ਨੂੰ ਵਿਅਕਤੀ ਸਵਾਧੀਨਤਾ ਦੀ ਨੀਤੀ ਭੁਲਾਉਣੀ ਪਈ । ਸੈਕਰੇਟਰੀ ਲੀਏਜ਼ ਦੇ ਨਾਮ ਹੇਠ ਪੰਝੱਤਰ ਸਾਲ ਦੇ ਬਿਰਧ ਗੁਰਚਰਨ ਸਿੰਘ ਲਈ ਬਿਨਾਂ ਮੁਕੱਦਮਾ ਚਲਾਏ ਉਮਰ ਕੈਦ ਦਾ ਹੁਕਮ ਪੰਜਾਬ ਸਰਕਾਰ ਨੂੰ ਘੱਲ ਦਿਤਾ ਗਿਆ । ਲਾਹੌਰ ਤੋਂ ਗੁਰਚਰਨ ਸਿੰਘ ਨੂੰ ਮੁਲਤਾਨ ਭੇਜ ਦਿਤਾ ਗਿਆ । ਜ਼ਿਲਾ ਗੁਜਰਾਂ ਵਾਲਾ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਇਕ ਹੋਰ ਨੇ ਗੁਰਚਰਨ ਸਿੰਘ ਦੀ ਜ਼ਮਾਨਤ ਦਿਤੀ । ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਨੂੰ ਰਹਿਣਾ ਪਿਆ ਤੇ ਸਾਤੇ ਵਿਚ ਦੋ ਵਾਰੀ ਉਹ ਥਾਣੇ ਹਾਜ਼ਰੀ ਭਰਦਾ । ਸੰਨ ੧੮੮੬ ਵਿਚ ਲਗਭਗ ਸੱਤ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਗੁਰਚਰਨ ਸਿੰਘ ਰਿਹਾ ਹੋਇਆ । ਪਰ ਉਸ ਰਿਹਾਈ ਨਾਲ ਵੀ ਇਹ ਸ਼ਰਤ ਸੀ ਕਿ ਗੁਰਚਰਨ ਸਿੰਘ ਭੈਣੀ ਸਾਹਿਬ ਨਹੀਂ ਜਾ ਸਕੇਗਾ ।

ਇਸ ਤੋਂ ਬਾਅਦ ਦਾ ਇਤਿਹਾਸ ਸੰਖੇਪ ਹੋਣ ਤੇ ਵੀ ਵਰਨਣ ਯੋਗ ਹੈ । ਸੰਨ ੧੮੮੭ ਦੇ ਅਪਰੈਲ ਮਹੀਨੇ ਵਿਚ ਗੁਰਚਰਨ ਸਿੰਘ ਨੇ ਅਫਗਾਨਿਸਤਾਨ ਤੇ ਮੱਧ ਏਸ਼ੀਆ ਵਿਚ ਜਾਣ ਲਈ ਦਰਖਾਸਤ ਦਿਤੀ । ਪੰਜਾਬ ਦੇ ਹਾਕਮਾਂ ਨੂੰ ਇਜਾਜ਼ਤ ਦੇਣ ਵਿਚ ਕੋਈ ਇਤਰਾਜ਼ ਨਹੀਂ ਸੀ, ਪਰ ਕੇਂਦਰੀ ਸਰਕਾਰ ਵਲੋਂ ਸਖਤੀ ਨਾਲ ਇਨਕਾਰ ਹੋਣ ਕਰਕੇ ਪੰਜਾਬ ਸਰਕਾਰ ਨੇ ਉਹ ਦਰਖਾਸਤ ਰੱਦ ਕਰ ਦਿਤੀ । ਇਸ ਅੱਸੀ ਸਾਲ ਤੋਂ ਵਧ ਉਮਰ ਦੇ ਬਿਰਧ ਨੂੰ ਬ੍ਰਿਟਿਸ਼ ਸਰਕਾਰ ਉਸਦੇ ਮਰਨ ਤਕ ਸ਼ੱਕ ਦੀ ਨਜ਼ਰ ਨਾਲ ਵੇਖਦੀ ਰਹੀ । ਮੱਧ ਏਸ਼ੀਆ ਵਿਚ ਰੂਸੀ ਜਾਸੂਸ ਸ਼ੰਕਰ ਰਾਏ ਨੂੰ ਜਦੋਂ ਗ੍ਰਿਫਤਾਰ ਕਰਕੇ ਬੰਦੀ ਕਰ ਲਿਆ ਗਿਆ ਓਦੋਂ ਬ੍ਰਿਟਿਸ਼ ਸਰਕਾਰ ਦਾ ਖਿਆਲ ਬਣਿਆ ਕਿ ਸ਼ੰਕਰ ਰਾਏ ਗੁਰਚਰਨ ਸਿੰਘ ਦੇ ਪ੍ਰਭਾਵ ਹੇਠ ਹੈ । ਬਦੇਸ਼ੀ ਹਾਕਮਾਂ ਦੀ ਤਿੱਖੀ ਨਜ਼ਰ ਦੇ ਸਾਹਮਣੇ ਕੂਕਾ ਨੇਤਾ ਗੁਰਚਰਨ ਸਿੰਘ ਦਾ ਜੀਵਨ ਦੀਪ ਇਕ ਦਿਨ ਬੁੱਝ ਗਿਆ ।

ਭਾਰਤ ਵਰਸ਼ ਵਿਚ ਅੰਗਰੇਜ਼ੀ ਵਿਰੋਧੀ ਅੰਦੋਲਨ ਵਿਚ ਕੂਕਿਆਂ ਨੇ ਆਪਣਾ ਸ਼ਾਨਦਾਰ ਹਿੱਸਾ ਪਾਇਆ ਹੈ—ਭਾਵੇਂ ਕਿ ਉਸ ਤੋਂ ਬਹੁਤ ਲੋਕ ਵਾਕਿਫ ਨਹੀਂ ਹਨ । ੧੮੫੭ ਦੇ ਗ਼ਦਰ ਦੀ ਇਤਿਹਾਸਕ ਪਰਸਿੱਧੀ ਕੂਕਿਆਂ ਨੇ ਹਾਸਿਲ ਨਹੀਂ ਕੀਤੀ । ਪਰ ਧਰਮ ਦੀ ਪਰੇਰਨਾ ਹੇਠ ਚਲਦਿਆਂ ਹੋਇਆਂ ਕੂਕਾ ਅੰਦੋਲਨ ਦਾ ਰਾਜਨੀਤਕ ਨਤੀਜਾ ਬਹੁਤ ਹੀ ਮਹਤਤਾ ਭਰਿਆ ਹੈ । ੧੮੫੭ ਦੇ ਗ਼ਦਰ ਦੀ ਵਾਂਗਡੋਰ ਜਗੀਰਦਾਰੀ ਰਾਜਤੰਤਰ ਦੇ ਪ੍ਰਤੀਨਿਧਾਂ ਦੇ ਹੱਥ ਸੀ ਪਰ ਕੂਕਾ ਵਿਦਰੋਹ ਦੀ ਅਗਵਾਈ ਕੀਤੀ ਹੈ ਦੌਲਤ ਹੀਨ ਸਾਧਾਰਨ ਕਿਰਸਾਨੀ ਨੇ । ਬਰਮਾ ਵਿਚ ਨਿਰਵਾਸਿਤ ਬਹਾਦੁਰ ਸ਼ਾਹ ਸਾਹ ਸਤ ਹੀਨ ਚੁੱਪ ਹੈ—ਪਰ ਮਰਗੋਈ ਜੇਹਲ ਵਿਚ ਚਿਰਾਂ ਲਈ ਬੰਦੀ ਨੇਤਾ ਗੁਰੂ ਰਾਮ ਸਿੰਘ ਸਰਗਰਮੀ ਨਾਲ ਬ੍ਰਿਟਿਸ਼ ਵਿਰੋਧੀ ਗੋਂਦਾ ਵਿਚ ਲਗੇ ਹੋਏ ਸਨ । ਕੂਕਿਆਂ ਦੇ ਰਾਜਨੀਤਕ ਕੰਮਾਂ ਤੇ



Sri Satguru Jagjit Singh Ji eLibrary NamdhariElibrary@gmail.com

ਢੰਗਾਂ ਦਾ ਬਾਅਦ ਦੇ ਭਾਰਤੀ ਰਾਜਨੀਤਕ ਅੰਦੋਲਨ ਦੀ ਰਫਤਾਰ ਨਾਲ ਅਸਚਰਜ ਰੂਪ ਵਿਚ ਮੇਲ ਦਿਸਦਾ ਹੈ। ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ, ਅੰਗਰੇਜ਼ੀ ਵਿਦਿਆ ਦੇਣ ਵਾਲੀਆਂ ਸ਼ਿਖਸ਼ਾ ਸੰਸਥਾਵਾਂ ਦਾ ਬਾਈਕਾਟ ਕੂਕਾ ਅੰਦੋਲਨ ਦਾ ਮੂਲ ਮੰਤਰ ਸੀ। ਭਾਰਤ ਦੀ ਨਾਮਿਲਵਰਤ ਲਹਿਰ ਵਿਚ ਕੂਕਿਆਂ ਦੀ ਨੀਤੀ ਨੇ ਅਦਿੱਖ ਰੂਪ ਵਿਚ ਅਤੇ ਅਣਜਾਣਿਆਂ ਹੀ ਕੰਮ ਕੀਤਾ ਹੈ ਜਦੋਂ ਕਿ ਦੋਹਾਂ ਵਿਚ ਆਜ਼ਾਦੀ ਹਾਸਿਲ ਕਰਨ ਦੀ ਜ਼ਬਰਦਸਤ ਚਾਹ ਤੋਂ ਬਿਨਾਂ ਹੋਰ ਕੋਈ ਮਿਲਣ ਸੂਤਰ ਲੱਭਣਾ ਔਖਾ ਹੈ। ਸਭ ਤੋਂ ਉਪਰ ਕੂਕਾ ਅੰਦੋਲਨ ਗੁਰਚਰਨ ਸਿੰਘ ਦੇ ਮਹਾਨ ਜਤਨਾਂ ਦੀ ਇਤਿਹਾਸਕਤਾ ਨੂੰ ਲੈ ਕੇ ਚਲ ਰਿਹਾ ਹੈ। ਗੁਲਾਮੀ ਤੋਂ ਆਜ਼ਾਦੀ ਦੀ ਆਸ਼ਾ ਵਿਚ ਗੁਰਚਰਨ ਸਿੰਘ ਨੇ ਜਿਨ੍ਹਾਂ ਰਾਹਾਂ ਤੋਂ ਭਾਰਤ ਦੀ ਸਰਹੱਦ ਪਾਰ ਕੀਤੀ—ਵੀਹਵੀਂ ਸਦੀ ਵਿਚ ਨੇਤਾ ਜੀ ਸੁਭਾਸ਼ ਚੰਦਰ ਵੀ ਉਨ੍ਹਾਂ ਰਾਹਾਂ ਥਾਣੀ ਹੀ ਗਏ ਹਨ। ਆਜ਼ਾਦੀ ਦੀ ਲੜਾਈ ਵਿਚ ਬਦੇਸ਼ੀ ਸ਼ਕਤੀ ਦੀ ਸਹਾਇਤਾ ਹਾਸਿਲ ਕਰਨ ਦੀ ਆਸ ਨੇ ਸਿਰਫ ਅਪਰਸਿਧ ਗੁਰਚਰਨ ਸਿੰਘ ਨੂੰ ਹੀ ਪ੍ਰਭਾਵਤ ਨਹੀਂ ਕੀਤਾ ਸਗੋਂ ਉਸ ਤੋਂ ਬਹੁਤ ਸਾਲ ਬਾਅਦ ਭਾਰਤ ਦੇ ਅਨੇਕਾਂ ਇਨਕਲਾਬੀਆਂ ਉਸੇ ਇਕੋ ਆਸ ਨਾਲ ਬਦੇਸ਼ੀ ਸ਼ਕਤੀਆਂ ਦੀ ਸਹਾਇਤਾ ਲਈ ਹੈ।

ਇਹ ਗਲ ਮੰਨਣੀ ਹੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉਨੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਸੇਂਟਪੀਟਰਸਬਰਗ ਤੋਂ ਬਰਮਾ ਤਕ ਫ਼ੈਲਾ ਦਿਤਾ ਸੀ ਅਤੇ ਆਜ਼ਾਦੀ ਲਈ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੌਲਮੀਨ ਜੇਹਲ ਦੇ ਕਾਂਸਟੇਬਲ ਹਰਨਾਮ ਸਿੰਘ ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਿਰੌਲੀ ਦੇ ਮੀਂਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਬਿਹਾਰੀ ਸਿੰਘ, ਚਕ ਪਰਾਨਾ ਦੇ ਗੁਰਚਰਨ ਸਿੰਘ ਰੂਸੀ ਹਾਕਮ ਕਰਡਕਮਿਆਨ, ਕਰੋਲਕੋਵ ਤੇ ਈਵਾਨੋਵ—ਸਭਨਾਂ ਨੇ ਰਲਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ।

---

ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਆਰਕਾਈਵ ਦੇ ਰੀਕਾਰਡ ਦੇ ਅਧਾਰ ਤੇ ਰੂਸੀ ਇਤਿਹਾਸਕਾਰ ਐਨ. ਏ. ਖਾਲੀਫੋਨ ਦੀ ਖੋਜ ਤੇ ਭਾਰਤ ਦੇ ਕੌਮੀ ਆਰਕਾਈਵ ਵਿਚ ਸੁਰਖਿਅਤ ਦੂਸਰੀਆਂ ਇਤਿਹਾਸਕ ਲਿਖਤਾਂ ਦੇ ਆਧਾਰ ਉਤੇ ਇਹ ਲੇਖ ਲਿਖਿਆ ਗਿਆ ਹੈ।

# ੯੨ ਸਾਲ ਪਹਿਲਾਂ ਕੂਕੇ ਰੂਸੀਆਂ ਦੀ ਨਜ਼ਰ ਵਿਚ *

ਰੂਸ ਦੇ ਇਕ ਵਿਦਵਾਨ ਮਿਨਾਇਫ ਈਸਵੀ ਸੰਨ ੧੮੭੪-੭੫ ਤੇ ੧੮੮੦-੮੫-੮੬ ਵਿਚ ਬੁੱਧ ਧਰਮ ਅਧਿਐਨ ਲਈ ਭਾਰਤ ਆਏ। ਆਪ ਪਾਲੀ ਭਾਸ਼ਾ ਦੇ ਵਿਦਵਾਨ ਸਨ। ਭਾਰਤ ਵਿਚ ਆਪ ਨੇ ਰਾਜਗੀਰ, ਨਾਲੰਦਾ, ਗਇਆ, ਬੰਬਈ, ਪੂਨਾ, ਹੈਦਰਾਬਾਦ, ਗਵਾਲੀਅਰ, ਦਿੱਲੀ, ਲਾਹੌਰ, ਲਖਨਊ, ਇਲਾਹਬਾਦ ਤੇ ਕਲਕੱਤੇ ਦੀ ਯਾਤਰਾ ਕੀਤੀ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਤੇ ਰੂਸੀਆਂ ਦਾ ਆਪਸ ਵਿਚ ਕਾਫੀ ਤਕਰਾਰ ਰਹਿੰਦਾ ਸੀ ਤੇ ਭਾਰਤ ਦੀ ਅੰਗਰੇਜ਼ ਸਰਕਾਰ ਤਾਂ ਰੂਸ ਬਾਰੇ ਨਿਤ ਨਵੇਂ ਭੁਲੇਖੇ ਪਾਉਂਦੀ ਰਹਿੰਦੀ ਸੀ।

ਮਿਸਟਰ ਮਿਨਾਇਫ ਨੂੰ ਭਾਰਤ ਦੇ ਵੱਖ ਵੱਖ ਹਿਸਿਆਂ ਦਾ ਦੌਰਾ ਕਰਦਿਆਂ ਹੋਇਆਂ ਰੂਸ ਸੰਬੰਧੀ ਭਾਰਤ ਵਾਸੀਆਂ ਦੀ ਰਾਏ ਵੀ ਸੁਨਣ ਨੂੰ ਮਿਲਦੀ ਰਹਿੰਦੀ ਸੀ। ਉਸੇ ਰਾਏ ਦਾ ਜ਼ਿਕਰ ਮਿਸਟਰ ਮਿਨਾਇਫ ਨੇ ਆਪਣੀ ਪੁਸਤਕ "ਟਰੇਵਲਸ ਇਨ ਐਂਡ ਡਾਇਰੀਜ਼ ਆਫ ਇੰਡੀਆ ਐਂਡ ਬਰਮਾ" ਵਿਚ ਕੀਤਾ ਸੀ। ਆਪ ਲਿਖਦੇ ਹਨ—

ਰੂਸ ਸਰਕਾਰ ਭਾਵੇਂ ਭਾਰਤਵਰਸ਼ ਵਿਚ ਰੂਸੀਆਂ ਵਿਰੁਧ ਬੜਾ ਜ਼ੋਰਦਾਰ ਭੰਡੀ ਪਰਚਾਰ ਕਰ ਰਹੀ ਸੀ ਪਰ ਉਸਦਾ ਅਸਰ ਉਲਟਾ ਹੋ ਰਿਹਾ ਸੀ—ਭਾਰਤ ਵਾਸੀ ਰੂਸੀਆਂ ਵਲ ਹੋਰ ਵੀ ਜ਼ਿਆਦਾ ਖਿੱਚੇ ਜਾ ਰਹੇ ਸਨ, ਉਨ੍ਹਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿਤਾ ਸੀ ਕਿ ੧੮੫੭ ਦੇ ਗ਼ਦਰ ਦੇ ਨੇਤਾ 'ਨਾਨਾ ਸਾਹਿਬ' ਭਜ ਕੇ ਰੂਸ ਚਲੇ ਗਏ ਹਨ ਅਤੇ ਜਨਰਲ 'ਸਕੋਸਕੋਬੇ' ਹੋਰ ਕੋਈ ਨਹੀਂ—ਖੁਦ ਨਾਨਾ ਸਾਹਿਬ ਹੀ ਹਨ।

"ਲੁਧਿਆਣੇ ਵਿਚ ਬਹੁਤ ਸਾਰੇ ਕੂਕੇ ਇਕ ਭਵਿਖ-ਬਾਣੀ ਤੇ ਵਿਸ਼ਵਾਸ਼ ਕਰਦੇ ਹਨ। ਉਹ ਭਵਿਖ ਬਾਣੀ ਹੈ ਕਿ ਰੂਸ ਭਾਰਤ ਵਿਚ ਆਏਗਾ ਤੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਾਏਗਾ।"

ਮਿਨਾਇਫ਼ ਨੇ ਲਿਖਿਆ ਹੈ:

"ਬਹੁਤ ਵਾਰੀ ਕਈਆਂ ਨੇ ਆਣਕੇ ਮੈਨੂੰ ਭਰੋਸਾ ਦਿਵਾਇਆ ਹੈ ਕਿ ਜੇ ਰੂਸ ਭਾਰਤ ਉਤੇ ਹਮਲਾ ਕਰੇ ਤਾਂ ਬਹੁਤ ਸਾਰੇ ਅਸੰਤੁਸ਼ਟ ਭਾਰਤਵਾਸੀ ਰੂਸ ਦੇ ਪੱਖ ਵਿਚ ਲੜਨਗੇ।"

ਮਿਸਟਰ ਮਿਨਾਇਫ ਦਾ ਜਨਮ ੧੮੪੦ ਵਿਚ ਹੋਇਆ ਸੀ ਤੇ ਉਨ੍ਹਾਂ ਦੀ ਮੌਤ ਤਪਦਿਕ ਨਾਲ ੧੮੯੦ ਵਿਚ ਹੋਈ।

---

* ਹੈਡਿੰਗ ਸੰਨ ੧੯੬੬ ਦਾ ਹੈ।



Sri Satguru Jagjit Singh Ji eLibrary NamdhariElibrary@gmail.com

ਹਿੰਦੀ ਕਹਾਣੀ

# ਪੰਜਵੇਂ ਜਾਰਜ ਦਾ ਨੱਕ !

—ਕਮਲੇਸ਼ਵਰ

ਇਹ ਗੱਲ ਉਸ ਸਮੇਂ ਦੀ ਹੈ ਜਦੋਂ ਇੰਗਲੈਂਡ ਦੀ ਰਾਣੀ ਅਲਿਜ਼ਬਥ ਦੂਜੀ, ਸਮੇਤ ਆਪਣੇ ਪਤੀ, ਭਾਰਤ ਪਧਾਰਨ ਵਾਲੀ ਸੀ। ਅਖ਼ਬਾਰਾਂ ਵਿਚ ਉਸ ਦੇ ਚਰਚੇ ਹੋ ਰਹੇ ਸਨ। ਆਏ ਦਿਨ ਲੰਡਨ ਦੇ ਅਖ਼ਬਾਰਾਂ ਰਾਹੀਂ ਖ਼ਬਰਾਂ ਆ ਰਹੀਆਂ ਸਨ ਕਿ ਸ਼ਾਹੀ ਦੌਰੇ ਲਈ ਕਿਹੋ ਜਿਹੀਆਂ ਤਿਆਰੀਆਂ ਹੋ ਰਹੀਆਂ ਹਨ।—ਰਾਣੀ ਦਾ ਦਰਜ਼ੀ ਪਰੇਸ਼ਾਨ ਸੀ ਕਿ ਹਿੰਦੁਸਤਾਨ, ਪਾਕਿਸਤਾਨ ਤੇ ਨਿਪਾਲ ਦੇ ਦੌਰੇ ਦੌਰਾਨ ਰਾਣੀ ਕਦੋਂ ਕੀ ਪਾਵੇਗੀ ? ਉਸ ਦਾ ਸੈਕਟਰੀ ਅਤੇ ਸ਼ਾਇਦ ਜਾਸੂਸ ਵੀ ਉਸ ਤੋਂ ਪਹਿਲਾਂ ਹੀ ਇਸ ਮਹਾਂਦੀਪ ਦਾ ਤੂਫ਼ਾਨੀ ਦੌਰਾ ਕਰਨ ਵਾਲਾ ਸੀ। ਆਖ਼ਰ ਕੋਈ ਮਖ਼ੌਲ ਤਾਂ ਸੀ ਨਹੀਂ। ਜ਼ਮਾਨਾ ਕਿਉਂਕਿ ਨਵਾਂ ਸੀ, ਫ਼ੌਜੀ ਸੱਜ-ਧੱਜ ਨਾਲ ਨਿਕਲਣ ਵਾਲੇ ਦਿਨ ਬੀਤ ਚੁੱਕੇ ਸਨ, ਇਸ ਲਈ ਫ਼ੋਟੋਗਰਾਫ਼ਰਾਂ ਦੀ ਫ਼ੌਜ ਤਿਆਰ ਹੋ ਰਹੀ ਸੀ।

ਬਰਤਾਨਵੀ ਅਖ਼ਬਾਰਾਂ ਦੀਆਂ ਕਾਤਰਾਂ ਹਿੰਦੁਸਤਾਨੀ ਅਖ਼ਬਾਰਾਂ ਵਿਚ ਦੂਜੇ ਦਿਨ ਚਿਪਕੀਆਂ ਨਜ਼ਰ ਆਉਂਦੀਆਂ ਸਨ, ਕਿ ਰਾਣੀ ਨੇ ਇਕ ਅਜੇਹਾ ਹਲਕੇ ਰੰਗ ਦਾ ਸੂਟ ਬਣਵਾਇਆ ਹੈ, ਜਿਹਦਾ ਰੇਸ਼ਮੀ ਕਪੜਾ ਹਿੰਦੁਸਤਾਨ ਤੋਂ ਮੰਗਵਾਇਆ ਗਿਆ ਹੈ—ਕਿ ਉਸ ਸੂਟ ਤੇ ਤਕਰੀਬਨ ਚਾਰ ਸੌ ਪੌਂਡ ਖ਼ਰਚ ਆਇਆ ਹੈ।

ਰਾਣੀ ਦੀ ਜਨਮ-ਪੱਤਰੀ ਵੀ ਛਪੀ। ਸ਼ਹਿਜ਼ਾਦੇ ਫ਼ਿਲਿਪ ਦੇ ਕਾਰਨਾਮੇ ਛਪੇ। ਹੋਰ ਤਾਂ ਹੋਰ, ਉਹਨਾਂ ਦੇ ਨੌਕਰਾਂ, ਲਾਂਗਰੀਆਂ, ਖ਼ਾਨਸਾਮਿਆਂ, ਰਾਖਿਆਂ ਦੀਆਂ ਪੂਰੀਆਂ ਦੀਆਂ ਪੂਰੀਆਂ ਜੀਵਨੀਆਂ ਵੇਖਣ ਵਿਚ ਆਈਆਂ। ਸ਼ਾਹੀ ਮਹੱਲ ਵਿਚ ਰਹਿਣ ਤੇ ਪਲਣ ਵਾਲੇ ਕੁੱਤਿਆਂ ਤੀਕ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ...।

ਬੜੀ ਧੂੰਮ ਪਈ ਹੋਈ ਸੀ। ਬੜਾ ਰੌਲਾ—ਰੱਪਾ। ਸੰਖ ਇੰਗਲੈਂਡ ਵਿਚ ਵੱਜ ਰਿਹਾ ਸੀ, ਗੂੰਜ ਹਿੰਦੁਸਤਾਨ ਵਿਚ ਪੈ ਰਹੀ ਸੀ।

ਇਹਨਾਂ ਅਖ਼ਬਾਰਾਂ ਨਾਲ ਹਿੰਦੁਸਤਾਨ ਵਿਚ ਘਬਰਾਹਟ ਫੈਲੀ ਹੋਈ ਸੀ...ਰਾਜਧਾਨੀ ਵਿਚ ਤਹਿਲਕਾ ਮੱਚਿਆ ਹੋਇਆ ਸੀ। ਜਿਹੜੀ ਰਾਣੀ ੫੦੦੦ ਰੁਪਏ ਦੇ ਸੂਟ ਵਿਚ ਸਜੀ ਪਾਲਮ ਹਵਾਈ ਅੱਡੇ 'ਤੇ ਉਤਰੇਗੀ ਉਹਦੇ ਲਈ ਕੁਝ ਤਾਂ ਹੋਣਾ ਚਾਹੀਦਾ ਹੈ। ਕੁਝ ਕੀ, ਬਹੁਤ ਕੁਝ ਹੋਣਾ ਚਾਹੀਦਾ ਹੈ। ਜਿਸ ਦੇ ਰਸੋਈਏ ਪਹਿਲੇ ਮਹਾਂਯੁਧ ਵਿਚ ਜਾਨ ਤਲੀ 'ਤੇ ਰੱਖ ਲੜ ਚੁੱਕੇ ਹਨ, ਉਹਨਾਂ ਦੀ ਸਜਧਜ ਦੇ ਕੀ ਕਹਿਣੇ। ...ਤੇ ਉਹੀ ਰਾਣੀ ਦਿੱਲੀ ਆ ਰਹੀ ਹੈ...।

ਨਵੀਂ ਦਿੱਲੀ ਨੇ ਜਦ ਆਪਣੇ ਆਪ ਤੇ ਝਾਤੀ ਮਾਰੀ ਤਾਂ ਆਪ-ਮੁਹਾਰੇ ਉਹਦੇ ਮੂੰਹੋਂ ਨਿਕਲ ਗਿਆ—ਵੁਹ ਆਏਂ ਘਰ ਮੇਂ ਹਮਾਰੇ, ਖ਼ੁਦਾ ਕੀ ਕੁਦਰਤ ਹੈ...ਕਭੀ ਹਮ ਉਨਕੋ ਕਭੀ ਅਪਣੇ ਘਰ ਕੋ ਦੇਖਤੇ ਹੈਂ।—ਤੇ ਵੇਖਦਿਆਂ ਵੇਖਦਿਆਂ ਨਵੀਂ ਦਿੱਲੀ ਦੀ ਕਾਇਆ ਪਲਟਣ ਲੱਗੀ।

ਵੱਡਾ ਚਮਤਕਾਰ ਤਾਂ ਇਹ ਸੀ ਕਿ ਕਿਸੇ ਨੇ ਕਿਸੇ ਨੂੰ ਨਹੀਂ ਵੇਖਿਆ—ਪਰ ਸੜਕਾਂ ਜਵਾਨ ਹੋ ਗਈਆਂ, ਬੁਢਾਪੇ ਦੀ ਧੂੜ ਸਾਫ਼ ਹੋ ਗਈ। ਇਮਾਰਤਾਂ ਨੇ ਦੁਲਹਨਾਂ ਵਾਂਗ ਸ਼ਿੰਗਾਰ ਕਰ ਲਿਆ।

ਪਰ ਇਕ ਸਮੱਸਿਆ ਸਾਹਮਣੇ ਆਣ ਖਲੋਤੀ...ਉਹ ਸੀ ਪੰਜਵੇਂ ਜਾਰਜ ਦਾ ਨੱਕ ! ਨਵੀਂ ਦਿੱਲੀ ਵਿਚ ਸਭ ਕੁਝ ਸੀ, ਸਭ ਕੁਝ ਹੁੰਦਾ ਜਾ ਰਿਹਾ ਸੀ, ਸਭ ਕੁਝ ਹੋ ਜਾਣ ਦੀ ਆਸ ਸੀ, ਪਰ ਪੰਜਵੇਂ ਜਾਰਜ ਦੇ ਨੱਕ ਨੇ ਬੜੀ ਮੁਸੀਬਤ ਖੜ੍ਹੀ ਕਰ ਦਿਤੀ। ਨਵੀਂ ਦਿੱਲੀ ਵਿਚ ਸਭ ਕੁਝ ਸੀ...ਸਿਰਫ਼ ਨੱਕ ਨਹੀਂ ਸੀ।

ਇਸ ਨੱਕ ਦੀ ਵੀ ਲੰਮੀ ਕਹਾਣੀ ਹੈ। ਇਸ ਨੱਕ ਲਈ ਬੜਾ ਹੰਗਾਮਾ ਹੋਇਆ ਸੀ ਕਿਸੇ ਸਮੇਂ। ਅੰਦੋਲਨ ਹੋਏ ਸਨ। ਰਾਜਨੀਤਕ ਪਾਰਟੀਆਂ ਨੇ ਮਤੇ ਪਾਸ ਕੀਤੇ ਸਨ। ਚੰਦਾ ਇਕੱਠਾ ਕੀਤਾ ਸੀ। ਕੁਝ ਨੇਤਾਵਾਂ ਨੇ ਭਾਸ਼ਣ ਵੀ ਦਿਤੇ ਸਨ। ਗਰਮਾ-ਗਰਮ ਬਹਿਸਾਂ ਵੀ ਹੋਈਆਂ ਸਨ। ਅਖ਼ਬਾਰਾਂ ਦੇ ਸਫ਼ਿਆਂ ਦੇ ਸਫ਼ੇ ਰੰਗੇ ਗਏ ਸਨ। ਬਹਿਸ ਦਾ ਏਜੰਡਾ ਸੀ ਕਿ ਪੰਜਵੇਂ ਜਾਰਜ ਦਾ ਨੱਕ ਰਹਿਣ ਦਿਤਾ ਜਾਵੇ ਜਾਂ ਲਾ ਦਿਤਾ ਜਾਵੇ। ਤੇ ਜਿਵੇਂ ਹਰ ਰਾਜਨੀਤਕ ਅੰਦੋਲਨ ਵਿਚ ਹੁੰਦਾ ਹੈ—ਕੁਝ ਹੱਕ ਵਿਚ ਸਨ, ਕੁਝ ਵਿਰੁਧ ਅਤੇ ਬਹੁਤ ਲੋਕ ਚੁੱਪ ਸਨ। ਚੁੱਪ ਰਹਿਣ ਵਾਲਿਆਂ ਦੀ ਤਾਕਤ ਦੋਹੀਂ ਪਾਸੀਂ ਸੀ।

ਇਹ ਅੰਦੋਲਨ ਚੱਲ ਰਿਹਾ ਸੀ। ਪੰਜਵੇਂ ਜਾਰਜ ਦੇ



Sri Satguru Jagjit Singh Ji eLibrary NamdhariElibrary@gmail.com

ਨੱਕ ਦੀ ਰਾਖੀ ਲਈ ਹਥਿਆਰਬੰਦ ਪਹਿਰੇਦਾਰ ਲਾ ਦਿਤੇ ਗਏ...ਕੀ ਮਜਾਲ ਕਿ ਕੋਈ ਉਸਦੇ ਨੱਕ ਤੱਕ ਪਹੁੰਚ ਸਕੇ। ਹਿੰਦੁਸਤਾਨ ਵਿਚ ਥਾਂ ਥਾਂ ਅਜੇਹੀਆਂ ਨੱਕਾਂ ਖਲੋਤੀਆਂ ਸਨ ਅਤੇ ਜਿਨ੍ਹਾਂ ਤੀਕ ਲੋਕਾਂ ਦੇ ਹੱਥ ਅੱਪੜ ਗਏ ਉਨ੍ਹਾਂ ਨੂੰ ਸ਼ਾਨ-ਸ਼ੌਕਤ ਨਾਲ ਲਾਹ ਅਜਾਇਬ-ਘਰਾਂ ਵਿਚ ਪੁਚਾ ਦਿਤਾ ਗਿਆ। ਸ਼ਾਹੀ ਬੁੱਤਾਂ ਦੇ ਨੱਕਾਂ ਲਈ ਗੁਰੀਲਾ ਯੁੱਧ ਹੁੰਦਾ ਰਿਹਾ......।

ਉਸ ਸਮੇਂ ਦੌਰਾਨ ਇਕ ਹਾਦਸਾ ਹੋਇਆ—ਇੰਡੀਆ ਗੇਟ ਦੇ ਸਾਹਮਣੇ ਵਾਲੇ ਪੰਜਵੇਂ ਜਾਰਜ ਦੇ ਬੁੱਤ ਦਾ ਨੱਕ ਅਲੋਪ ਹੋ ਗਿਆ। ਹਥਿਆਰਬੰਦ ਪਹਿਰੇਦਾਰ ਆਪਣੀ ਥਾਂ ਤੇ ਡਟੇ ਰਹੇ। ਬਰਾਬਰ ਗਸ਼ਤ ਕਰਦੇ ਰਹੇ...ਤੇ ਬੁੱਤ ਦਾ ਨੱਕ ਚਲਿਆ ਗਿਆ।

ਰਾਣੀ ਆਵੇ ਤੇ ਨੱਕ ਨਾ ਹੋਵੇ! ...ਇਕਦਮ ਇਹ ਪਰੇਸ਼ਾਨੀ ਵਧ ਗਈ। ਬੜੀ ਸਰਗਰਮੀ ਤੇ ਨੱਠ-ਭੱਜ ਸ਼ੁਰੂ ਹੋਈ। ਦੇਸ਼ ਦੇ ਸ਼ੁਭ-ਚਿੰਤਕਾਂ ਦੀ ਇਕ ਮੀਟਿੰਗ ਬੁਲਾਈ ਗਈ ਤੇ ਇਹ ਮਸਲਾ ਪੇਸ਼ ਕੀਤਾ ਜਾਵੇ ਕਿ ਕੀ ਕੀਤਾ ਜਾਵੇ? ਸਾਰੇ ਇਕ-ਆਵਾਜ਼ ਸਹਿਮਤ ਸਨ ਕਿ ਜੇ ਇਹ ਨੱਕ ਨਹੀਂ ਹੋਵੇਗਾ ਤਾਂ ਸਾਡਾ ਨੱਕ ਵੀ ਨਹੀਂ ਰਹੇਗਾ।

ਉਚ ਪੱਧਰੀ ਸਲਾਹ-ਮਸ਼ਵਰੇ ਹੋਣ ਲਗੇ। ਦਿਮਾਗ ਲੜਾਏ ਗਏ ਤੇ ਫੈਸਲਾ ਕੀਤਾ ਗਿਆ ਕਿ ਹਰ ਹਾਲਤ ਵਿਚ ਇਹ ਨੱਕ ਹੋਣਾ ਚਾਹੀਦਾ ਹੈ। ਫੈਸਲਾ ਹੁੰਦਿਆਂ ਹੀ ਫੌਰਨ ਇਕ ਬੁੱਤਘਾੜੇ ਨੂੰ ਦਿੱਲੀ ਤਲਬ ਕੀਤਾ ਗਿਆ।

ਬੁੱਤਘਾੜਾ ਉਂਝ ਤਾਂ ਕਲਾਕਾਰ ਸੀ, ਪਰ ਪੈਸੇ ਹੱਥੋਂ ਜ਼ਰਾ ਲਾਚਾਰ ਸੀ। ਆਉਂਦਿਆਂ ਹੀ ਉਸ ਨੇ ਹਾਕਮਾਂ ਦੇ ਚਿਹਰੇ ਵੇਖੇ। ਅਜੀਬ ਪ੍ਰੇਸ਼ਾਨੀ ਸੀ ਉਹਨਾਂ ਦੇ ਚਿਹਰਿਆਂ 'ਤੇ। ਕੁਝ ਲਮਕੇ ਹੋਏ ਸਨ, ਕੁਝ ਉਦਾਸ ਤੇ ਕੁਝ ਉਡੇ ਹੋਏ।

ਉਹਨਾਂ ਦੀ ਅਜੇਹੀ ਹਾਲਤ ਵੇਖ ਲਾਚਾਰ ਕਲਾਕਾਰ ਦੀਆਂ ਅੱਖਾਂ ਭਰ ਆਈਆਂ। ਉਸੇ ਸਮੇਂ ਇਕ ਅਵਾਜ਼ ਸੁਣਾਈ ਦਿਤੀ, "ਮੂਰਤੀਕਾਰ! ਪੰਜਵੇਂ ਜਾਰਜ ਦਾ ਨੱਕ ਲਾਣਾ ਹੈ।"

ਬੁੱਤਘਾੜੇ ਨੇ ਸੁਣਿਆ ਤੇ ਜਵਾਬ ਦਿਤਾ, "ਨੱਕ ਲੱਗ ਜਾਏਗਾ, ਪਰ ਮੈਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਇਹ ਬੁੱਤ ਕਦੋਂ ਤੇ ਕਿਥੇ ਬਣਿਆ ਸੀ? ਏਹਦੇ ਲਈ ਪੱਥਰ ਕਿਥੋਂ ਲਿਆਂਦਾ ਗਿਆ ਸੀ?"

ਸਾਰਿਆਂ ਨੇ ਇਕ ਦੂਜੇ ਵਲ ਵੇਖਿਆ...ਇਕ ਦੀ ਨਜ਼ਰ ਨੇ ਦੂਜੇ ਨੂੰ ਆਖਿਆ ਕਿ ਇਹ ਦੱਸਣਾ ਤੇਰੀ ਜ਼ੁਮੇਦਾਰੀ ਹੈ। ਖ਼ੈਰ, ਮਸਲਾ ਹੱਲ ਹੋ ਗਿਆ। ਇਕ ਕਲਰਕ ਨੂੰ ਫੋਨ ਕੀਤਾ ਤੇ ਇਸ ਗੱਲ ਦੀ ਪੂਰੀ ਛਾਣਬੀਣ ਦਾ ਕੰਮ ਸੰਭਾਲ ਦਿਤਾ ਗਿਆ। ...ਆਰਕਿਆਲੋਜੀ ਮਹਿਕਮੇ ਦੀਆਂ ਫਾਈਲਾਂ ਦੇ ਢਿੱਡ ਚੀਰੇ ਗਏ, ਪਰ ਕੁਝ ਵੀ ਪਤਾ ਨਾ ਚਲਿਆ। ਕਲਰਕ ਨੇ ਪਰਤਕੇ ਕਮੇਟੀ ਸਾਹਵੇਂ ਕੰਬਦਿਆਂ ਕੰਬਦਿਆਂ ਜਵਾਬ ਦਿਤਾ, "ਸਰ! ਗੁਸਤਾਖ਼ੀ ਮਾਫ, ਫਾਈਲਾਂ ਸਭ ਕੁਝ ਹਜ਼ਮ ਕਰ ਚੁਕੀਆਂ ਹਨ।"

ਹਾਕਮਾਂ ਦੇ ਚਿਹਰਿਆਂ ਤੇ ਉਦਾਸੀ ਦੇ ਬੱਦਲ ਛਾ ਗਏ। ਇਕ ਖਾਸ ਕਮੇਟੀ ਬਣਾਈ ਗਈ ਤੇ ਉਹਦੇ ਜ਼ੁਮੇ ਇਹ ਕੰਮ ਲਾ ਦਿਤਾ ਗਿਆ ਕਿ ਕਿਵੇਂ ਵੀ ਹੋਵੇ ਇਹ ਕੰਮ ਹੋਣਾ ਚਾਹੀਦਾ ਹੈ। ਬੁੱਤਘਾੜੇ ਨੂੰ ਮੁੜ ਸੱਦਿਆ ਗਿਆ। ਉਸ ਨੇ ਮਸਲਾ ਹੱਲ ਕਰ ਦਿਤਾ। ਉਹ ਬੋਲਿਆ, "ਜੇ ਪੱਥਰ ਦੀ ਕਿਸਮ ਦਾ ਠੀਕ ਪਤਾ ਨਹੀਂ ਲਗਦਾ ਤਾਂ ਘਬਰਾਣ ਦੀ ਲੋੜ ਨਹੀਂ। ...ਮੈਂ ਹਿੰਦੁਸਤਾਨ ਦੇ ਹਰ ਪਹਾੜ ਤੇ ਜਾਵਾਂਗਾ ਅਤੇ ਇਹੋ ਜਿਹਾ ਪੱਥਰ ਲੱਭ ਲਿਆਵਾਂਗਾ।" ਕਮੇਟੀ ਮੈਂਬਰਾਂ ਦੀ ਜਾਨ ਵਿਚ ਜਾਨ ਆਈ। ਪ੍ਰਧਾਨ ਨੇ ਜਾਂਦਿਆਂ ਜਾਂਦਿਆਂ ਬੜੇ ਫ਼ਖ਼ਰ ਨਾਲ ਆਖਿਆ, "ਅਜਿਹੀ ਕਿਹੜੀ ਸ਼ੈ ਹੈ, ਜਿਹੜੀ ਆਪਣੇ ਭਾਰਤ ਵਿਚ ਨਹੀਂ ਮਿਲਦੀ। ਹਰ ਚੀਜ਼ ਇਸ ਦੇ ਗਰਭ ਵਿਚ ਲੁਕੀ ਪਈ ਹੈ। ਲੋੜ ਲੱਭਣ ਦੀ ਹੈ। ਲੱਭਣ ਲਈ ਮਿਹਨਤ ਕਰਨੀ ਪਵੇਗੀ ਤੇ ਉਸ ਮਿਹਨਤ ਦਾ ਫਲ ਸਾਨੂੰ ਮਿਲੇਗਾ...ਆਉਣ ਵਾਲਾ ਸਮਾਂ ਖੁਸ਼ਹਾਲ ਹੋਵੇਗਾ।"

ਇਹ ਛੋਟਾ ਜਿਹਾ ਭਾਸ਼ਨ ਫੌਰਨ ਅਖਬਾਰਾਂ ਵਿਚ ਛੱਪ ਗਿਆ।

ਬੁੱਤਘਾੜਾ ਹਿੰਦੁਸਤਾਨ ਦੇ ਪਹਾੜੀ ਇਲਾਕਿਆਂ ਅਤੇ ਪੱਥਰਾਂ ਦੀਆਂ ਖਾਣਾ ਦੇ ਦੌਰੇ 'ਤੇ ਨਿਕਲ ਗਿਆ। ਕੁਝ ਦਿਨਾਂ ਪਿਛੋਂ ਉਹ ਨਿਰਾਸ ਪਰਤਿਆ, ਤਾਂ ਉਹਦੇ ਚਿਹਰੇ ਤੇ ਲਾਹਨਤ ਵਰ੍ਹ ਰਹੀ ਸੀ। ਉਹਨੇ ਸਿਰ ਸੁੱਟਦਿਆਂ ਖਬਰ ਸੁਣਾਈ—"ਮੁਲਕ ਦਾ ਚੱਪਾ ਚੱਪਾ ਗਾਹ ਮਾਰਿਆ, ਪਰ ਏਸ ਕਿਸਮ ਦਾ ਪੱਥਰ ਕਿਤੇ ਨਹੀਂ ਮਿਲਿਆ। ਇਹ ਪੱਥਰ ਵਿਦੇਸ਼ੀ ਹੈ।"

ਪ੍ਰਧਾਨ ਨੇ ਗੁੱਸੇ ਵਿਚ ਆ ਕੇ ਆਖਿਆ—'ਲਾਹਣਤ ਏ ਤੇਰੀ ਅਕਲ 'ਤੇ ਵਿਦੇਸ਼ਾਂ ਦੀ ਹਰ ਚੀਜ਼ ਤਾਂ ਅਸੀਂ ਅਪਨਾ ਲਈ ਹੈ—ਦਿਲ--ਦਿਮਾਗ, ਤੌਰ ਤਰੀਕੇ ਤੇ



Sri Satguru Jagjit Singh Ji eLibrary NamdhariElibrary@gmail.com

ਰਹਿਣ ਸਹਿਣ...ਜਦੋਂ ਹਿੰਦੁਸਤਾਨ ਵਿਚ ਬਾਲ-ਡਾਂਸ ਤੀਕ ਮਿਲਾ ਜਾਂਦਾ ਹੈ ਤਾਂ ਪੱਥਰ ਕਿਉਂ ਨਹੀਂ ਮਿਲ ਸਕਦਾ !"

ਬੁੱਤਘਾੜਾ ਪੱਥਰ ਬਣਿਆਂ ਖਲੋਤਾ ਸੀ। ਅਚਾਨਕ ਉਹਦੀਆਂ ਅੱਖਾਂ ਲਿਸ਼ਕ ਪਈਆਂ। ਬੋਲਿਆ—"ਇਕ ਗੱਲ ਮੈਂ ਆਖਣੀ ਚਾਹਾਂਗਾ, ਪਰ ਇਸ ਸ਼ਰਤ ਤੇ ਕਿ ਇਹ ਗੱਲ ਅਖਬਾਰ ਵਾਲਿਆਂ ਤੀਕ ਨਾ ਪੁਜੇ...।"

ਪ੍ਰਧਾਨ ਦੀਆਂ ਅੱਖਾਂ ਵਿਚ ਵੀ ਚਮਕ ਆਈ। ਚਪੜਾਸੀ ਨੂੰ ਹੁਕਮ ਹੋਇਆ ਅਤੇ ਕਮਰੇ ਦੇ ਸਾਰੇ ਬੂਹੇ ਬੰਦ ਕਰ ਦਿਤੇ ਗਏ। ਬੁੱਤਘਾੜੇ ਨੇ ਆਖਿਆ—"ਦੇਸ਼ ਵਿਚ ਆਪਣੇ ਨੇਤਾਵਾਂ ਦੀਆਂ ਮੂਰਤੀਆਂ ਵੀ ਹਨ ..ਜੇ ਆਗਿਆ ਹੋਵੇ...ਜੇ ਤੁਸੀਂ ਲੋਕ ਠੀਕ ਸਮਝੋ, ਤਾਂ ਮੇਰਾ ਮਤਲਬ ਹੈ, ਤਾਂ...ਜਿਹਦਾ ਨੱਕ ਮੇਚ ਆ ਜਾਵੇ ਉਹੀ ਲਾਹ ਕੇ ਲਿਆਂਦਾ ਜਾਵੇ... ।"

ਸਾਰਿਆਂ ਨੇ ਸਾਰਿਆਂ ਵਲ ਤੱਕਿਆ। ਸਾਰਿਆਂ ਦੀਆਂ ਅੱਖਾਂ ਵਿਚ ਇਕ ਪਲ ਦੀ ਹੈਰਾਨੀ ਪਿਛੋਂ ਖੁਸ਼ੀ ਨੱਚਣ ਲੱਗੀ। ਪ੍ਰਧਾਨ ਨੇ ਹੌਲੀ ਜਿਹੀ ਆਖਿਆ—"ਪਰ ਬੜੀ ਹੁਸ਼ਿਆਰੀ ਨਾਲ !"

ਬੁੱਤਘਾੜਾ ਮੁੜ ਦੇਸ਼ ਦੇ ਦੌਰੇ ਤੇ ਨਿਕਲ ਪਿਆ। ਪੰਜਵੇਂ ਜਾਰਜ ਦੇ ਖੋਏ ਹੋਏ ਨੱਕ ਦਾ ਨਾਪ ਉਹਦੇ ਕੋਲ ਸੀ। ਦਿੱਲੀਉਂ ਬੰਬਈ ਪੁੱਜਿਆ.. ਦਾਦਾ ਭਾਈ ਨਾਰੋ ਜੀ, ਗੋਖਲੇ, ਤਿਲਕ, ਸ਼ਿਵਾ ਜੀ, ਕਾਣਸ ਜੀ, ਸਰਦਾਰ ਪਟੇਲ, ਵਿੱਠਲ ਭਾਈ ਪਟੇਲ, ਮਹਾਂਦੇਵ ਡਿਸਾਈ ਦੀਆਂ ਮੂਰਤੀਆਂ ਪਰਖਿਆ ਤੇ ਬੰਗਾਲ ਵਲ ਚਲ ਪਿਆ...ਗੁਰੂ ਦੇਵ ਰਾਬਿੰਦਰ ਨਾਥ, ਸੁਭਾਸ਼ ਚੰਦਰ ਬੋਸ, ਰਾਜਾ ਰਾਮ ਮੋਹਨ ਰਾਏ ਆਦਿਕ ਨੂੰ ਵੇਖਿਆ, ਨਾਪ ਨਪਾਈ ਕੀਤੀ ਤੇ ਬਿਹਾਰ ਵਲ ਤੁਰ ਪਿਆ। ਬਿਹਾਰ ਹੁੰਦਾ ਹੋਇਆ ਉਤਰ ਪ੍ਰਦੇਸ਼ ਵਲ ਆਇਆ—ਚੰਦਰ ਸ਼ੇਖਰ ਆਜ਼ਾਦ, ਬਿਸਮਿਲ, ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਦੇ ਬੁੱਤਾਂ ਕੋਲ ਆਇਆ...ਘਬਰਾਹਟ ਵਿਚ ਮਦਰਾਸ ਵੀ ਪੁਜਿਆ। ਸਤਿਆ ਮੂਰਤੀ ਨੂੰ ਵੀ ਵੇਖਿਆ, ਅਤੇ ਮੈਸੂਰ ਕੇਰਲ ਆਦਿਕ ਸਾਰੇ ਸੂਬਿਆਂ ਦਾ ਦੌਰਾ ਕਰਦਾ ਹੋਇਆ ਪੰਜਾਬ ਪੁਜਿਆ ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇ ਬੁੱਤਾਂ ਨਾਲ ਵੀ ਟਾਕਰਾ ਹੋਇਆ। ਅੰਤ ਦਿੱਲੀ ਪੁਜਿਆ ਤੇ ਆਪਣੀ ਮੁਸ਼ਕਲ ਬਿਆਨ ਕੀਤੀ—"ਪੂਰੇ ਹਿੰਦੁਸਤਾਨ ਦੀਆਂ ਮੂਰਤੀਆਂ ਦੀ ਪਰਕਰਮਾ ਕਰ ਆਇਆ ਹਾਂ। ਸਾਰਿਆਂ ਦੇ ਨੱਕਾਂ ਦਾ ਨਾਪ ਲਿਆ—ਪਰ ਪੰਜਵੇਂ ਜਾਰਜ ਦੇ ਇਸ ਨੱਕ ਤੋਂ ਸਾਰੇ ਹੀ ਵੱਡੇ ਨਿਕਲੇ...।"

ਸੁਣਦਿਆਂ ਹੀ ਸਾਰੇ ਨਿਰਾਸ਼ ਹੋ ਗਏ ਤੇ ਖ਼ਿਝਣ ਲਗ ਪਏ। ਬੁੱਤਘਾੜੇ ਨੇ ਹੋਰ ਵੀ ਆਖਿਆ—"ਸੁਣਿਆਂ ਸੀ ਕਿ ਬਿਹਾਰ ਸੈਕਟਰੀਏਟ ਸਾਹਮਣੇ ਸੰਨ ਬਿਆਲੀ ਵਿਚ ਸ਼ਹੀਦ ਹੋਣ ਵਾਲੇ ਤਿੰਨ ਬੱਚਿਆਂ ਦੇ ਬੁੱਤ ਲਗੇ ਹੋਏ ਨੇ . ਸ਼ਾਇਦ ਬਚਿਆਂ ਦਾ ਨੱਕ ਹੀ ਮੇਚ ਆ ਜਾਵੇ, ਇਹ ਸੋਚ ਉਥੇ ਵੀ ਪੁਜਿਆ...ਪਰ...ਉਹਨਾਂ ਤਿੰਨਾਂ ਦੇ ਨੱਕ ਵੀ ਇਸ ਤੋਂ ਕਿਤੇ ਵੱਡੇ ਸਨ। ਹੁਣ ਦੱਸੋ ਮੈਂ ਕੀ ਕਰਾਂ ?"

...ਰਾਜਧਾਨੀ ਵਿਚ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਪੰਜਵੇਂ ਜਾਰਜ ਦੇ ਬੁੱਤ ਨੂੰ ਮਲ ਮਲ ਕੇ ਨੁਹਾਇਆ ਗਿਆ। ਰੋਗਨ ਕੀਤਾ ਗਿਆ। ਸਭ ਕੁਝ ਸੀ, ਸਿਰਫ ਨੱਕ ਨਹੀਂ ਸੀ।

ਗੱਲ ਮੁੜ ਵੱਡੇ ਹਾਕਮ ਕੋਲ ਪੁੱਜੀ। ਸਾਰੇ ਘਬਰਾ ਗਏ—ਜੇ ਪੰਜਵੇਂ ਜਾਰਜ ਦੇ ਨੱਕ ਨਾ ਲਗਿਆ, ਤਾਂ ਫਿਰ ਰਾਣੀ ਦੇ ਸਵਾਗਤ ਦਾ ਕੀ ਮਤਲਬ ? ਇਹ ਤਾਂ ਆਪਣਾ ਨੱਕ ਵਢਾਉਣ ਵਾਲੀ ਗੱਲ ਹੋਈ।

ਪਰ ਬੁੱਤਘਾੜਾ ਪੈਸੇ ਹੱਥੋਂ ਮਜਬੂਰ ਸੀ . ਜਾਣੀ ਹਾਰ ਮੰਨਣ ਵਾਲਾ ਕਲਾਕਾਰ ਨਹੀਂ ਸੀ। ਇਕ ਹੈਰਾਨ ਕਰਨ ਵਾਲਾ ਵਿਚਾਰ ਉਸ ਦੇ ਦਿਮਾਗ ਵਿਚ ਚਮਕਿਆ ਅਤੇ ਉਹਨੇ ਪਹਿਲੀ ਸ਼ਰਤ ਦੁਹਰਾਈ। ਜਿਹੜੇ ਕਮਰੇ ਵਿਚ ਕਮੇਟੀ ਬੈਠੀ ਹੋਈ ਸੀ, ਉਸ ਦੇ ਬੂਹੇ ਮੁੜ ਬੰਦ ਹੋਏ ਅਤੇ ਬੁੱਤਘਾੜੇ ਨੇ ਆਪਣੀ ਨਵੀਂ ਸਕੀਮ ਪੇਸ਼ ਕੀਤੀ—"ਕਿਉਂਕਿ ਨੱਕ ਲੱਗਣਾ ਇਕਦਮ ਜ਼ਰੂਰੀ ਏ, ਇਸ ਲਈ ਮੇਰੀ ਰਾਇ ਹੈ ਕਿ ਚਾਲੀ ਕਰੋੜਾਂ ਵਿਚੋਂ ਕੋਈ ਇਕ ਜੀਂਦਾ ਨੱਕ ਵੱਢ ਕੇ ਲਾ ਦਿਤਾ ਜਾਵੇ...।

ਸੱਨਾਟਾ ਛਾ ਗਿਆ। ਕੁਝ ਮਿੰਟਾਂ ਦੀ ਚੁੱਪ ਪਿਛੋਂ ਪ੍ਰਧਾਨ ਨੇ ਸਾਰਿਆਂ ਵੱਲ ਤੱਕਿਆ। ਸਭ ਨੂੰ ਪਰੇਸ਼ਾਨ ਵੇਖ ਬੁੱਤਘਾੜਾ ਕੁਝ ਝਿਜਕਿਆ ਅਤੇ ਹੌਲੀ ਜਿਹੇ ਬੋਲਿਆ—"ਤੁਸੀਂ ਲੋਕ ਕਿਉਂ ਘਬਰਾਉਂਦੇ ਹੋ ? ਇਹ ਕੰਮ ਮੇਰੇ ਤੇ ਛੱਡ ਦੇਵੋ...ਨੱਕ ਚੁਣਨਾ ਮੇਰਾ ਕੰਮ ਹੈ...ਤੁਹਾਡੀ ਸਿਰਫ ਆਗਿਆ ਚਾਹੀਦੀ ਹੈ।" ਕੰਨੋਂ-ਕੰਨ ਸਲਾਹਾਂ ਹੋਈਆਂ ਅਤੇ ਬੁੱਤਘਾੜੇ ਨੂੰ ਆਗਿਆ ਦੇ ਦਿਤੀ ਗਈ।



Sri Satguru Jagjit Singh Ji eLibrary NamdhariElibrary@gmail.com

ਅਖਬਾਰਾਂ ਵਿਚ ਸਿਰਫ ਇੰਨਾ ਛਪਿਆ ਕਿ ਨੱਕ ਦਾ ਮਸਲਾ ਹੱਲ ਹੋ ਗਿਆ ਹੈ ਤੇ ਰਾਜਪੱਥ ਅਤੇ ਇੰਡੀਆ ਗੇਟ ਦੇ ਕੋਲ ਵਾਲੇ ਪੰਜਵੇਂ ਜਾਰਜ ਦੇ ਬੁੱਤ ਦੇ ਨੱਕ ਲਗ ਰਿਹਾ ਹੈ।

ਨੱਕ ਲੱਗਣ ਤੋਂ ਪਹਿਲਾਂ ਮੁੜ ਹਥਿਆਰਬੰਦ ਪਹਿਰੇ ਲਾਏ ਗਏ। ਬੁੱਤ ਦੇ ਨਾਲ ਵਾਲਾ ਤਲਾਅ ਸੁਕਾ ਕੇ ਸਾਫ ਕੀਤਾ ਗਿਆ। ਉਸ ਦੀ ਗਾਰ ਕੱਢ ਤਾਜ਼ਾ ਪਾਣੀ ਪਾਇਆ ਗਿਆ ਤਾਂ ਕਿ ਲਾਇਆ ਜਾਣ ਵਾਲਾ ਜੀਂਦਾ ਨੱਕ ਸੁੱਕ ਨਾ ਜਾਵੇ। ਇਸ ਗੱਲ ਦੀ ਭਾਫ ਤੀਕ ਨਾ ਬਾਹਰ ਕੱਢੀ ਗਈ। ਸਾਰੀਆਂ ਤਿਆਰੀਆਂ ਅੰਦਰੋ-ਅੰਦਰ ਚੱਲ ਰਹੀਆਂ ਸਨ। ਰਾਣੀ ਦੇ ਆਉਣ ਦਾ ਦਿਨ ਨੇੜੇ ਆ ਰਿਹਾ ਸੀ। ਬੁੱਤਘਾੜਾ ਆਪ ਆਪਣੇ ਦਰਸਾਏ ਹੱਲ ਤੋਂ ਪ੍ਰੇਸ਼ਾਨ ਸੀ। ਜੀਂਦਾ ਨੱਕ ਲਾਉਣ ਲਈ ਉਹਨੇ ਕਮੇਟੀ ਵਾਲਿਆਂ ਤੋਂ ਹੋਰ ਸਹਾਇਤਾ ਮੰਗੀ। ਉਹ ਦੇ ਦਿਤੀ ਗਈ। ਪਰ ਇਸ ਹਦਾਇਤ ਨਾਲ ਕਿ ਮਿਥੇ ਹੋਏ ਦਿਨ ਹਰ ਹਾਲਤ ਵਿਚ ਨੱਕ ਲੱਗ ਜਾਵੇਗਾ...ਤੇ ਉਹ ਦਿਨ ਆਣ ਢੁੱਕਿਆ।

ਪੰਜਵੇਂ ਜਾਰਜ ਦੇ ਨੱਕ ਲੱਗ ਗਿਆ।

ਸਾਰੇ ਅਖਬਾਰਾਂ ਨੇ ਖਬਰਾਂ ਛਾਪੀਆਂ ਕਿ ਪੰਜਵੇਂ ਜਾਰਜ ਦਾ ਜੀਂਦਾ ਨੱਕ ਲਾਇਆ ਗਿਆ ਹੈ...ਜਾਣੀ ਅਜੇਹਾ ਨੱਕ ਜਿਹੜਾ ਉੱਕਾ ਹੀ ਪੱਥਰ ਦਾ ਨਹੀਂ ਲੱਗਦਾ।

ਪਰ ਉਸ ਦਿਨ ਦੇ ਅਖਬਾਰਾਂ ਵਿਚ ਇਕ ਗੱਲ ਹੋਰ ਗ਼ੌਰ ਕਰਨ ਵਾਲੀ ਸੀ। ਉਸ ਦਿਨ ਦੇਸ਼ ਵਿਚ ਕਿਤੇ ਵੀ ਕਿਸੇ ਉਦਘਾਟਨ ਦੀ ਖਬਰ ਨਹੀਂ ਸੀ। ਕਿਸੇ ਨੇ ਕੋਈ ਫੀਤਾ ਨਹੀਂ ਕੱਟਿਆ ਸੀ। ਕੋਈ ਪਬਲਿਕ ਮੀਟਿੰਗ ਨਹੀਂ ਸੀ ਹੋਈ। ਕੋਈ ਮਾਣ-ਪੱਤਰ ਭੇਂਟ ਕਰਨ ਦੀ ਨੌਬਤ ਨਹੀਂ ਆਈ ਸੀ। ਕਿਸੇ ਹਵਾਈ ਅੱਡੇ ਜਾਂ ਸਟੇਸ਼ਨ 'ਤੇ ਪੁਰਜ਼ੋਰ ਸਵਾਗਤ ਨਹੀਂ ਹੋਇਆ ਸੀ। ਕਿਸੇ ਦੀ ਤਾਜ਼ੀ ਤਸਵੀਰ ਨਹੀਂ ਛਪੀ ਸੀ।

ਸਾਰੇ ਅਖਬਾਰ ਖਾਲੀ ਸਨ।

ਪਤਾ ਨਹੀਂ ਇੰਜ ਕਿਉਂ ਹੋਇਆ ਸੀ?

ਨੱਕ ਤਾਂ ਸਿਰਫ ਇਕ ਚਾਹੀਦਾ ਸੀ...ਤੇ ਉਹ ਵੀ ਬੁੱਤ ਲਈ!

(☹)


ਫ਼ੋਨ ਨੰਬਰ
(01871) 43641

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

**ਹਰ ਸਾਈਜ਼ ਦੇ ਖਰਾਦ, ਰੰਦੇ ਅਤੇ ਡਰਿਲ ਮਸ਼ੀਨਾਂ**

ਬਨਾਉਣ ਵਾਲੇ

# ਨਾਮਧਾਰੀ ਗਰੁਪ ਆਫ਼ ਇੰਡਸਟਰੀਜ਼

# ਬਟਾਲਾ

(ਪ੍ਰ. ਸੂਬਾ ਅਜੀਤ ਸਿੰਘ ਨਾਮਧਾਰੀ)

- ਨਾਮਧਾਰੀ ਇੰਜੀਨਰਿੰਗ ਵਰਕਸ
- ਨਿਊ ਨਾਮਧਾਰੀ ਫਾਊਂਡਰੀ
- ਨਾਮਧਾਰੀ ਇੰਟਰਪ੍ਰਾਈਜਿਜ਼
- ਨਾਮਧਾਰੀ ਕਾਸਟਿੰਗ ਉਦਯੋਗ

**ਕਾਹਨੂੰਵਾਨ ਰੋਡ, ਬਟਾਲਾ (ਪੰਜਾਬ)**





Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਇਤਿਹਾਸ ਦੇ ਪੱਤਰੇ :

# ਕਸ਼ਮੀਰ ਅਤੇ ਨੈਪਾਲ ਨਾਲ ਸੰਪਰਕ

—ਨਾਹਰ ਸਿੰਘ

ਗੁਰੂ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਅਤੇ ਭਾਈ-ਚਾਰਕ ਸੁਧਾਰ ਲਹਿਰ ਦੀ ਨਿਉਂ ਦੀ ਉਸਾਰੀ ਰਾਜਸੀ ਇੰਦੀਏ ਨਾਲ ਕੀਤੀ ਸੀ। ਆਪ ਜੀ ਦਾ ਅਸਲੀ ਨਿਸ਼ਾਨਾ ਉਕਤ ਦੋਨੋਂ ਵਸੀਲਿਆਂ ਨਾਲ ਜਨਤਾ ਨੂੰ ਇਕ ਲੜੀ ਵਿਚ ਪਰੋਕੇ ਵਦੇਸ਼ੀ ਹਕੂਮਤ ਦੇ ਬਰਖਲਾਫ ਸੁਤੰਤਰਤਾ ਸੰਗਰਾਮ ਲਈ ਜਨਤਾ ਅਤੇ ਦੇਸ਼ ਨੂੰ ਤਿਆਰ ਕਰਨਾ ਸੀ। ਸੰਨ ੧੮੬੮ ਯਾ ਸੰਮਤ ੧੯੨੫ ਤਕ ਬਾਬੇ ਪੁਰਾਣੇ ਦੇ ਵਨਸ਼ਜ ਗੁਰਚਰਨ ਸਿੰਘ ਅਤੇ ਬਾਬਾ ਕਨ੍ਹੀਆ ਸਿੰਘ ਅਤੇ ਜਗਤ ਸਿੰਘ ਬੇਦੀਆਂ ਦੇ ਪ੍ਰਚਾਰ ਨਾਲ ਕਾਬਲ, ਪਸ਼ਾਵਰ, ਤੀਰਾਹ ਅਤੇ ਹਰੀਪੁਰ ਹਜ਼ਾਰੇ ਤਕ ਲੋਕੀ ਇਸ ਨਵੀਂ ਲਹਿਰ ਦੇ ਮੰਤਵ ਅਤੇ ਇਸ ਦੇ ਸੰਚਾਲਕ ਗੁਰੂ ਦੇ ਨਾਮ ਤੋਂ ਵਾਕਫ ਹੋ ਗਏ ਸਨ। ਪੰਜਾਬ ਦੇ ਬਹੁਤ ਸਾਰੇ ਵਹਾਬੀਆਂ ਅਤੇ ਨਾਮਧਾਰੀਆਂ ਦੇ ਪਿੰਡ ਇਕੋ ਹੀ ਸਨ।

ਅੰਗਰੇਜ਼ਾਂ ਸਿਖਾਂ ਦੀ ਪਹਿਲੀ ਲੜਾਈ ਦੇ ਅਖੀਰ ਤੇ ਅੰਗਰੇਜ਼ਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਲਾਹੌਰ ਦੀ ਬਾਦਸ਼ਾਹਿਤ ਦਾ ਕਸ਼ਮੀਰ ਦਾ ਇਲਾਕਾ ਇਕ ਕਰੋੜ ਰੁਪਏ ਨੂੰ ਵੇਚ ਦਿਤਾ ਸੀ। ਜਦ ਅੰਗਰੇਜ਼ਾਂ ਨੇ ਆਪਨੀ ਪਹਿਲੋਂ ਹੀ ਗਿਣੀ ਮਿਥੀ ਵਿਉਂਤ ਅਨੁਸਾਰ ਪੰਜਾਬ ਨੂੰ ਆਪਣੀ ਸਲਤਨਤ ਵਿਚ ਸ਼ਾਮਲ ਕਰ ਲਿਆ ਅਤੇ ਇਸ ਨਵੇਂ ਇਲਾਕੇ ਦੀਆਂ ਸਰਹਦਾਂ ਦਾ ਮੁਤਾਲਿਆ ਕੀਤਾ, ਤਦ ਉਨ੍ਹਾਂ ਨੂੰ ਕਸ਼ਮੀਰ ਵੇਚਣ ਦੀ ਗਲਤੀ ਦਾ ਇਹਸਾਸ ਹੋਇਆ। ਯੂਰਪ ਵਿਚ ਹੋਈ ਕਰੀਮੀ ਦੀ ਲੜਾਈ ਪਿਛੋਂ ਅੰਗਰੇਜ਼ਾਂ ਨੇ ਰੂਸੀ ਤੁਰਕਿਸਤਾਨ ਅਤੇ ਕਸ਼ਮੀਰ ਦੀ ਮਿਲਵੀਂ ਸਰਹੱਦ ਅਤੇ ਆਉਣ ਜਾਣ ਦੇ ਰਸਤਿਆਂ ਆਦਿ ਤੇ ਪੱਕੀ ਤਰ੍ਹਾਂ ਕਬਜ਼ਾ ਕਰਨ ਦੀਆਂ ਵਿਉਂਤਾਂ ਸੋਚਣੀਆਂ ਸ਼ੁਰੂ ਕੀਤੀਆਂ ਅਤੇ ਰਿਆਸਤ ਦੇ ਅੰਦਰੂਨੀ ਮਾਮਲਿਆਂ ਵਿਚ ਭੀ ਦਖਲ ਦੇਣ ਲਗ ਪਏ।

ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੰਘ ਅੰਗਰੇਜ਼ਾਂ ਦੇ ਪੁਰਾਣੇ ਅਹਿਦਨਾਮੇ ਵਿਚ ਆਈਆਂ ਸ਼ਰਤਾਂ ਤੋਂ ਵਧੇਰੇ ਦਖਲ ਦੇਣ ਨੂੰ ਬਹੁਤ ਬੁਰਾ ਮਨਾਂਦਾ ਸੀ। ਕਸ਼ਮੀਰ ਦਰਬਾਰ ਵਿਚ ਉਸ ਸਮੇਂ ਅਹਿਲਕਾਰਾਂ ਦੀਆਂ ਦੋ ਪਾਰਟੀਆਂ ਸਨ। ਵਡੇ ਵਜ਼ੀਰ ਦੀਵਾਨ ਕ੍ਰਿਪਾ ਰਾਮ ਐਮਨਾਬਾਦੀਏ ਦੀ, ਜੋ ਅੰਗਰੇਜ਼ਾਂ ਨਾਲ ਪਕੀ ਦੋਸਤੀ ਰਖਣ ਦੇ ਹੱਕ ਵਿਚ ਸੀ। ਦੂਸਰੀ ਮਹਾਰਾਜਾ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ ਦੀ, ਜੋ ਕਸ਼ਮੀਰ ਨੂੰ ਅੰਗਰੇਜ਼ਾਂ ਦੇ ਅਸਰ ਰਸੂਖ ਤੋਂ ਬਚਾ ਕੇ ਇਸ ਨੂੰ ਇਕ ਨੀਮ ਸੁਤੰਤਰ ਹਿੰਦੂ ਰਾਜ ਦੀ ਸ਼ਕਲ ਵਿਚ ਰਖਣਾ ਚਾਹੁੰਦਾ ਸੀ। ਵੇਦਾਂਤੀ ਜੀ, ਮਹਾਰਾਜਾ ਗੁਲਾਬ ਸਿੰਘ ਜੀ ਦੇ ਸਮੇਂ ਤੋਂ ਇਕ ਵਿਦਿਆਲਯ ਚਲਾ ਰਹੇ ਸਨ ਅਤੇ ਉਸ ਵਿਚ ਆਪ ਭੀ ਸਿਕਸ਼ਾ ਦਿਆ ਕਰਦੇ ਸਨ। ਗੁਜਰਾਂਵਾਲਾ ਅਤੇ ਸਿਆਲਕੋਟ ਦੇ ਜ਼ਿਲਿਆਂ ਦੇ ਬਹੁਤ ਸਾਰੇ ਨਾਮਧਾਰੀ ਵੇਦਾਂਤੀ ਜੀ ਦੇ ਮਿਤਰ ਸਨ, ਅਤੇ ਉਨ੍ਹਾਂ ਪਾਸ ਇਨ੍ਹਾਂ ਦੀ ਖੁਲ੍ਹੀ ਆਵਾਜਾਈ ਸੀ।

ਕਿਸ਼ਨ ਸਿੰਘ ਦੂਸਰਾ ਨਾਮ ਹਰੀ ਸਿੰਘ ਪਿੰਡ ਗਰੰਥਗੜ੍ਹ ਜ਼ਿਲਾ ਅੰਮ੍ਰਿਤਸਰ ਅਤੇ ਰਾਜਾ ਸਿੰਘ ਤਰਾਂਡੀਵਾਲਾ ਵੇਦਾਂਤੀ ਜੀ ਨੂੰ ਬਹੁਤ ਵਾਰੀ ਮਿਲਦੇ ਰਹਿੰਦੇ ਸਨ। ਗੁਰੂ ਰਾਮ ਸਿੰਘ ਜੀ ਦੇ ਦੜਪ, ਗੁਜਰਾਂਵਾਲਾ, ਸਿਆਲਕੋਟ ਦੇ ਦੌਰੇ ਸਮੇਂ ੧੮੬੯ ਦੀਆਂ ਗਰਮੀਆਂ ਵਿਚ ਹੀ ਆਪ ਜੀ ਦੇ ਹੁਕਮ ਨਾਲ ਅਤੇ ਵੇਦਾਂਤੀ ਜੀ ਦੇ ਵਸੀਲੇ ਦੁਆਰਾ ਹੀਰਾ ਸਿੰਘ ਲੰਬੂ ਸਫੌਤੇ ਵਾਲਾ, ਤਾਰਾ ਸਿੰਘ ਕਿਲਾ ਦੇਸਾ ਸਿੰਘ ਵਾਲੇ ਨਾਲ ੩੦ ਕੁ ਕੂਕਿਆਂ ਸਮੇਤ ਮਹਾਰਾਜ ਕਸ਼ਮੀਰ ਪਾਸ ਜੰਮੂ ਪਹੁੰਚੇ। ਵੇਦਾਂਤੀ ਜੀ ਦੀ ਸਿਫਾਰਸ਼ ਤੇ ਮਹਾਰਾਜਾ ਰਣਬੀਰ ਸਿੰਘ ਨੇ ਇਨ੍ਹਾਂ ਨੂੰ ਜੰਮੂ ਸ਼ਹਿਰ ਤੋਂ ਬਾਹਰ ਥਾਂ ਦੇ ਦਿਤੀ। ਮਹਾਰਾਜਾ ਸਾਹਿਬ ਨੇ ਇਨ੍ਹਾਂ ਨੂੰ ਇਹ ਯਕੀਨ ਦਿਵਾਇਆ ਕਿ ਜੇ ਉਹ ਇਕ ਪਲਟਣ ਦੀ ਪੂਰੀ ਨਫਰੀ ਜਿਤਨੇ ਕੂਕੇ ਲੈ ਆਵਣ, ਤਦ ਉਨ੍ਹਾਂ ਦੀ ਵਖਰੀ ਪਲਟਨ ਖੜੀ ਕਰ ਦਿੱਤੀ ਜਾਵੇਗੀ। ਕੂਕਿਆਂ ਦੀ ਕੰਪਨੀ ਕੁਮੇਦਾਨ ਹੁਕਮਾ ਸਿੰਘ ਦੀ ਰਜਮੈਂਟ ਨਾਲ ਸ਼ਾਮਲ ਕਰਕੇ ਸ੍ਰੀ ਨਗਰ ਭੇਜ ਦਿਤੀ ਗਈ। ਇਸ ਰਜਮੈਂਟ ਦਾ ਅਜੀਟਨ ਗਵਰਨਰ ਮੀਹਾਂ ਸਿੰਘ ਦਾ ਭਤੀਜਾ ਮਿਸਰੀਮੀਨੇ ਵਾਲਾ ਤਾਰਾ ਸਿੰਘ ਸੀ। ਨਾਮਧਾਰੀਆਂ ਨੂੰ ਪੂਰੀ ਤਰ੍ਹਾਂ ਕਵਾਇਦ ਪਰੇਡ ਸਖਾ ਕੇ ਅਤੇ ਵਰਦੀਆਂ ਦੇ ਕੇ ਬਾਕਾਇਦਾ ਸਰਕਾਰੀ ਨੌਕਰ ਕਰ ਲੀਤਾ ਗਿਆ। ੧੫ ਕੁ ਮਹੀਨੇ ਪਿਛੋਂ ਯਾ ਨਵੰਬਰ ੧੮੭੦ ਵਿਚ ਨਾਮਧਾਰੀ ਸਿਪਾਹੀਆਂ ਦੀ ਗਿਣਤੀ ਢਾਈ ਸੌ ਦੇ ਕਰੀਬ ਹੋ ਗਈ ਅਤੇ ਇਨ੍ਹਾਂ ਦੀਆਂ ਡਿਉਟੀਆਂ ਕਸ਼ਮੀਰ



Sri Satguru Jagjit Singh Ji eLibrary NamdhariElibrary@gmail.com

ਦੀਆਂ ਸਰਹੱਦੀ ਚੌਕੀਆਂ ਤੇ ਲਗਾਈਆਂ ਜਾਂਦੀਆਂ ਸਨ ।

ਨਾਮਧਾਰੀ ਸਿਪਾਹੀਆਂ ਦੀ ਤਨਖਾਹ ਦਸ ਰੁਪਏ (ਚਿਲਕੀ) ਸੀ । ਜੰਮੂ ਦੀ ਫੌਜ ਦੇ ਦੂਸਰੇ ਸਪਾਹੀਆਂ ਨਾਲੋਂ ਇਨ੍ਹਾਂ ਨੂੰ ਇਕ ਰੁਪਿਆ ਜ਼ਿਆਦਾ ਮਿਲਦਾ ਸੀ । ਇਨ੍ਹਾਂ ਸਪਾਹੀਆਂ ਵਿਚ ਦੋ ਨਾਮਧਾਰੀ ਉਹ ਭੀ ਸਨ, ਜੋ ਮੁਸਲਮਾਨਾਂ ਤੋਂ ਕੂਕੇ ਬਣੇ ਸਨ ।

ਪੰਜਾਬ ਸਰਕਾਰ ਨੂੰ ਜਦ ਇਸ ਗੱਲ ਦੀ ਸੋਅ ਲਗੀ, ਤਦ ਉਸ ਨੇ ਇਸ ਦਾ ਪੂਰਾ ਪੂਰਾ ਪਤਾ ਲੈਣ ਲਈ ਆਪਣਾ ਇਕ ਅਫਸਰ ਭੇਜਿਆ, ਜਿਸ ਨੇ ੩ ਯਾ ੪ ਮਹੀਨੇ ਪਿਛੋਂ ਆ ਕੇ ਨਾਮਧਾਰੀਆਂ ਦੇ ਕਸ਼ਮੀਰ ਦੀ ਫੌਜ ਵਿਚ ਭਰਤੀ ਹੋਵਣ ਦਾ ਪਤਾ ਦਿਤਾ । ਇਸ ਅਫਸਰ ਤੋਂ ਬਗੈਰ ਭੀ ਹੋਰ ਕਈ ਸੂਹੀਏ ਭੇਜੇ ਗਏ, ਜੋ ਇਸ ਗੱਲ ਦਾ ਪਤਾ ਕਢਦੇ ਫਿਰਦੇ ਰਹੇ । ਭਾਵੇਂ ਇਸ ਸਮੇਂ ਸਰਕਾਰ ਪਾਸ ਨਾਮਧਾਰੀਆਂ ਵਿਰੁਧ ਕੋਈ ਰੀਪੋਰਟਾਂ ਨਹੀਂ ਪੁਜ ਰਹੀਆਂ ਸਨ, ਪਰ ਫੇਰ ਭੀ ਪੰਜਾਬ ਸਰਕਾਰ ਨਾਮਧਾਰੀਆਂ ਦੇ ਇਸ ਤਰ੍ਹਾਂ ਦੇਸੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋ ਕੇ, ਕਵਾਇਦ ਪਰੇਡ ਸਿਖ ਕੇ ਫੌਜੀ ਸ਼ਾਸਨ ਦੇ ਪਾਬੰਦ ਅਤੇ ਆਦੀ ਹੋ ਜਾਵਣ ਨੂੰ ਬਹੁਤ ਖਤਰੇ ਵਾਲੀ ਗਲ ਖਿਆਲ ਕਰਦੀ ਸੀ । ਭਰਤੀ ਹੋ ਕੇ ਨਾਮਧਾਰੀ ਪੁਲੀਸ ਦੀ ਨਿਗਰਾਨੀ ਤੋਂ ਅਤੇ ਅਫਸਰਾਂ ਦੀਆਂ ਅੱਖਾਂ ਤੋਂ ਉਹਲੇ ਹੋ ਜਾਂਦੇ ਸਨ । ਇਸ ਲਈ ਉਨ੍ਹਾਂ ਦੇ ਮਨਸੂਬਿਆਂ ਦਾ ਕੁਝ ਪਤਾ ਨਹੀਂ ਲਗਦਾ ਸੀ ।

ਦੀਵਾਨ ਕ੍ਰਿਪਾ ਰਾਮ, ਵੇਦਾਂਤੀ ਜੀ ਨਾਲ ਪਰਸਪਰ ਦੁਸ਼ਮਨੀ ਹੋਣ ਕਾਰਨ ਅਤੇ ਅੰਗਰੇਜ਼ਾਂ ਦਾ ਆਪਣਾ ਆਦਮੀ ਹੋਣ ਕਰਕੇ ਕਸ਼ਮੀਰ ਦੀ ਸਰਹੱਦੀ ਰਿਆਸਤ ਵਿਚ ਨਾਮਧਾਰੀਆਂ ਦੀ ਪਲਟਣ ਖੜੀ ਕਰਨ ਦਾ ਸਖਤ ਵਿਰੋਧੀ ਸੀ । ਉਹ ਕਿਸੇ ਐਸੇ ਮੌਕੇ ਦੀ ਤਾੜ ਵਿਚ ਸੀ, ਜਦ ਉਹ ਮਹਾਰਾਜ ਪਾਸੋਂ ਇਸ ਪਲਟਨ ਦੇ ਤੋੜਨ ਦੇ ਹੁਕਮ ਹਾਸਲ ਕਰ ਸਕੇ । ਦੀਵਾਨ ਸਾਹਿਬ ਇਕ ਨਿਹਾਇਤ ਹੁਸ਼ਿਆਰ ਅਤੇ ਸਿਆਣਾ ਰਿਆਸਤੀ ਅਹਿਲਕਾਰ ਸੀ । ਉਸ ਦੀ ਅੰਗਰੇਜ਼ ਅਫਸਰਾਂ ਨਾਲ ਚੰਗੀ ਬਣੀ ਹੋਈ ਸੀ । ਅੰਗਰੇਜ਼ ਭੀ ਦੀਵਾਨ ਸਾਹਿਬ ਨੂੰ ਨਾਮਧਾਰੀਆਂ ਨੂੰ ਫੌਜਾਂ ਵਿਚ ਨਾ ਰੱਖਣ ਲਈ ਹਮੇਸ਼ਾ ਕਹਿੰਦੇ ਰਹਿੰਦੇ । ਦੀਵਾਨ ਸਾਹਿਬ ਸੰਬੰਧੀ ਮਸ਼ਹੂਰ ਹੈ, ਕਿ ਉਸ ਨੇ ਰਿਆਸਤ ਦੇ ਅਹੁਦਿਆਂ ਤੇ ਆਪਣੇ ਸਾਲੇ ਅਤੇ ਸਾਲਿਆਂ ਦੇ ਸਾਲੇ ਅਤੇ ਉਨ੍ਹਾਂ ਸਾਲਿਆਂ ਦੇ ਸਾਲੇ ਲਗਾ ਛੱਡੇ ਸਨ । ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁਚੜਾਂ ਦੇ ਕਤਲ ਕਰਨ ਵਾਲਿਆਂ ਨੂੰ ਫਾਂਸੀਆਂ ਹੋਵਣ ਸਮੇਂ ਅੰਗਰੇਜ਼ਾਂ ਨੂੰ ਨਾਮਧਾਰੀਆਂ ਦੀ ਜਥੇਬੰਦੀ ਸੰਬੰਧੀ ਬੇ-ਹੱਦ ਸ਼ੱਕ ਪੈ ਗਏ ਸਨ । ਸੋ ਇਸ ਮੌਕੇ ਤੇ ਦੀਵਾਨ ਸਾਹਿਬ ਨੇ ਮਹਾਰਾਜਾ ਪਾਸ ਜਾ ਕੇ ਦਸਿਆ ਕਿ ਉਸ ਨੇ ਰੇਜ਼ੀਡੈਂਟ ਸਾਹਿਬ ਨੂੰ ਗੱਲਾਂ ਬਾਤਾਂ ਕਰਦੇ ਹੋਏ ਖੁਦ ਸੁਣਿਆ ਹੈ, ਕਿ ਅੰਗਰੇਜ਼ੀ ਸਰਕਾਰ ਕੂਕਿਆਂ ਦੇ ਸਖਤ ਵਿਰੁਧ ਹੈ, ਕਿਉਂਕਿ ਕੂਕੇ ਅੰਗਰੇਜ਼ਾਂ ਦੇ ਕਟੜ ਵੈਰੀ ਹਨ ।

ਮਹਾਰਾਜਾ ਨੇ ਦੀਵਾਨ ਸਾਹਿਬ ਦੇ ਕਹਿਣ ਤੇ ਆਪਣੀ ਜ਼ਾਤੀ ਬਿਹਤਰੀ ਇਸ ਵਿਚ ਹੀ ਸਮਝੀ ਕਿ ਕੂਕਿਆਂ ਦੀ ਕੰਪਨੀ ਤੋੜ ਦਿਤੀ ਜਾਵੇ । ਖੜੀ ਕਰਨ ਤੋਂ ਤਿੰਨ ਕੁ ਸਾਲ ਪਿਛੋਂ ਸੰਨ ੧੮੭੧ ਦੇ ਅਖੀਰ ਵਿਚ ਕੰਪਨੀ ਤੋੜ ਦਿਤੀ ਗਈ ਅਤੇ ਨਾਮਧਾਰੀ ਸਿਪਾਹੀ ਘਰੋ ਘਰੀਂ ਵਾਪਸ ਆ ਗਏ । ਸਦੌੜੇਵਾਲਾ ਹੀਰਾ ਸਿੰਘ ਇਨ੍ਹਾਂ ਨਾਮਧਾਰੀਆਂ ਦਾ ਆਗੂ ਸੀ, ਜੋ ੧੮੮੧ ਤੋਂ ਭੀ ਪਿਛੋਂ ਆਪਣੇ ਪਿੰਡ ਸਦੌੜੇ ਵਿਖੇ ਹੀ ਰਹਿੰਦਾ ਸੀ ।

ਨੇਪਾਲ ਸਵਤੰਤਰ ਰਾਜ ਦੇ ਉਸ ਸਮੇਂ ਦਾ ਵਡਾ ਵਜ਼ੀਰ ਜੰਗ ਬਹਾਦੁਰ ਰਾਣਾ ਸੀ । ਨੇਪਾਲ ਦਾ ਅਸਲੀ ਬਾਦਸ਼ਾਹ ਜਿਸ ਨੂੰ ਪੰਜ ਸਰਕਾਰ ਕਹਿੰਦੇ ਹਨ ਸੰਨ ੧੯੫੦ ਤਕ ਸਿਰਫ ਚੋਪਟ ਦਾ ਬਾਦਸ਼ਾਹ ਹੀ ਹੁੰਦਾ ਸੀ । ਰਿਆਸਤ, ਹਕੂਮਤ ਆਦਿ ਦਾ ਸਾਰਾ ਕੰਮ ਸੰਨ ੧੮੦੩ ਤੋਂ ਲੈ ਕੇ ਸੰਨ ੧੯੫੦ ਤਕ ਵਡੇ ਵਜ਼ੀਰਾਂ ਜਿਸ ਨੂੰ ਤੀਨ ਸਰਕਾਰ ਕਹਿੰਦੇ ਸਨ, ਦੇ ਹਥਾਂ ਵਿਚ ਹੁੰਦਾ ਸੀ । ਮਹਾਰਾਜਾ ਜੰਗ ਬਹਾਦੁਰ ਨੇਪਾਲ ਇਤਿਹਾਸ ਵਿਚ ਭੀਮ ਸੈਨ ਥਾਪਾ ਪਿਛੋਂ ਅਵਲ ਦਰਜੇ ਦਾ ਸਿਆਸਤਦਾਨ, ਚੱਤੁਰ ਅਤੇ ਅੰਗਰੇਜ਼ਾਂ ਦੀਆਂ ਡੂੰਘੀਆਂ ਚਾਲਾਂ ਨੂੰ ਸਮਝਣ ਵਾਲਾ ਵਜ਼ੀਰ ਆਜ਼ਮ ਹੋਇਆ ਹੈ । ਜੰਗ ਬਹਾਦੁਰ ਆਪਣੇ ਮਾਮਿਆਂ, ਥਾਪਾ ਰਾਜ ਘਰਾਣਾ, ਉਨ੍ਹਾਂ ਦੇ ਪ੍ਰਵਾਰਾਂ ਅਤੇ ਹਮਾਇਤੀਆਂ ਦੇ ਲਹੂ ਦੀਆਂ ਨਦੀਆਂ ਵਗਾ ਕੇ ਸੰਨ ੧੮੪੬ ਵਿਚ ਖੁਦ ਵਡੇ ਵਜ਼ੀਰ ਦੀ ਗੱਦੀ ਦਾ ਮਾਲਕ ਬਣਿਆ । ਛੋਟੀ ਉਮਰ ਵਿਚ ਜੰਗ ਬਹਾਦੁਰ ਆਪਣੇ ਮਾਮੇ ਜਨਰਲ ਮਾਤਾਬਰ ਸਿੰਘ ਥਾਪਾ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਲਾਹੌਰ ਭੀ ਰਹਿੰਦਾ ਰਿਹਾ ਸੀ । ਜਦ ਸੰਨ ੧੮੪੩ ਵਿਚ ਜਨਰਲ ਮਾਤਾਬਾਰ ਸਿੰਘ ਥਾਪਾ ਏਥੋਂ ਜਾ ਕੇ ਨੇਪਾਲ ਦਾ ਵਡਾ ਵਜ਼ੀਰ ਬਣਿਆ, ਤਦ ਜੰਗ ਬਹਾਦੁਰ ਭੀ ਇਕ ਵਡਾ



Sri Satguru Jagjit Singh Ji eLibrary NamdhariElibrary@gmail.com

ਅਹੁਦੇਦਾਰ ਬਣ ਗਿਆ। ਇਹੋ ਕਾਰਨ ਸੀ ਕਿ ਜਦ ਮਹਾਰਾਨੀ ਜਿੰਦਾਂ ਚੁਨਾਰ ਦੇ ਕਿਲੇ ਵਿਚੋਂ ਭੇਸ ਬਦਲਾ ਕੇ ਨਿਕਲੀ, ਤਦ ਉਹ ਸਿਧੀ ਨੇਪਾਲ, ਜੰਗ ਬਹਾਦੁਰ ਪਾਸ ਜਾ ਪਹੁੰਚੀ। ਉਸਨੇ ਉਸਨੂੰ ਦਰਯਾ ਬਾਘਮਤੀ ਦੇ ਕਨਾਰੇ ਥਾਪਾਬਲੀ ਵਿਚ ਰਹਿਣ ਲਈ ਇਕ ਮਹਿਲ ਦੇ ਦੇ ਕੇ ਉਸ ਲਈ ਰਿਆਸਤ ਵਲੋਂ ਖਰਚ ਲਈ ਚੰਗੀ ਰਕਮ ਗੁਜ਼ਾਰੇ ਵਜੋਂ ਮੁਕਰਰ ਕਰ ਦਿਤੀ।

ਗੱਦੀ ਸੰਭਾਲਣ ਪਿਛੋਂ ਇਕ ਦੋ ਸਾਲ ਮਹਾਰਾਜਾ ਜੰਗ ਬਹਾਦੁਰ ਨੇ ਆਪਣੀ ਤਾਕਤ ਪੱਕੀ ਕਰਨ ਵਿਚ ਲਾਏ। ੧੮੫੦ ਵਿਚ ਉਸ ਨੇ ਤਿੱਬਤ ਤੇ ਚੜ੍ਹਾਈ ਕਰ ਦਿਤੀ। ਲੜਾਈ ਵਿਚ ਤਿੱਬਤੀਆਂ ਨੂੰ ਹਾਰ ਹੋਈ। ਜੰਗ ਬਹਾਦੁਰ ਵਲੋਂ ਸੰਧੀਨਾਮੇਂ ਦੀ ਦੂਜੀ ਸ਼ਰਤ ਇਹ ਰੱਖੀ ਗਈ, ਕਿ ਲਾਹੌਰ ਦਰਬਾਰ ਦੇ ਕੇਸਾਂ ਵਾਲੇ ਜਿਹੜੇ ਸਿਖ ਸਿਪਾਹੀ ਤਿਬਤ ਵਾਲਿਆਂ ਦੀ ਕੈਦ ਵਿਚ ਸਨ, ਉਨ੍ਹਾਂ ਸਭਨਾਂ ਨੂੰ ਛਡ ਕੇ ਨੇਪਾਲ ਰਾਜ ਦੇ ਹਵਾਲੇ ਕਰ ਦਿਤਾ ਜਾਵੇ। ਇਹ ਸਿਖ ਸਿਪਾਹੀ ਅਤੇ ਉਨ੍ਹਾਂ ਦਾ ਅਫਸਰ ਖਟਮੰਡੂ ਪਹੁੰਚ ਗਏ ਅਤੇ ਨਾਲ ਸਰਦਾਰ ਲਹਿਣਾ ਸਿੰਘ ਮਜੀਠੀਏ ਦੀ ਕਾਢ, ਉੱਚਿਆਂ ਪਹਾੜਾਂ ਤੇ ਦੁਸ਼ਮਨਾਂ ਨਾਲ ਲੜਾਈ ਵਿਚ ਇਸਤਿਅਮਾਲ ਕਰਨ ਲਈ ਚਮੜੇ ਦੀਆਂ ਦੋ ਤੋਪਾਂ ਭੀ ਲੈ ਆਏ, ਜੋ ਅਜ ਤਕ ਨੇਪਾਲ ਰਾਜ ਦੀ ਰਾਜਧਾਨੀ ਖਟਮੰਡੂ ਦੇ ਸ਼ਸ਼ਤ੍ਰਘਰ ਵਿਚ ਪਈਆਂ ਹਨ। ਲੇਖਕ ਨੇ ਸੰਨ ੧੯੪੭ ਅਤੇ ੧੯੪੮ ਵਿਚ ਅਖੀਂ ਦੇਖੀਆਂ ਹਨ।

ਮਹਾਰਾਜਾ ਜੰਗ ਬਹਾਦੁਰ ਨੇ ਇਨ੍ਹਾਂ ਸਿਖਾਂ ਨੂੰ ਆਪਣੀਆਂ ਫੌਜਾਂ ਨੂੰ ਕਵਾਇਦ ਪਰੇਡਾਂ ਕਰੌਣ ਅਤੇ ਨਵੇਂ ਢੰਗ ਦੀਆਂ ਪਹਾੜੀ, ਮੈਦਾਨੀ ਲੜਾਈਆਂ ਲੜਣ ਦੇ ਕੰਮ ਸਖੌਣ ਤੇ ਨੌਕਰ ਰਖ ਲਿਆ। ਖਟਮੰਡੂ ਵਿਚ ਉਦਾਸੀਆਂ ਅਤੇ ਨਿਰਮਲੇ ਸਾਧੂਆਂ ਦੇ ਡੇਰੇ ਭੀ ਹਨ, ਜਿਨ੍ਹਾਂ ਨੂੰ ਰਿਆਸਤ ਵਲੋਂ ਚੰਗੀਆਂ ਜਗੀਰਾਂ ਲੱਗੀਆਂ ਹੋਈਆਂ ਹਨ। ਸੋ ਮਹਾਰਾਣੀ ਜਿੰਦਾਂ ਦੇ ਉਥੇ ਹੋਵਣ ਕਰਕੇ ਅਤੇ ਸਿਖਾਂ ਦੇ ਨੇਪਾਲ ਦੀਆਂ ਪਲਟਣਾਂ ਵਿਚ ਨੌਕਰੀ ਕਾਰਨ ਨੇਪਾਲ ਵਿਚ ਸਿਖਾਂ ਦੀ ਆਵਾਜਾਈ ਹੋ ਗਈ। ਮਹਾਰਾਜਾ ਜੰਗ ਬਹਾਦੁਰ ਨੇ ਗਦਰ ਸਮੇਂ ਆਪਣੀਆਂ ਫੌਜਾਂ ਤਰਾਈ ਵਿਚ ਲੈ ਆਂਦੀਆਂ, ਪਰ ਜਦ ਇਹ ਦੇਖਿਆ ਕਿ ਹਿੰਦੁਸਤਾਨੀ ਬਾਗ਼ੀਆਂ ਦੀ ਸਕੀਮ ਕੁਝ ਅਘੜੀ ਦੁਘੜੀ ਹੀ ਹੈ, ਤਦ ਇਹ ਅੰਗਰੇਜ਼ਾਂ ਦੇ ਨਾਲ ਹੋ ਗਿਆ ਅਤੇ ਨੇਪਾਲ ਨੂੰ ਮੁੜ ਕੇ ਜਾਂਦਾ ਹੋਇਆ ਲਖਨਊ ਦੀ ਲੁੱਟ ਨਾਲ ਹੀ ਲੈ ਗਿਆ।

ਸੰਨ ੧੮੫੭ ਦੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਲਈ ਲੜੀ ਗਈ ਲੜਾਈ ਪਿਛੋਂ ਨਾਨਾ ਸਾਹਿਬ, ਤਾਂਤੀਆ ਟੋਪੀ, ਨਵਾਬ ਅਬਦੁਲਮਜੀਦ ਖਾਂ ਲਖਨਊ ਵਾਲਾ, ਬਾਬੂ ਕੰਵਰ ਸਿੰਘ, ਬਾਬੂ ਬੰਧੂ ਸਿੰਘ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਭਜ ਕੇ ਨੇਪਾਲ ਦੀ ਹੱਦ ਵਿਚ ਚਲੇ ਗਏ। ਮਹਾਰਾਜਾ ਜੰਗ ਬਹਾਦੁਰ ਨੇ ਸਭ ਨੂੰ ਜੀਓ ਆਇਆਂ ਕਿਹਾ। ਨਾਨਾ ਸਾਹਿਬ ਦੀ ਮਹਾਰਾਣੀ ਲਖਸ਼ਮੀ ਰਾਣੀ ਦੇ ਰਹਿਣ ਲਈ ਵਖਰਾ ਮਹਿਲ ਦੇ ਦਿਤਾ ਅਤੇ ਰਸਤਾਂ ਲਾ ਦਿਤੀਆਂ। ਅੰਗਰੇਜ਼ਾਂ ਨੇ ਮਹਾਰਾਣਾ ਜੰਗ ਬਹਾਦੁਰ ਨੂੰ ਇਨ੍ਹਾਂ ਬਾਗੀਆਂ ਨੂੰ ਫੜ ਕੇ ਉਨ੍ਹਾਂ ਦੇ ਹਵਾਲੇ ਕਰਨ ਲਈ ਬੇਹੱਦ ਜ਼ੋਰ ਲਾਏ, ਪਰ ਜੰਗ ਬਹਾਦੁਰ ਨੇ ਐਸਾ ਕਰਨ ਤੋਂ ਹਮੇਸ਼ਾ ਹੀ ਨਾਂਹ ਕੀਤੀ। ਜੰਗ ਬਹਾਦੁਰ ਨੂੰ ਖਿਆਲ ਸੀ ਕਿ ੧੮੫੭ ਦੀ ਮਦਦ ਬਦਲੇ ਅੰਗਰੇਜ਼ ਨੇਪਾਲ ਰਾਜ ਦਾ ਉਹ ਅਲਾਕਾ ਜੋ ਉਨ੍ਹਾਂ ਨੇ ਸੰਨ ੧੮੧੬ ਦੀ ਲੜਾਈ ਪਿਛੋਂ ਸੁਲਹ ਹੋਣ ਤੇ ਸਾਗੌਲੀ ਦੇ ਸੰਧੀਨਾਮੇਂ ਅਨੁਸਾਰ ਨੇਪਾਲ ਪਾਸੋਂ ਖੋਹ ਲਿਆ ਸੀ, ਵਾਪਸ ਕਰ ਦੇਵਣਗੇ ਪਰ ਜੰਗ ਬਹਾਦੁਰ ਦੇ ਬਾਰ ਬਾਰ ਮੰਗ ਕਰਨ ਤੇ ਭੀ ਅੰਗਰੇਜ਼ਾਂ ਨੇ ਇਸ ਸੰਬੰਧੀ ਗੱਲਬਾਤ ਕਰਨੋਂ ਇਨਕਾਰ ਕੀਤਾ। ਇਸ ਲਈ ਜੰਗ ਬਹਾਦੁਰ ਭਾਵੇਂ ਉਪਰੋਂ ਉਪਰੋਂ ਅੰਗਰੇਜ਼ਾਂ ਨਾਲ ਸੁਲਹ ਹੀ ਰਖਦਾ ਸੀ, ਪਰ ਦਿਲੋਂ ਹਮੇਸ਼ਾਂ ਆਪਣੇ ਦਾਓ ਤੇ ਹੀ ਰਹਿੰਦਾ।

੧੮੫੭ ਦੇ ਗਦਰ ਸਮੇਂ ਲਖਨਊ ਵਿਖੇ ਬੰਗਾਲ ਰਜਮੈਂਟ ਦੇ ਪੰਜਾਬੀ ਹਵਾਲਦਾਰ ਨੰਦ ਰਾਮ ਰਾਜਪੂਤ ਨੇ ਆਪਣੀ ਪਲਟਨ ਨੂੰ ਅੰਗਰੇਜ਼ਾਂ ਦੇ ਵਿਰੁਧ ਖੜੇ ਕਰਨ ਅਤੇ ਅੰਗਰੇਜ਼ ਅਫਸਰਾਂ ਨੂੰ ਮਾਰਨ ਦਾ ਸ਼ਲਾਘਾ ਯੋਗ ਕੰਮ ਕੀਤਾ ਸੀ। ਇਸ ਲਈ ਨੰਦ ਰਾਮ ਨੂੰ ਅੰਗਰੇਜ਼ਾਂ ਦੇ ਖਿਲਾਫ ਲੜਨ ਵਾਲੀਆਂ ਫੌਜਾਂ ਵਾਲੇ ਸਿਪਾਹੀ ਜਰਨੈਲ ਦੇ ਨਾਮ ਨਾਲ ਬੁਲਾਣ ਲਗ ਪਏ ਸਨ। ਇਹ ਭੀ ਭਜਕੇ ਨੇਪਾਲ ਚਲਿਆ ਗਿਆ ਸੀ। ਇਹ ਬੜਾ ਹੀ ਬਹਾਦੁਰ, ਜੋੜਾਂ ਤੋੜਾਂ ਨੂੰ ਸਮਝਣ ਵਾਲਾ ਬੰਦਾ ਸੀ। ਨਾਮਧਾਰੀ ਕਿਸ਼ਨ ਸਿੰਘ ਦੂਜਾ ਨਾਮ ਹਰੀ ਸਿੰਘ ੧੮੬੮ ਵਿਚ ਨੰਦ ਰਾਮ ਨੂੰ ਜਾ ਮਿਲਿਆ। ਇਹ ਉਹੀ ਕਿਸ਼ਨ ਸਿੰਘ ਯਾ ਹਰੀ ਸਿੰਘ ਸੀ ਜੋ ਰਾਜਾ ਸਿੰਘ ਤਰਾਂਡੀਵਾਲੇ ਨਾਲ ਵੇਦਾਂਤੀ ਜੀ ਨੂੰ ਜੰਮੂ ਮਿਲਦਾ ਰਹਿੰਦਾ ਸੀ। ਜਰਨੈਲ ਨੰਦ ਰਾਮ ਤੇ ਹਰੀ ਸਿੰਘ



Sri Satguru Jagjit Singh Ji eLibrary NamdhariElibrary@gmail.com

ਇਕਠੇ ਹੀ ਰਹਿੰਦੇ ਸਨ। ਇਹ ਦੋਨੋਂ ਭੂਟਾਨ ਦੇ ਦੇਬਰਾਜਾ ਵਲੋਂ, ਮਹਾਰਾਜ ਜੰਗ ਬਹਾਦੁਰ ਦੇ ਨਾਮ ਜ਼ਰੂਰਤ ਸਮੇਂ ਆਪਸ ਵਿਚ ਜੰਗੀ ਮਦਦ ਦੇਵਣ, ਲੈਵਣ, ਦਾ ਸੰਦੇਸ਼ ਲੈ ਕੇ ਨੈਪਾਲ ਅਪੜੇ। ਇਨ੍ਹਾਂ ਹੀ ਦਿਨਾਂ ਵਿਚ ਮਹਾਰਾਜ ਜੰਗ ਬਹਾਦੁਰ ਦੇ ਕੁਝ ਆਦਮੀ ਕਸ਼ਮੀਰ ਪਹੁੰਚੇ। ਜਦ ਅੰਗਰੇਜ਼ੀ ਹਾਕਮਾਂ ਨੂੰ ਇਨ੍ਹਾਂ ਦੇ ਆਵਣ ਦਾ ਪਤਾ ਲਗਾ, ਤਦ ਉਹ ਬਹੁਤ ਘਬਰਾਏ।

ਮਹਾਰਾਜ ਜੰਗ ਬਹਾਦੁਰ ਹਰ ਉਸ ਹਿੰਦੁਸਤਾਨੀ ਨਾਲ ਜੋ ਅੰਗਰੇਜ਼ਾਂ ਦੇ ਵਿਰੁਧ ਹੋਵੇ, ਆਪਣੇ ਜ਼ਾਤੀ ਤਅਲਕਾਤ ਪੈਦਾ ਕਰਨਾ ਚਾਹੁੰਦਾ ਸੀ। ਸਰਕਾਰ ਪੰਜਾਬ ਨੇ ਕਿਸ਼ਨ ਸਿੰਘ ਨਾਮਧਾਰੀ ਦੇ ਇਕ ਕਤਲ ਦੇ ਮੁਕੱਦਮੇ ਵਿਚ ਵਾਰੰਟ ਕੱਢ ਦਿਤੇ। ਇਹ ਵਾਰੰਟ ਨੈਪਾਲ ਦੇ ਰੈਜ਼ੀਡੈਂਟ ਪਾਸ ਪਹੁੰਚਾਏ ਗਏ। ਪਰ ਜੰਗ ਬਹਾਦੁਰ ਐਸੇ ਬੰਦਿਆਂ ਨੂੰ ਲੈਣ ਦੇਣ ਦੀ ਗਲ ਅੰਗਰੇਜ ਰੈਜ਼ੀਡੈਂਟ ਨਾਲ ਉਕਾ ਹੀ ਨਹੀਂ ਕੀਤਾ ਕਰਦਾ ਸੀ।

ਗੁਰੂ ਰਾਮ ਸਿੰਘ ਦੀ ਦਾ ਨਾਮ ਸੁਣਕੇ ਜੰਗ ਬਹਾਦੁਰ ਨੇ ਆਪ ਜੀ ਨਾਲ ਸੰਬੰਧ ਪੈਦਾ ਕਰਨ ਦੀ ਇਛਿਆ ਜ਼ਾਹਰ ਕੀਤੀ। ਸੰਦੇਸ਼ ਪਹੁੰਚਣ ਤੇ ਆਪ ਜੀ ਨੇ ਦੋ ਉਘੇ ਅਤੇ ਸਿਆਣੇ ਨਾਮਧਾਰੀ ਸੂਬਿਆਂ* ਨੂੰ ਇਕ ਜੋੜਾ ਖਚਰਾਂ ਦਾ ਅਤੇ ਦੋ ਮੱਝਾਂ ਤੋਹਫੇ ਦੇ ਤੌਰ ਤੇ ਦੇ ਕੇ ੪ ਨਾਮਧਾਰੀ ਸੇਵਾਦਾਰਾਂ ਨਾਲ ਨੈਪਾਲ ਨੂੰ ਭੇਜ ਦਿਤਾ।

ਨੈਪਾਲ ਦਰਬਾਰ ਦੇ ਕਾਇਦਿਆਂ ਅਨੁਸਾਰ ਕ੍ਰਿਪਾਲ ਸਿੰਘ ਨੇ ਪਹੁੰਚਣ ਸਾਰ ਸੂਬਿਆਂ ਦੀ ਮੁਲਾਕਾਤ ਜੰਗ ਬਹਾਦੁਰ ਦੇ ਪੁਤਰ ਹਜ਼ੂਰੀ ਜਨਰਲ ਟਿੱਕਾ ਬਬਰ ਜੰਗ ਨਾਲ ਕਰਵਾਈ। ਟਿੱਕਾ ਬਬਰ ਜੰਗ ਨੇ ਇਨ੍ਹਾਂ ਨੂੰ ਆਪਣੇ ਪਿਤਾ ਮਹਾਰਾਜ ਜੰਗ ਬਹਾਦੁਰ ਦੇ ਪੇਸ਼ ਕੀਤਾ। ਤੋਹਫਿਆਂ ਬਦਲੇ ਗੁਰੂ ਰਾਮ ਸਿੰਘ ਜੀ ਲਈ ਮਹਾਰਾਜ ਤੀਨ ਸਰਕਾਰ ਵਲੋਂ ੫੦੦/- ਰੁਪਿਆ ਨਕਦ, ਇਕ ਕਸਤੂਰੀ ਤੇ ਸੋਨੇ ਦੀ ਮਾਲਾ, ਇਕ ਦੋਸ਼ਾਲਾ, ਇਕ ਤਿੱਬਤੀ ਘੋੜਾ ਤੇ ਦੋ ਖੋਖਰੀਆਂ ਤੋਹਫਿਆਂ ਦੇ ਤੌਰ ਤੇ ਭੇਜੀਆਂ ਗਈਆਂ। ਤੋਹਫਿਆਂ ਤੋਂ ਹੀ ਪਤਾ ਲਗਦਾ ਹੈ ਕਿ ਇਹ ਵਟਾਂਦਰਾ ਬਰਾਬਰ ਦੇ ਮਿਤਰਾਂ ਦਾ ਵਟਾਂਦਰਾ ਸੀ ਅਤੇ ਵਕਤ ਆਵਣ ਤੇ ਮਦਦ ਲੈਵਣ ਦੇਵਣ ਦਾ ਇਕਰਾਰ ਸੀ।

ਅੰਗਰੇਜ਼ੀ ਸਰਕਾਰ ਨੂੰ ਕੂਕਿਆਂ ਦੇ ਨੈਪਾਲ ਜਾਵਣ ਤੇ ਬੜਾ ਹੀ ਸ਼ਕ ਸੀ ਇਸ ਲਈ ਅੰਗਰੇਜ਼ ਹਾਕਮ ਆਪਣੇ ਸੂਹੀਏ ਭੇਜਦੇ ਹੀ ਰਹਿੰਦੇ ਸੀ। ਸੰਨ ੧੮੭੧ ਵਿਚ ਕਾਸ਼ੀਪੁਰ ਵਾਲੇ ਰਾਜਾ ਸ਼ਿਵਰਾਜ ਸਿੰਘ ਨੂੰ ਨੈਪਾਲ ਭੇਜਿਆ ਗਿਆ, ਜਿਸ ਨੇ ਆ ਕੇ ਰੀਪੋਰਟ ਦਿਤੀ "ਕਿ ਗਲਾਂ ਬਾਤਾਂ ਵਿਚ ਮਹਾਰਾਜ ਜੰਗ ਬਹਾਦੁਰ ਨੇ ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਦਾ ਜ਼ਿਕਰ ਕੀਤਾ ਹੈ, ਕ੍ਰਿਪਾਲ ਸਿੰਘ ਭੀ ਉਸਨੂੰ ਮਿਲਿਆ ਹੈ ਅਤੇ ਉਸ ਨਾਲ ਗੱਲਾਂ ਕੀਤੀਆਂ ਹਨ। ਪਰ ਕਿਸ਼ਨ ਸਿੰਘ ਦਾ ਕੁਝ ਪਤਾ ਨਹੀਂ ਚਲਦਾ। ਤਾਂਤੀਆ ਟੋਪੀ ਦੇ ਛੋਟੇ ਭਾਈ ਨੂੰ ਉਹ ਨੈਪਾਲ ਵਿਚ ਮਿਲਿਆ ਸੀ ਪਰ ਨਾਨਾ ਸਾਹਿਬ ਦਾ ਕੋਈ ਥਹੁ ਪਤਾ ਨਹੀਂ ਲਗਾ।" ਰਾਜਾ ਸਾਹਿਬ ਨੇ ਇਹ ਭੀ ਦਸਿਆ ਕਿ ਉਸ ਨੇ ਜੰਗ ਬਹਾਦੁਰ ਨੂੰ ਅੰਗਰੇਜ਼ਾਂ ਨਾਲ ਮਿਤਰਾਨਾ ਸੰਬੰਧ ਕਾਇਮ ਕਰਨ ਲਈ ਭੀ ਕਿਹਾ ਸੀ।

ਨੈਪਾਲ ਵਿਚ ਅੰਗਰੇਜ਼ ਰੈਜ਼ੀਡੈਂਟ ਮਿਸਟਰ ਲਾਰੰਸ ਕਿਸੇ ਨਾ ਕਿਸੇ ਬਹਾਨੇ ਮਹਾਰਾਜਾ ਜੰਗ ਬਹਾਦੁਰ ਨਾਲ ਨਾਮਧਾਰੀਆਂ ਸੰਬੰਧੀ ਗੱਲਾਂ ਬਾਤਾਂ ਦਾ ਪਤਾ ਲੈਣ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਰਹਿੰਦਾ ਸੀ। ਇਕ ਦਿਨ ਜੰਗ ਬਹਾਦੁਰ ਨੇ ਗਲਬਾਤ ਕਰਦਿਆਂ ਦਸਿਆ, ਕਿ ਉਸ ਦੀ ਇਤਲਾਹ ਮੁਜਬ ਪੰਜਾਬ ਵਿਚ ੩ ਲੱਖ ਕੂਕੇ ਹਨ। ਨੈਪਾਲ ਦੀਆਂ ਫੌਜਾਂ ਵਿਚ ਕੂਕਿਆਂ ਦੇ ਹੋਣ ਸੰਬੰਧੀ ਜੰਗ ਬਹਾਦੁਰ ਨੇ ਰੈਜ਼ੀਡੈਂਟ ਨੂੰ ਇਹ ਕਹਿ ਕੇ ਟਾਲ ਦਿਤਾ, ਕਿ ਉਹ ਬਗੈਰ ਗੋਰਖਿਆਂ ਦੇ ਕਿਸੇ ਹੋਰ ਨੂੰ ਆਪਣੀਆਂ ਫੌਜਾਂ ਵਿਚ ਨਹੀਂ ਰਖਦਾ। ਰੈਜ਼ੀਡੈਂਟ ਨੂੰ ਜੰਗ ਬਹਾਦੁਰ ਨੇ ਇਹ ਭੀ ਦਸਿਆ, ਕਿ ਨਾਮਧਾਰੀ ਅੰਗਰੇਜ਼ੀ ਹਕੂਮਤ ਦੇ ਸਖਤ ਵਿਰੋਧੀ ਹਨ, ਸਮਾਂ ਆਵਣ ਤੇ ਉਹ ਅੰਗਰੇਜ਼ਾਂ ਦੇ ਵਿਰੁਧ ਜ਼ਰੂਰ ਉਠ ਖਲੋਵਣਗੇ। ਰੈਜ਼ੀਡੈਂਟ ਨੇ ਆਪਣੀ ਰੀਪੋਰਟ ਵਿਚ ਲਿਖਿਆ ਕਿ ਜੰਗ ਬਹਾਦੁਰ ਨੇ ਕੂਕਿਆਂ ਦੀ ਬਗਾਵਤ ਸਮੇਂ ਅੰਗਰੇਜ਼ਾਂ ਨੂੰ ਹਰ ਪ੍ਰਕਾਰ ਦੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ।

*ਸੂਬਾ ਸਾਹਿਬ ਸਿੰਘ, ਸੂਬਾ ਕਾਹਨ ਸਿੰਘ

ਸੰ: ਵਰਿਆਮ






Sri Satguru Jagjit Singh Ji eLibrary NamdhariElibrary@gmail.com

(ਜਿਸਦਾ ਬਚਪਨ ਵੀ ਇਨਕਲਾਬ ਨੂੰ ਸਮਰਪਤ ਸੀ)

## ਸ਼ਹੀਦ-ਏ-ਆਜ਼ਮ

# ਕਰਤਾਰ ਸਿੰਘ ਸਰਾਭਾ

—ਬਾਬਾ ਸੋਹਨ ਸਿੰਘ ਭਕਨਾ

ਜਦੋਂ ਅਮਰੀਕਾ ਵਿਚ ਰਹਿ ਰਹੇ ਹਿੰਦੀਆਂ ਵਿਚ ਗੁਲਾਮੀ ਦੇ ਖਿਲਾਫ ਜਜ਼ਬਾ ਪੈਦਾ ਹੋਇਆ, ਉਸ ਵੇਲੇ ਕਰਤਾਰ ਸਿੰਘ ਸਰਾਭਾ ਦੀ ਉਮਰ ਮਸੀਂ ੧੯ ਵਰ੍ਹਿਆਂ ਦੀ ਸੀ। ਗਦਰ ਪਾਰਟੀ ਨੇ ਆਜ਼ਾਦੀ ਦੇ ਉਸ ਜਜ਼ਬੇ ਨੂੰ ਜਥੇਬੰਦ ਕੀਤਾ ਸੀ। ਕਰਤਾਰ ਸਿੰਘ ਮੁਲਕ ਤੋਂ ਹੀ ਮੈਟ੍ਰਿਕ ਪਾਸ ਸੀ ਅਤੇ ਬਚਪਨ ਤੋਂ ਇਨਕਲਾਬੀ ਤਬੀਅਤ ਦਾ ਮਾਲਕ ਸੀ। ਉਸ ਦੀ ਸਕੂਲੀ ਜ਼ਿੰਦਗੀ ਤੋਂ ਹੀ ਪਤਾ ਲਗਦਾ ਹੈ ਕਿ ਉਸ ਦਾ ਦਿਮਾਗ ਆਪਣੇ ਸਹਿਪਾਠੀਆਂ ਨਾਲੋਂ ਵਿਲੱਖਣ ਸੀ। ਉਹ ਖੇਡਣ ਕੁਦਣ ਵਿਚ ਆਪਣੇ ਸਹਿਪਾਠੀਆਂ ਦਾ ਮੋਹਰੀ ਸੀ। ਸਕੂਲ ਦੇ ਬਚਿਆਂ ਨੂੰ ਜਥੇਬੰਦ ਕਰਨਾ ਅਤੇ ਉਸਤਾਦਾਂ ਦੀਆਂ ਨਜਾਇਜ਼ ਹਰਕਤਾਂ ਵਿਰੁਧ ਜਦੋਜਹਿਦ ਕਰਨਾ ਉਸਦਾ ਸ਼ੁਗਲ ਸੀ। ਉਹ ੧੯੧੨ ਵਿਚ ਕੈਲੀ-ਫੋਰਨੀਆ ਦੀ ਬੰਦਰਗਾਹ ਸਾਨਫਰਾਂਸਿਸਕੋ ਪਹੁੰਚਿਆ ਅਤੇ ਕੈਲੀਫੋਰਨੀਆ ਦੇ ਪੇਂਡੂ ਇਲਾਕੇ ਵਿਚ, ਜਿਥੇ ਉਸਦੇ ਹਮਵਤਨੀ ਖੇਤਾਂ ਵਿਚ ਮਜਦੂਰੀ ਦਾ ਕੰਮ ਕਰਦੇ ਸਨ, ਉਹਨਾਂ ਵਿਚ ਸ਼ਾਮਲ ਹੋ ਕੇ ਖੇਤ-ਮਜ਼ਦੂਰ ਦੀ ਜੂਨੇ ਪੈ ਗਿਆ। ਉਥੋਂ ਦੇ ਜਮੀਂਦਾਰਾ ਦੇ ਵਰਤਾਓ ਅਤੇ ਅਮਰੀਕੀ ਲੋਕਾਂ ਦੇ ਨਫ਼ਰਤ ਭਰੇ ਰਵਈਏ ਨੇ ਉਸਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਉਸ ਨੇ ਮਹਿਸੂਸ ਕੀਤਾ ਕਿ ਦੁਨੀਆ ਵਿਚ ਗੁਲਾਮੀ ਹੀ ਸਭ ਤੋਂ ਵੱਡੀ ਲਾਹਨਤ ਹੈ। ਉਸਨੇ ਆਪਣੇ ਹਮਵਤਨੀਆਂ ਨਾਲ ਵਿਚਾਰ-ਵਟਾਂਦਰਾ ਕਰਨਾ ਸ਼ੁਰੂ ਕਰ ਦਿਤਾ। ਕੈਲੀਫੋਰਨੀਆ ਅਤੇ ਅਮਰੀਕਾ ਦੇ ਦੂਜੇ ਹਿਸਿਆਂ ਵਿਚ, ਜਿਥੇ ਵੀ ਕਿਤੇ ਹਿੰਦੋਸਤਾਨੀ ਵਸਦੇ ਸਨ, ਉਥੇ ਹੀ ਅਮਰੀਕਨਾਂ ਦੇ ਨਿੱਤ ਦੇ ਤਾਹਨਿਆ ਅਤੇ ਨਫਰਤ ਭਰੇ ਰਵਈਏ ਨੇ ਉਹਨਾਂ ਦੀਆਂ ਅੱਖਾਂ ਖੋਲ੍ਹ ਦਿਤੀਆਂ। ਹੁਣ ਕਰਤਾਰ ਸਿੰਘ ਨੂੰ ਕਈ ਹਮਖਿਆਲ ਮਿਲ ਗਏ। ਉਹਨਾਂ ਨੇ ਜੂਲੋ ਰਿਆਸਤ (ਕੈਲੀਫੋਰਨੀਆ) ਵਿਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿਚ ਲਾਲਾ ਹਰਦਿਆਲ, ਪੰਡਿਤ ਜਗਤ ਰਾਮ, ਭਾਈ ਜਵਾਲਾ ਸਿੰਘ, ਕਰਤਾਰ ਸਿੰਘ ਅਤੇ ਸਾਰੇ ਹਿੰਦੋਸਤਾਨੀ ਵਿਦਿਆਰਥੀ ਅਤੇ ਮਜ਼ਦੂਰ ਸ਼ਾਮਲ ਹੋਏ। ਗੁਲਾਮੀ ਦੇ ਕਾਰਨਾਂ ਬਾਰੇ ਚਰਚਾ ਹੋਈ। ਆਜ਼ਾਦੀ ਹਾਸਲ ਕਰਨ ਲਈ ਇਕ ਅਜਿਹੀ ਵਿਸ਼ਾਲ ਜਥੇਬੰਦੀ ਦੀ ਜ਼ਰੂਰਤ ਸੀ, ਜੋ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲੈ ਸਕੇ। ਇਹ ਛੋਟੀ ਜਿਹੀ ਮੀਟਿੰਗ ਅੱਗੋਂ ਬਣਨ ਵਾਲੀ ਜਥੇਬੰਦੀ ਦਾ ਮੁਢ ਤਾਂ ਸੀ, ਪਰ ਉਸ ਵੇਲੇ ਉਹਨਾਂ ਕੋਲ ਓਨੀ ਸਮਰੱਥਾ ਨਹੀਂ ਸੀ ਕਿ ਕੋਈ ਵੱਡਾ ਕੰਮ ਕਰ ਸਕਦੇ।

ਇਸੇ ਦੌਰਾਨ ਵਾਸ਼ਿੰਗਟਨ ਅਤੇ ਓਰੀਗੋਨ ਦੇ ਕਾਰਖਾਨਿਆਂ ਵਿਚਲੇ ਹਿੰਦੀ ਮਜ਼ਦੂਰਾਂ ਵਿਚ ਜਾਗ੍ਰਤੀ ਅਤੇ ਜਥੇਬੰਦੀ ਦਾ ਮਾਦਾ ਪੈਦਾ ਹੋ ਚੁਕਿਆ ਸੀ। ਫਿਰ ਕਦਮ ਹੋਰ ਅੱਗੇ ਵਧੇ ਅਤੇ ਮਾਰਚ ੧੯੧੩ ਵਿਚ ਅਸਟੋਰੀਆ ਮਿੱਲ ਰਿਆਸਤ ਵਾਸ਼ਿੰਗਟਨ ਵਿਚ ਗਦਰ ਪਾਰਟੀ ਦੀ ਬੁਨਿਆਦ ਰੱਖੀ ਗਈ। ਜਦੋਂ ਕੈਲੀਫੋਰਨੀਆ ਵਿਚ ਪਾਰਟੀ ਬਣਨ ਦੀ ਖਬਰ ਪਹੁੰਚੀ ਤਾਂ ਕਰਤਾਰ ਸਿੰਘ ਦੀ ਖੁਸ਼ੀ ਦੀ ਹੱਦ ਨਾ ਰਹੀ ਅਤੇ ਉਹ ਫੌਰਨ ਪਾਰਟੀ ਵਿਚ ਸ਼ਾਮਲ ਹੋ ਗਿਆ।

੧ ਨਵੰਬਰ ੧੯੧੩ ਨੂੰ 'ਗ਼ਦਰ' ਅਖਬਾਰ ਦਾ ਜਿਹੜਾ ਪਹਿਲਾ ਪਰਚਾ ਨਿਕਲਿਆ, ਉਹ ਜ਼ਿਆਦਾਤਰ ਕਰਤਾਰ ਦੀ ਹਿੰਮਤ ਦਾ ਹੀ ਸਿੱਟਾ ਸੀ। ਇਹ ਪਰਚਾ ਹੈਂਡ ਮਸ਼ੀਨ 'ਤੇ ਛਾਪਿਆ ਗਿਆ ਸੀ। ਹੈਂਡ ਮਸ਼ੀਨ ਨੂੰ ਚਲਾਉਣ ਵਾਲਾ ਅਤੇ ਪੰਜਾਬੀ ਦੇ 'ਗ਼ਦਰ' ਅਖਬਾਰ ਨੂੰ ਲਿਖਣ ਵਾਲਾ ਕਰਤਾਰ ਸਿੰਘ ਹੀ ਸੀ। ਜਦੋਂ ਕੰਮ ਦੇ ਵਧਣ ਨਾਲ ਹੋਰ ਬਹੁਤ ਸਾਰੇ ਸਾਥੀ ਦਫਤਰ ਤੇ ਪਰੈਸ ਦੇ ਕੰਮ ਵਿਚ ਸ਼ਾਮਲ ਹੋ ਗਏ, ਤਾਂ ਕਰਤਾਰ ਸਿੰਘ ਦੀ ਹਮੇਸ਼ਾ ਹੀ ਕੋਸ਼ਿਸ਼ ਰਹਿੰਦੀ ਕਿ ਹਰ ਕਿਸੇ ਦੇ ਕੰਮ ਵਿਚ ਹੱਥ ਵਟਾ ਸਕੇ। ਉਹ ਗੱਲਬਾਤ ਵਿਚ ਹਰੇਕ ਸਾਥੀ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਸੀ। ਉਹ ਇਕ ਸੱਚੇ ਇਨਕਲਾਬੀ ਵਾਂਗ ਆਪਣਾ ਨਿੱਜਤਵ ਮਿਟਾ ਚੁਕਿਆ ਸੀ। ਉਸ ਲਈ ਜੀਵਨ ਮਹਿਜ਼ ਆਪਣਾ ਨਹੀਂ ਸੀ, ਸਗੋਂ ਦੇਸ਼ ਨੂੰ ਅਰਪਣ ਹੋ ਚੁਕਿਆ ਸੀ।

ਗਦਰ ਪਾਰਟੀ ਓਰੀਗੋਨ ਤੇ ਵਾਸ਼ਿੰਗਟਨ ਦੇ ਨੁਮਾਇੰਦਿਆਂ ਦੀ ਕਾਨਫਰੰਸ ਵਿਚ ਬੰਨ੍ਹੀ ਗਈ ਸੀ। ਕੈਲੀਫੋਰਨੀਆ ਦੇ ਨੁਮਾਇੰਦੇ ਹਾਲੇ ਸ਼ਾਮਲ ਨਹੀਂ ਹੋਏ ਸਨ। ਇਹ ਕਮੀ ਕਰਤਾਰ ਸਿੰਘ ਨੇ ਪੂਰੀ ਕਰ ਦਿਤੀ। ਫਰਵਰੀ ੧੯੧੪ ਵਿਚ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਓਰੀਗੋਨ, ਵਾਸ਼ਿੰਗਟਨ ਅਤੇ ਕੈਲੀਫੋਰਨੀਆ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਸੱਦੀ ਗਈ ਅਤੇ ਕੈਲੀਫੋਰਨੀਆ



Sri Satguru Jagjit Singh Ji eLibrary NamdhariElibrary@gmail.com

ਬਾਕਾਇਦਾ ਤੌਰ ਤ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਇਸ ਕਾਨਫਰੰਸ ਨੇ ਗ਼ਦਰ ਪਾਰਟੀ ਦੇ ਕੰਮ ਨੂੰ ਖਾਸੀ ਗਤੀ ਬਖਸ਼ ਦਿਤੀ ਅਤੇ ਪਾਰਟੀ ਜਥੇਬੰਦੀ ਵੀ ਮਜ਼ਬੂਤ ਹੋ ਗਈ।

ਪਹਿਲੀ ਜੰਗ ਦੇ ਸਮੇਂ ੧੯੧੫ ਦੇ ਸ਼ੁਰੂ ਵਿਚ ਹੀ ਸੈਕਰਾਮੈਂਟੋ ਵਿਚ ਇਕ ਜੰਗੀ ਕਾਨਫਰੰਸ ਹੋਈ, ਜਿਸਦਾ ਮੰਤਵ ਹਿੰਦੋਸਤਾਨ ਵਿਚ ਆ ਕੇ ਇਨਕਲਾਬ ਕਰਨ ਦਾ ਸੀ। ਇਸ ਵਿਚ ਕਰਤਾਰ ਸਿੰਘ ਦਾ ਖਾਸਾ ਯੋਗਦਾਨ ਸੀ। ਜਦੋਂ ਪਾਰਟੀ ਕਮਿਸ਼ਨ ਨੇ ਹਵਾਈ ਜਹਾਜ਼ ਦੀ ਸਿਖਲਾਈ ਲਈ ਮੈਂਬਰ ਮੰਗੇ, ਤਾਂ ਸਭ ਤੋਂ ਪਹਿਲੀ ਦਰਖਾਸਤ ਕਰਤਾਰ ਦੀ ਹੀ ਸੀ, ਜਿਸਨੂੰ ਕਮਿਸ਼ਨ ਨੇ ਮੰਨ ਲਿਆ।

ਜਦੋਂ ਪਾਰਟੀ ਨੇ ਇਨਕਲਾਬ ਲਈ ਹਿੰਦੋਸਤਾਨ ਜਾਣ ਦਾ ਫੈਸਲਾ ਕੀਤਾ, ਤਾਂ ਕਰਤਾਰ ਸਿੰਘ ਸਭ ਤੋਂ ਪਹਿਲਾਂ ਤੁਰ ਪਿਆ। ਉਹ ਇਕੱਲਾ ਹੀ ਨਹੀਂ ਆਇਆ ਸੀ, ਸਗੋਂ ਤਿੰਨ ਅਮਰੀਕਨ ਇਨਕਲਾਬੀ ਦੋਸਤ, ਜਿਨ੍ਹਾਂ 'ਚ ਇਕ ਇਸਤਰੀ ਤੇ ਦੋ ਮਰਦ ਸਨ, ਉਸਦੇ ਨਾਲ ਸਨ।

ਉਹ ਭੇਸ ਬਦਲਨ ਵਿਚ ਮਾਹਿਰ ਸੀ। ਉਹ ਭੇਸ ਬਦਲਕੇ ਹੀ ਕੋਲੰਬੋ ਦੇ ਰਸਤੇ ਭਾਰਤ ਆਇਆ ਅਤੇ ਪਲੀਸ ਦੀਆਂ ਉਕਾਬੀ ਨਜ਼ਰਾਂ ਤੋਂ ਬਚਕੇ ਬਹੁਤ ਦਿਨਾਂ ਤਕ ਦੇਸ਼ ਵਿਚ ਕੰਮ ਕਰਦਾ ਰਿਹਾ। ਮਿਸਟਰ ਪਿੰਗਲੇ ਦੇ ਜ਼ਰੀਏ ਉਹ ਸ਼ਚਿੰਦਰ ਨਾਥ ਸਨਿਆਲ ਅਤੇ ਰਾਸ ਬਿਹਾਰੀ ਬੋਸ ਨੂੰ ਮਿਲਿਆ। ਉਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਖੁਲ੍ਹੇ ਆਮ ਕੰਮ ਕਰਦਾ ਰਿਹਾ। ਫੌਜਾਂ ਵਿਚ ਨਿਧੜਕ ਹੋ ਕੇ ਪ੍ਰਚਾਰ ਲਈ ਪੁਜ ਜਾਂਦਾ। ਫਿਰੋਜ਼ਪੁਰ ਕਿਲੇ ਦੇ ਸਿਪਾਹੀਆਂ ਨਾਲ ਗੱਠਜੋੜ ਕਰਕੇ ਮੈਗਜ਼ੀਨ ਲੁੱਟਣ ਦਾ ਇੰਤਜ਼ਾਮ ਕੀਤਾ।

ਜਦੋਂ ਰਾਸ ਬਿਹਾਰੀ ਬੋਸ ਵਗੈਰਾ ਦੇ ਮਿਲਣ ਨਾਲ ਅਤੇ ਨਵਾਬ ਖਾਨ ਆਦਿ ਦੇ ਉਕਸਾਉਣ ਤੇ ਡਾਕੇ ਮਾਰਨ ਦਾ ਖਿਆਲ ਦਿਲ ਵਿਚ ਘਰ ਕਰ ਗਿਆ, ਤਾਂ ਕੋਈ ਅਜਿਹਾ ਡਾਕਾ ਨਹੀਂ ਸੀ, ਜਿਸ ਵਿਚ ਹਿਸਾ ਨਹੀਂ ਸੀ ਲਿਆ। ਉਹ ਡਾਕਿਆਂ ਸਮੇਂ ਵੀ ਆਪਣੀ ਦੇਸ਼ ਭਗਤੀ ਨੂੰ ਛੁਪਾ ਨਹੀਂ ਸਕਦਾ ਸੀ, ਸਗੋਂ ਸਾਫ ਕਹਿ ਦਿੰਦਾ ਸੀ— "ਭਾਈ ਮਜਬੂਰ ਆਂ, ਰੁਪਈਆ ਮਿਲਦਾ ਨਹੀਂ, ਅੰਗਰੇਜ਼ਾਂ ਨੂੰ ਕੱਢਣਾ ਏ, ਜਦੋਂ ਮੁਲਕ ਆਜ਼ਾਦ ਹੋਏਗਾ, ਤਾਂ ਤੁਹਾਨੂੰ ਕਈ ਗੁਣਾ ਵਾਪਸ ਕੀਤਾ ਜਾਏਗਾ।"

ਇਖਲਾਕ ਏਨਾ ਉੱਚਾ ਸੀ ਕਿ ਸ਼ਾਇਦ ਹੀ ਕਿਸੇ ਨੌਜਵਾਨ ਦਾ ਹੋਵੇ। ਜਦੋਂ ਸਾਹਨੇਵਾਲ ਦੇ ਡਾਕੇ ਵਿਚ ਉਸ ਦੇ ਇਕ ਸਾਥੀ ਨੇ ਇਕ ਸੋਹਣੀ ਕੁੜੀ ਨੂੰ ਮਾੜੀ ਨਿਗਾਹ ਨਾਲ ਵੇਖਿਆ, ਤਾਂ ਉਸਨੇ ਝੱਟ ਦੇਣੀ ਰਿਵਾਲਵਰ ਉਸ ਦੀ ਛਾਤੀ 'ਤੇ ਰੱਖ ਦਿਤਾ ਅਤੇ ਉਸ ਕੋਲੋਂ ਮਾਫੀ ਮੰਗਵਾਈ।

ਉਹ ਕਈ ਵਾਰੀ ਪੁਲੀਸ ਨੂੰ ਵੀ ਧੋਖਾ ਦੇ ਜਾਂਦਾ ਸੀ। ਇਕ ਵਾਰ ਕਰਤਾਰ ਬਾਈਸਾਈਕਲ 'ਤੇ ਇਕ ਸਾਥੀ ਦੇ ਘਰ ਗਿਆ ਅੱਗੇ ਪੁਲੀਸ ਉਸ ਦੇ ਘਰ ਤਲਾਸ਼ੀ ਕਰ ਰਹੀ ਸੀ। ਕਰਤਾਰ ਸਿੰਘ ਚੰਗਾ ਭੱਦਰ ਪੁਰਸ਼ ਲਗ ਰਿਹਾ ਸੀ। ਪੁਲੀਸ ਨੂੰ ਕਹਿਣ ਲਗਾ—"ਜੋ ਲੋਕ ਸਰਕਾਰ ਦੇ ਖਿਲਾਫ ਹਨ, ਉਹਨਾਂ ਦੀ ਚੰਗੀ ਖਬਰ ਲਓ।" ਪੁਲੀਸ ਵਾਲਿਆਂ ਸਮਝਿਆ ਕਿ ਕੋਈ ਸਰਕਾਰੀ ਮੁਲਾਜ਼ਮ ਹੈ ਤੇ ਉਹ ੧੦—੧੫ ਮਿੰਟ ਪੁਲੀਸ ਨਾਲ ਗੱਲਾਂਬਾਤਾਂ ਕਰਕੇ ਰਫੂਚੱਕਰ ਹੋ ਗਿਆ। ਜਦੋਂ ਉਹਨਾਂ ਪੁਲੀਸ ਵਾਲਿਆਂ ਦੀ ਗਵਾਹੀ ਕਚਹਿਰੀ ਵਿਚ ਹੋਈ, ਤਾਂ ਜੱਜ ਤੇ ਸਾਰੇ ਲੋਕਾਂ ਨੇ ਉਹਨਾਂ ਦੀ ਖੂਬ ਖਿੱਲੀ ਉਡਾਈ।

ਜਦੋਂ ਪਾਰਟੀ ਇਨਕਲਾਬ ਕਰਨ 'ਚ ਫੇਲ੍ਹ ਹੋ ਗਈ, ਤਾਂ ਉਹਨਾਂ ਮੈਂਬਰਾਂ ਨੇ, ਜੋ ਗ੍ਰਿਫਤਾਰੀ ਤੋਂ ਬਚ ਗਏ ਸਨ, ਹਿੰਦੁਸਤਾਨ ਛੱਡਣ ਦਾ ਫੈਸਲਾ ਕਰ ਲਿਆ। ਕਰਤਾਰ ਸਿੰਘ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਇਸ ਮੰਤਵ ਲਈ ਅਫਗਾਨਿਸਤਾਨ ਵਲ ਰਵਾਨਾ ਹੋਏ, ਪਰ ਕਰਤਾਰ ਸਿੰਘ ਦੀ ਜ਼ਮੀਰ ਨੇ ਇਹ ਗਵਾਰਾ ਨਾ ਕੀਤਾ ਕਿ ਉਹ ਸਾਥੀਆਂ ਨੂੰ ਫਸਾ ਕੇ ਖੁਦ ਵਿਦੇਸ਼ ਤੁਰ ਜਾਵੇ। ਉਹ ਆਪਣੇ ਦੋਵਾਂ ਸਾਥੀਆ ਸਮੇਤ ਵਾਪਸ ਆ ਗਿਆ ਅਤੇ ਸਰਗੋਧਾ ਚੱਕ ਨੰਬਰ--੫ ਵਿਚ ਘੋੜਿਆਂ ਦੇ ਇਕ ਤਬੇਲੇ ਉਤੇ ਆ ਕੇ ਸਿਪਾਹੀਆਂ ਵਿਚ ਪ੍ਰਚਾਰ ਕਰਨ ਲੱਗਾ। ਇਥੇ ਇਕ ਰਸਾਲਦਾਰ ਨੇ ਸਾਥੀਆਂ ਸਮੇਤ ਉਸਨੂੰ ਗ੍ਰਿਫਤਾਰ ਕਰ ਲਿਆ।

ਸੀ. ਆਈ. ਡੀ. ਦੇ ਅਫਸਰ ਮਿਸਟਰ ਟਾਮਕਿਨ ਆਦਿ ਕਰਤਾਰ ਸਿੰਘ ਸਾਹਮਣੇ ਸਵਾਲ ਕਰਨ ਦੀ ਜੁਰਅਤ ਨਹੀਂ ਸੀ ਕਰਦੇ। ਉਹ ਬਿਲਕੁਲ ਨਿਡਰ ਤੇ ਨਿਧੜਕ ਨੌਜਵਾਨ ਸੀ। ਆਜ਼ਾਦੀ ਦਾ ਆਸ਼ਕ ਅਤੇ ਗੁਲਾਮੀ ਦਾ ਦੁਸ਼ਮਣ ਸੀ। ਗ੍ਰਿਫਤਾਰੀ ਉਪਰੰਤ, ਜਦੋਂ ਲਾਹੌਰ ਸੈਂਟਰਲ ਜੇਲ੍ਹ ਵਿਚ ਉਸ ਉਤੇ ਮੁਕੱਦਮਾ ਚੱਲ ਰਿਹਾ ਸੀ, ਤਾਂ ਉਸਨੇ ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਭੇਦ ਖੁਲ੍ਹ ਗਿਆ। ਉਸ ਕੋਲੋਂ ਸੀਖਾਂ ਕੱਟਣ ਵਾਲੇ ਸੰਦ ਅਤੇ ਬੰਬ



Sri Satguru Jagjit Singh Ji eLibrary NamdhariElibrary@gmail.com

ਬਣਾਉਣ ਦਾ ਮਸਾਲਾ ਫੜਿਆ ਗਿਆ, ਪਰ ਉਸਨੂੰ ਕੋਈ ਪ੍ਰਵਾਹ ਨਹੀਂ ਸੀ। ਉਹ ਪਹਿਲਾ ਦੀ ਤਰ੍ਹਾਂ ਹੀ ਹੱਸਦਾ ਰਿਹਾ ਅਤੇ ਹੋਰਨਾਂ ਨੂੰ ਹਸਾਉਂਦਾ ਰਿਹਾ। ਉਹ ਬੇੜੀਆਂ ਨੂੰ ਸਾਜ਼ਾਂ ਵਾਂਗ ਵਜਾਉਂਦਾ ਰਿਹਾ ਅਤੇ ਕੌਮੀ ਗੀਤ ਗਾਉਂਦਾ ਰਿਹਾ।

ਜਦੋਂ ਕੇਸ ਚਲਿਆ, ਤਾਂ ਇਕ ਪਾਸੇ ਜੱਜਾਂ ਦੀ ਕਚਹਿਰੀ ਹੁੰਦੀ ਅਤੇ ਦੂਜੇ ਪਾਸੇ ਕਟਿਹਰੇ 'ਚ ਖੜ੍ਹਾ ਕਰਤਾਰ ਸਿੰਘ ਅਪਣੇ ਸਾਥੀਆਂ ਨਾਲ ਰਲਕੇ ਕਚਹਿਰੀ ਲਾ ਲੈਂਦਾ ਅਤੇ ਮੁਖਬਰਾਂ ਦਾ ਮਖੌਲ ਉਡਾਉਂਦਾ। ਜੱਜ ਮੁੜ-ਮੁੜ ਘੰਟੀ ਵਜਾਉਂਦੇ, ਪਰ ਉਹਨਾਂ ਦੀ ਸੁਣਦਾ ਹੀ ਕੋਈ ਨਾ।

ਜਦੋਂ ਸਰਕਾਰੀ ਗਵਾਹ ਭੁਗਤਣ ਤੋਂ ਬਾਅਦ ਮੁਲਜ਼ਮਾਂ ਨੂੰ ਆਪੋ-ਆਪਣੇ ਬਿਆਨ ਦੇਣ ਲਈ ਕਿਹਾ ਗਿਆ, ਤਾਂ ਕਰਤਾਰ ਸਿੰਘ ਨੇ ਸਾਫ ਲਫ਼ਜ਼ਾਂ ਵਿਚ ਇਕਬਾਲ ਕੀਤਾ ਕਿ ਮੈਂ ਜੋ ਵੀ ਕੀਤਾ ਹੈ, ਉਸ ਠੀਕ ਸਮਝਦਾ ਹਾਂ। ਮੈਂ ਅੰਗਰੇਜ਼ਾਂ ਦੇ ਵਿਰੁਧ ਇਨਕਲਾਬ ਦੀ ਤਿਆਰੀ ਵਿਚ ਸਾਂ, ਫੌਜੀਆਂ ਨੂੰ ਨਾਲ ਮਿਲਾਇਆ ਸੀ, ਕੌਮੀ ਝੰਡੇ ਤਿਆਰ ਕੀਤੇ ਸਨ, ਲੋਕਾਂ ਨੂੰ ਇਨਕਲਾਬ ਲਈ ਉਭਾਰਿਆ ਸੀ—ਇਹ ਸਭ ਗੱਲਾਂ ਸੱਚ ਹਨ। ਪਰ ਮੈਂ ਜੋ ਕੁਝ ਵੀ ਕੀਤਾ ਏ, ਉਹ ਆਪਣੇ ਦੇਸ਼ ਤੇ ਕੌਮ ਦੀ ਆਜ਼ਾਦੀ ਲਈ ਕੀਤਾ ਹੈ, ਜੋ ਕਿ ਮੇਰਾ ਪੈਦਾਇਸ਼ੀ ਹੱਕ ਹੈ।

ਕਰਤਾਰ ਸਿੰਘ ਦੇ ਸਾਫ ਬਿਆਨ ਸੁਣਕੇ ਜੱਜਾਂ ਨੇ ਕਿਹਾ—"ਕਰਤਾਰ ਸਿੰਘ! ਕੀ ਤੁਸੀਂ ਜਾਣਦੇ ਹੋ ਕਿ ਇਸ ਦਾ ਨਤੀਜਾ ਕੀ ਹੋਵੇਗਾ?"

ਹਾਂ .....", ਕਰਤਾਰ ਸਿੰਘ ਨੇ ਕਿਹਾ—"ਮੌਤ, ਉਮਰ ਕੈਦ ਜਾਂ ਜਲਾਵਤਨੀ।"

ਜੱਜਾਂ ਨੇ ਬਿਆਨ ਨਾ ਲਿਖੇ ਤੇ ਕਿਹਾ—"ਕਰਤਾਰ ਸਿੰਘ! ਤੈਨੂੰ ਇਕ ਰਾਤ ਦਾ ਸਮਾਂ ਹੋਰ ਦਿਤਾ ਜਾਂਦਾ ਏ। ਪੂਰੀ ਤਰ੍ਹਾਂ ਸੋਚ ਵਿਚਾਰ ਲੈ ਤੇ ਫਿਰ ਬਿਆਨ ਦੇਹ।" ...ਤੇ ਅਗਲੇ ਦਿਨ ਜਦੋਂ ਉਹ ਅਦਾਲਤ ਵਿਚ ਪੇਸ਼ ਹੋਇਆ, ਤਾਂ ਜੱਜਾਂ ਦੇ ਕਹਿਣ ਤੇ ਕਰਤਾਰ ਸਿੰਘ ਨੇ ਸਾਫ਼ ਕਿਹਾ—"ਜੋ ਕੱਲ੍ਹ ਕਿਹਾ ਸੀ, ਉਹੀ ਅੱਜ ਕਹਿਣਾ ਹੈ।"

ਜਦੋਂ ਕਰਤਾਰ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਉਸ ਨੇ ਹੱਸਦਿਆਂ ਹੋਇਆਂ ਉੱਚੀ ਆਵਾਜ਼ ਵਿਚ ਕਿਹਾ—"ਥੈਂਕ ਯੂ" (ਸ਼ੁਕਰੀਆ)।

ਜਦੋਂ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਕਰਤਾਰ ਸਿੰਘ ਤੇ ਉਸਦੇ ਸਾਥੀਆਂ ਨੂੰ ਫ਼ਾਂਸੀ ਦੀਆਂ ਕੋਠੀਆਂ 'ਚ ਬੰਦ ਕੀਤਾ ਗਿਆ ਅਤੇ ਫ਼ਾਂਸੀ ਵਾਲੇ ਕੱਪੜੇ ਪਹਿਨਾਏ ਗਏ, ਤਾਂ ਜੇਲ੍ਹ ਸੁਪਰਡੈਂਟ ਨੇ ਕਾਨੂੰਨ ਮੁਤਾਬਕ ਆ ਕੇ ਪੁਛਿਆ—"ਕਰਤਾਰ ਸਿੰਘ! ਰਹਿਮ ਦੀ ਅਪੀਲ ਕਰੇਂਗਾ?"

"ਰਹਿਮ ਦੀ ਨਹੀਂ, ਪਰ ਛੇਤੀ ਫ਼ਾਂਸੀ ਲੱਗਣ ਦੀ ਬੇਨਤੀ ਕਰਦਾ ਹਾਂ, ਤਾਂ ਕਿ ਫਿਰ ਵਾਪਸ ਆ ਕੇ ਗ਼ੁਲਾਮੀ ਦੇ ਖਿਲਾਫ ਜੰਗ ਲੜ ਸਕਾਂ।" ਕਰਤਾਰ ਸਿੰਘ ਦਾ ਜਵਾਬ ਸੀ।

ਜਦੋਂ ਨਵੰਬਰ ੧੯੧੫ ਨੂੰ ਦੂਜੇ ੧੭ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਹਟਾ ਦੇਣ ਦਾ ਫ਼ੈਸਲਾ ਹੋਇਆ, ਤਾਂ ਕਰਤਾਰ ਸਿੰਘ ਤੇ ਉਸਦੇ ਛੇ ਸਾਥੀ ਫਾਂਸੀ 'ਤੇ ਲਟਕਣ ਲਈ ਰਹਿ ਗਏ। ਕਰਤਾਰ ਸਿੰਘ ਨੂੰ ਫਿਰ ਅਪੀਲ ਕਰਨ ਲਈ ਪੁਛਿਆ ਗਿਆ, ਤਾਂ ਉਸਨੇ ਮੁੜ ਉਹੀ ਗੱਲ ਦੁਹਰਾ ਦਿਤੀ ਕਿ ਸਾਨੂੰ ਛੇਤੀ ਫਾਂਸੀ 'ਤੇ ਲਟਕਾਇਆ ਜਾਏ।

ਕਰਤਾਰ ਸਿੰਘ ਦੇ ਮਾਂ-ਪਿਓ ਬਚਪਨ ਵਿਚ ਹੀ ਗੁਜ਼ਰ ਗਏ ਸਨ। ਉਸਦਾ ਇਕ ਬਿਰਧ ਦਾਦਾ ਸੀ, ਜਿਸਨੇ ਉਸਨੂੰ ਪਾਲਿਆ ਸੀ। ਜਦੋਂ ਉਹ ਆਖਰੀ ਮੁਲਾਕਾਤ ਵੇਲੇ ਰੋਣ ਲੱਗਾ, ਤਾਂ ਕਰਤਾਰ ਸਿੰਘ ਨੇ ਕਿਹਾ-"ਦਾਦਾ ਜੀ ਤੁਸੀਂ ਰੋਂਦੇ ਕਿਉਂ ਹੋ? ਮੈਂ ਤੁਹਾਡੇ ਖਾਨਦਾਨ ਨੂੰ ਦਾਗ਼ ਤਾਂ ਨਹੀਂ ਲਾ ਚਲਿਆ, ਮੈਂ ਤਾਂ ਸਗੋਂ ੩੦ ਕਰੋੜ ਦੁਖੀ ਤੇ ਗੁਲਾਮ ਦੇਸ਼ਵਾਸੀਆਂ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਲਈ ਫਾਂਸੀ ਚੜ੍ਹ ਰਿਹਾ ਹਾਂ। ਇਸ ਮੌਤ 'ਤੇ ਤੁਹਾਨੂੰ ਰੋਣਾ ਨਹੀਂ, ਸਗੋਂ ਖੁਸ਼ ਹੋਣਾ ਚਾਹੀਦਾ ਹੈ।" ਕਰਤਾਰ ਸਿੰਘ ਦੇ ਇਹ ਬਹਾਦਰੀ ਅਤੇ ਪਿਆਰ ਭਰੇ ਸ਼ਬਦ ਸੁਣ ਕੇ ਉਸਦੇ ਦਾਦਾ ਜੀ ਨੇ ਬੜੇ ਹੌਸਲੇ ਨਾਲ ਉਸਨੂੰ ਅੰਤਿਮ ਅਸ਼ੀਰਵਾਦ ਦਿਤੀ।

ਲਾਹੌਰ ਸੈਂਟਰਲ ਜੇਲ੍ਹ ਵਿਚ ੧੬ ਨਵੰਬਰ, ੧੯੧੫ ਦੀ ਸਵੇਰ ਨੂੰ ਕਰਤਾਰ ਸਿੰਘ ਤੇ ਉਸਦੇ ੬ ਸਾਥੀ ਫਾਂਸੀ 'ਤੇ ਲਟਕਾ ਦਿਤੇ ਗਏ। ਕਰਤਾਰ ਨੇ ਹੱਸ ਕੇ ਫਾਂਸੀ ਦਾ ਰੱਸਾ ਆਪ ਗਲ ਪਾਇਆ ਤੇ ਅਮਰ ਹੋ ਗਿਆ।

ਇਸ ਛੋਟੀ ਤੇ ਅੱਲੜ੍ਹ ਉਮਰ ਵਿਚ ਕਰਤਾਰ ਸਿੰਘ ਨੇ ਮਨੁੱਖਤਾ ਅਤੇ ਮਾਤ-ਭੂਮੀ ਦੀ ਆਜ਼ਾਦੀ ਤੇ ਇਨਸਾਨੀ ਬਰਾਬਰੀ ਲਈ ਜਿਹੜੀ ਕੁਰਬਾਨੀ ਦਿਤੀ, ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ।

(ਉਰਦੂ ਹੱਥ-ਲਿਖਤਾਂ ਤੋਂ ਅਨੁਵਾਦ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਧੰਨਵਾਦ ਸਹਿਤ)



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਇਤਿਹਾਸ ਦੇ ਇਕ ਲਹੂ
ਚੋਂਦੇ ਵਰਕੇ ਉਤੇ ਅਧਾਰਤ ਕਹਾਣੀ

# ਚਲੋ ਸਈਓ ਰਲ ਵੇਖਣ ਚਲੀਏ ਆਸ਼ਕ ਸੂਲੀ ਚੜ੍ਹਦੇ

✯ ਨਾਨਕ ਸਿੰਘ

ਪੋਹ ਦਾ ਛੇਕੜਲਾ ਪੱਖ ਬੀਤ ਰਿਹਾ ਸੀ । ਤਰੇਲ ਭਿੱਜੀ ਰਾਤ, ਤਾਰਿਆਂ ਭਰਿਆ ਅਕਾਸ਼ ਅਤੇ ਇਲਾਹੀ ਰੰਗ-ਰੱਤੀਆਂ ਰੂਹਾਂ ਦਾ ਜਾਗਰਣ ਇੰਨ-ਬਿੰਨ ਏਸ ਮਹਾਂ ਵਾਕ ਦਾ ਪ੍ਰਤੀਕ ਦਿਖਾਈ ਦੇ ਰਿਹਾ ਸੀ :

"ਭਿੰਨੀ ਰੈਨੜੀਐ ਚਾਮਕਨਿ ਤਾਰੇ ।
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ।"

ਰਾਤ ਦੇ ਸੰਨਾਟੇ ਨੂੰ ਤੋੜ ਰਹੇ ਸਨ ਜਾਂ ਤਾਂ ਕਕਰੀਲੇ ਹਵਾ ਦੇ ਫਰਾਟੇ ਤੇ ਜਾਂ ਰਾਮ ਰਸਾਇਣ ਮੱਤੇ ਦੀਵਾਨਿਆਂ ਦੀਆਂ ਉਚਾਰੀਆਂ ਜਾ ਰਹੀਆਂ ਇਹ ਤੁਕਾਂ :

"ਮੈਂ ਮਰਉਂ ਤਾਂ ਹਰਕੇ ਦੁਆਰ ।
ਮੈਂ ਮਰਉਂ ਤਾਂ ਹਰਕੇ ਦੁਆਰ ।"

ਅੰਮ੍ਰਿਤਮਈ ਏਸ ਸ਼ਬਦ ਗੂੰਜ ਨੇ ਵਾਤਾਵਰਣ ਨੂੰ ਮਨ-ਮੁਗਧਕਾਰੀ ਬਣਾ ਦਿਤਾ ਹੋਇਆ ਤੇ ਪ੍ਰਕਿਰਤੀ ਦਾ ਕਣ-ਕਣ ਏਸ ਉਚਾਰਣ ਨਾਲ ਖੀਵਾ ਹੋ ਉਠਿਆ ਸੀ ।

ਪ੍ਰੇਮ-ਸ਼ੈਦਾਈਆਂ ਦੀ ਇਹ ਮੰਡਲੀ 'ਸ਼ਬਦ-ਸੁਰਤ' 'ਅਜਪਾ ਜਾਪ' ਦੀ ਅਵਸਥਾ ਤੀਕ ਜਾ ਪਹੁੰਚਦੀਆਂ ਸੀਮਾਵਾਂ ਲੰਘ ਕੇ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਦੀ ਗੁੰਜਾਰ ਛੁਠੀ :

"ਕਬੀਰ ਮੁਹਿ ਮਰਨੇ ਕਾ ਚਾਉ ਹੈ,
ਮਰਉ ਤ ਹਰਿ ਕੇ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ,
ਪਰਾ ਹਮਾਰੇ ਬਾਰ ॥"

"ਮੈਂ ਮਰਉਂ ਤਾਂ ਹਰ ਕੇ ਦੁਆਰ ।
ਮੈਂ ਮਰਉਂ ਤਾਂ ਹਰ ਕੇ ਦੁਆਰ ।"

ਕੀ ਗਾਉਣ ਵਾਲੇ ਤੇ ਸਰੋਤੇ, ਸਾਰੇ ਦੇ ਸਾਰੇ ਇਸ ਵੇਲੇ ਪ੍ਰੀਤਮ ਦੇ ਦੇਸ਼ ਪਹੁੰਚੇ ਹੋਏ ਅਨੁਭਵ ਕਰ ਰਹੇ ਸਨ— ਆਪਣੇ ਰੂਹਾਨੀ ਮੁਰਸ਼ਦ ਦੇ ਦਰੇ-ਦੌਲਤ ਉਤੇ, ਸੀਸ ਭੇਟ ਚੜ੍ਹਾਣ ਦੀ ਲਾਲਸਾ ਨਾਲ ।

ਰਿਆਸਤ ਜੀਂਦ ਦੇ ਛੋਟੇ ਜਿਹੇ ਪਿੰਡ 'ਗੱਗੜਪੁਰ' ਤੋਂ ਬਾਹਰ ਢਾਈ ਕੁ ਫਰਲਾਂਗ ਦੀ ਵਾਟ ਤੇ ਇਕ ਬਾਗ ਵਿਚ ਸੀ ਇਹ ਮਰਜੀਵੜਿਆਂ ਦਾ ਕਾਫਲਾ ਤੇ ਹੇਠਾਂ ਹਰੇ ਘਾਹ ਦਾ ਉਦਾ ਕਾਲੀਨ ਤੇ ਉਪਰ ਸੰਘਣੇ ਅੰਬਾਂ ਦਾ ਸਾਏਬਾਨ ।

ਰਾਤ ਦਾ ਤੀਜਾ ਪਹਿਰ ਬੀਤਦਿਆਂ ਨਾ ਬੀਤਦਿਆਂ ਦੀਵਾਨਿਆਂ ਮਸਤਾਨਿਆਂ ਦਾ ਇਹ ਜਥਾ ਲਾਗਲੇ ਖੂਹ ਤੋਂ ਸਣ ਕੇਸੀਂ ਅਸ਼ਨਾਨ ਕਰਕੇ ਤੇ ਏਸ ਕੁਦਰਤੀ ਮੰਡਪ ਵਿਚ ਇਕੱਤਰ ਹੋ ਕੇ ਸ਼ਬਦ ਕੀਰਤਨ ਦੇ ਅਨੂਠੇ ਰੰਗ ਰਸ ਵਿਚ ਗੜੂੰਦ ਸੀ ।

ਏਡੀ ਭਿਆਨਕ ਸਰਦੀ ਅਤੇ ਸਣ ਕੇਸੀਂ ਅਸ਼ਨਾਨ ! ਪਰ ਇਹੋ ਤਾਂ ਫ਼ਰਕ ਹੁੰਦਾ ਹੈ ਸਰਬ ਸਾਧਾਰਨ ਅਤੇ ਪ੍ਰੇਮ-ਪਰਵਾਨਿਆਂ ਦੀ ਜ਼ਿੰਦਗੀ ਵਿਚ ! ਇਹ ਜਥਾ ਮਾਘੀ ਦੇ ਮੇਲੇ ਜਾ ਰਿਹਾ ਹੈ ।

ਰੂਹਾਨੀ ਮਸਤੀ ਦੇ ਵਜਦ ਵਿਚ ਝੂਮ ਝੂਮ ਗਾਉਂਦੇ ਹੋਏ ਇਹ ਰਾਗ-ਰਸੀਏ ਜਿਉਂ ਜਿਉਂ ਅਗਲੀਆਂ ਤੇ ਫੇਰ ਓਹਨਾਂ ਤੋਂ ਅਗਲੀਆਂ ਤੁਕਾਂ ਉਚਾਰੀ ਜਾਂਦੇ ਤਿਵੇਂ ਤਿਵੇਂ ਏਹਨਾਂ ਦੀਆਂ ਰੂਹਾਂ ਤਨ ਬਦਨ ਦੀ ਚੇਤਨਾ ਤੋਂ ਬੇਨਿਆਜ਼ ਹੋਕੇ ਆਤਮ-ਮੰਡਲਾਂ ਦੀਆਂ ਬੁਲੰਦੀਆਂ ਵਿਚ ਪਰਵਾਜ਼ ਕਰੀ ਜਾਂਦੀਆਂ । ਛੇਕੜ ਓਸ ਵਿਦੇਹ ਆਤਮਕ ਅਵਸਥਾ ਤੀਕ ਜਾ ਪਹੁੰਚੀਆਂ ਜਿਥੇ ਪਹੁੰਚਕੇ ਮਨੁਖ ਅਨੁਭਵ ਕਰਨ ਲਗਦਾ ਹੈ :

ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ ।
ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂ ॥

ਇਸ ਵੇਲੇ ਰਾਤ ਦਾ ਬਾਕੀ ਡੇਢ ਪਹਿਰ ਬੀਤ ਗਿਆ । ਕਦੋਂ ਭਗਵਾਨ ਭਾਸਕਰ ਨੇ ਸੁਨਹਿਰੀ ਤਿੱਲੇ ਦੀਆਂ ਤਾਰਾਂ ਖਿਲਾਰ ਕੇ ਰਜਨੀ ਦੀ ਸਲੇਟੀ ਨੁਹਾਰ ਨੂੰ ਗੁਲਾਨਾਰੀ ਬਣਾ ਦਿਤਾ । ਦੀਵਾਨਿਆਂ ਮਸਤਾਨਿਆਂ ਨੂੰ ਇਸ ਦਾ ਪਤਾ ਤਕ ਨਹੀਂ ਲਗ ਸਕਿਆ ।

ਏਧਰ ਬਗੀਚੀ ਦਾ ਵਾਤਾਵਰਣ ਨਾਮ ਸਿਮਰਨ ਅਤੇ ਸ਼ਬਦ ਕੀਰਤਨ ਦੇ ਰੰਗ-ਰਸ ਵਿਚ ਮਹਿਕ ਰਿਹਾ ਸੀ, ਓਧਰ ਗੱਗੜਪੁਰ ਅਤੇ ਆਲੇ-ਦੁਆਲੇ ਦੇ ਕਈਆਂ ਪਿੰਡਾਂ ਦੀਆਂ ਸੰਗਤਾਂ ਨੇ ਸ਼ਹੀਦੀ ਜਥੇ ਲਈ ਲੰਗਰ ਤਿਆਰ



Sri Satguru Jagjit Singh Ji eLibrary NamdhariElibrary@gmail.com

ਕਰ ਲਿਆ ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਪ੍ਰਸਿਧ ਨਾਮਧਾਰੀ ਵਿਦਵਾਨ ਬਾਬਾ ਬਿਸ਼ਨ ਸਿੰਘ ਕਾਬਲੀ ਨੇ ਓਸੇ 'ਮਰਉ ਤ ਹਰਿ ਕੈ ਦੁਆਰੁ' ਸ਼ਬਦ ਦੀ ਵਿਆਖਿਆ ਸ਼ੁਰੂ ਕੀਤੀ —

ਗੁਰ ਚਰਨਾਂ ਦੇ ਰਸੀਏ ਸਜਨੋ ! ਹੁਣੇ ਹੁਣੇ ਤੁਸੀਂ ਜਿਸ ਸ਼ਬਦ ਨੂੰ ਪੜ੍ਹਕੇ ਹਟੇ ਹੋ, ਮੇਰੀ ਅਵੱਗਿਆ ਖਿਮਾ ਕਰਨੀ, ਜੇ ਮੈਂ ਬੇਨਤੀ ਕਰਾਂ ਕਿ ਇਹ ਸ਼ਬਦ ਨਿਰਾ 'ਪੜ੍ਹਨ' ਲਈ ਹੀ ਨਹੀਂ ਬਲਕਿ ਅਮਲ ਕਰਨ ਲਈ ਹੈ । ਸੋ ਦਿਲਾਂ ਅੰਦਰ ਝਾਤੀ ਮਾਰ ਕੇ ਜ਼ਰਾ ਪੁਛੋ ਖਾਂ ਆਪਣੇ ਆਪ ਪਾਸੋਂ ਕਿ ਕੀ ਤੁਹਾਨੂੰ ਹਰੀ ਦੇ ਦੁਆਰ ਮਰਨ ਦਾ ਚਾਓ ਸੱਚੀ-ਮੁੱਚੀ ਹੈ ?

"ਅੱਜ ਸਾਡੇ ਪੰਥ ਉਤੇ ਜਿਹੋ ਜਿਹਾ ਸਮਾਂ ਬਣਿਆ ਹੋਇਆ ਹੈ, ਪਤਾ ਨਹੀਂ ਕਿਸ ਘੜੀ ਤੁਹਾਨੂੰ ਆਪਣੇ ਸਿਰ ਤਲੀ ਤੇ ਰਖਕੇ ਪ੍ਰੀਤਮ ਦੀ ਗਲੀ ਜਾਣਾ ਪੈ ਜਾਵੇ । ਕੀ ਅਜਿਹਾ ਮੌਕਾ ਆ ਜਾਣ ਤੇ ਤੁਸੀਂ ਮਨਸੂਰ ਵਾਂਗ ਹਸਦੇ ਹਸਦੇ ਸੂਲੀ ਤੇ ਚੜ੍ਹ ਸਕੋਗੇ ? ਕੀ ਓਸ ਵੇਲੇ ਘਰ-ਬਾਰ ਦਾ ਮੋਹ ਤੇ ਸਾਕਾਂ ਸਨਬੰਧੀਆਂ ਦੀ ਮਮਤਾ ਤੁਹਾਡੇ ਕਦਮਾਂ ਵਿਚ ਡਗਮਗਾਹਟ ਨਹੀਂ ਪੈਦਾ ਕਰੇਗੀ ? ਕੀ ਜਵਾਨੀਆਂ ਮਾਣਨ ਦੀ ਲਾਲਸਾ ਤੁਹਾਡੇ ਰਸਤੇ ਵਿਚ ਰੁਕਾਵਟ ਨਹੀਂ ਪਾਏਗੀ ?"

ਇਤਨਾ ਕਹਿਣ ਤੋਂ ਬਾਦ ਜਦ ਬਾਬਾ ਬਿਸ਼ਨ ਸਿੰਘ ਨੇ ਇਕ ਖੋਜਵੀਂ ਨਜ਼ਰ ਸਰੋਤਿਆਂ ਉਤੇ ਸੁਟੀ ਤਾਂ ਹਰ ਅੱਖ ਵਿਚੋਂ ਉਸਨੂੰ ਆਪਣੇ ਪ੍ਰਸ਼ਨ ਦਾ ਸੌ ਫੀਸਦੀ ਹਮਾਇਤੀ ਉੱਤਰ ਲਿਸ਼ਕਦਾ ਦਿਖਾਈ ਦਿਤਾ । ਅੱਖਾਂ ਤੋਂ ਛੁਟ ਓਹਨਾਂ ਦੇ ਫਰਕ ਰਹੇ ਡੌਲਿਆਂ ਅਤੇ ਤਮਕ ਰਹੇ ਚੇਹਰਿਆਂ ਤੋਂ ਵੀ, ਪਰ ਇਤਨਾ ਹੋਣ ਤੇ ਵੀ ਜਿਵੇਂ ਬਾਬਾ ਜੀ ਦੀ ਸੰਤੁਸ਼ਟੀ ਨਹੀਂ ਹੋਈ । ਉਹ ਉਵੇਂ ਹੀ ਤਾੜਨਾ ਭਰੀ ਨਜ਼ਰੇ ਓਹਨਾਂ ਵਲ ਤੱਕਦੇ ਹੋਏ ਫੇਰ ਬੋਲੇ :

"ਮੈਨੂੰ ਮਾਫੀ ਦੇਣੀ ਸਾਧ ਸੰਗਤ ਜੀ, ਜੋ ਤੁਸਾਂ ਦੇ ਹਾਵ-ਭਾਵ ਤੋਂ ਦ੍ਰਿੜ੍ਹਤਾ ਭਰਿਆ ਉੱਤਰ ਪਾ ਕੇ ਵੀ ਮੈਂ ਖਾਮੋਸ਼ ਨਹੀਂ ਰਹਿ ਸਕਿਆ । ਹੁਣੇ ਹੁਣੇ ਕੀਰਤਨ ਵਿਚ ਤੁਸੀਂ ਗੁਰਬਾਣੀ ਦੀਆਂ ਇਹ ਤੁਕਾਂ ਪੜ੍ਹ ਸੁਣ ਚੁਕੇ ਹੋ —

"ਸਭੁ ਕੋ ਪੂਰਾ ਆਪੇ ਹੋਵੈ ਘਟਿ ਨਾ ਕੋਈ ਆਖੈ ।
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ।"

ਸੋ ਚੀਨੀ ਵਾਲੇ ਦੇ ਲਡਿਕੜਿਓ ! ਵਕਤ ਨੇੜੇ ਹੈ ਜਦੋਂ ਤੁਸੀਂ ਧਰਮ ਕੰਡੇ ਉਤੇ ਤੋਲੇ ਜਾਓਗੇ ਤੇ ਓਸ ਕਸੌਟੀ ਉਤੇ ਪਰਖੇ ਜਾਓਗੇ ਜਿਸ ਬਾਰੇ ਕਬੀਰ ਨੇ ਕਿਹਾ ਹੈ—'ਕਬੀਰ ਕਸੌਟੀ ਰਾਮ ਕੀ ਝੂਠਾ ਟਿਕੈ ਨਾ ਕੋਇ' । ਅੰਤ ਵਿਚ ਮੇਰੀ ਇਹੋ ਬੇਨਤੀ ਹੈ ਕਿ ਜੇ ਸੱਚੋ ਹੀ ਸ਼ਹੀਦੀ ਦੀ ਖੇਡ ਖੇਡਣ ਦਾ ਤੁਹਾਨੂੰ ਚਾਅ ਹੈ ਤਾਂ 'ਸਿਰ ਧਰ ਤਲੀ ਗਲੀ ਮੋਰੀ ਆਓ' ਦਾ ਹੁਕਮ ਘੁੱਟ ਕੇ ਪੱਲੇ ਬੰਨ੍ਹ ਲਓ ।"

ਦੀਵਾਨ ਦੀ ਸਮਾਪਤੀ ਤੋਂ ਬਾਦ ਅਰਦਾਸਾ ਸੋਧਿਆ ਗਿਆ ਤੇ ਅਰਦਾਸੇ ਤੋਂ ਬਾਦ ਜਦ ਸੰਗਤ ਲੰਗਰ ਵਲ ਜਾਣ ਲਗੀ ਤਾਂ ਸਾਹਮਣਿਓਂ ਆਉਂਦੇ ਇਕ ਘੋੜ ਸਵਾਰ ਨੂੰ ਤੱਕ ਕੇ ਜਿਥੇ ਕੋਈ ਖੜ੍ਹਾ ਸੀ ਉਥੇ ਹੀ ਰੁਕ ਗਿਆ ।

ਘੋੜ ਸਵਾਰ ਕਾਫੀ ਦੂਰ ਦਾ ਸਫਰ ਕਰਕੇ ਆਇਆ ਜਾਪਦਾ ਸੀ । ਘੱਟੇ ਨਾਲ ਉਸ ਦੇ ਕੱਪੜੇ ਲੱਥਪੱਥ ਸਨ । ਏਡੇ ਠੰਢੇ ਮੌਸਮ ਵਿਚ ਵੀ ਉਸਦਾ ਸਰੀਰ ਮੁੜ੍ਹਕੇ ਨਾਲ ਗੜੁੱਚ ਸੀ । ਘੋੜੀ ਉਸਦੀ ਹਉਂਕ ਰਹੀ ਸੀ, ਜੋ ਏਸ ਗੱਲ ਦਾ ਪ੍ਰਮਾਣ ਸੀ ਕਿ ਉਹ ਉਸਨੂੰ ਸਰਪਟ ਦੁੜਾਈ ਆਇਆ ਹੈ ।

ਸਵਾਰ ਨੇ ਘੋੜੀ ਤੋਂ ਉਤਰਦਿਆਂ ਹੀ ਖ਼ੁਰਜੀ ਵਿਚੋਂ ਇਕ ਪੂਣੀ ਕੀਤਾ ਹੋਇਆ ਕਾਗਜ਼ ਕੱਢਕੇ ਬਾਬਾ ਬਿਸ਼ਨ ਸਿੰਘ ਦੇ ਹੱਥ ਫੜਾਇਆ ਤੇ ਦੂਜੇ ਹੀ ਪਲ ਪਲਾਕੀ ਮਾਰਕੇ ਘੋੜੀ ਨੂੰ ਉਡਾਂਦਾ ਹੋਇਆ ਔਹ ਗਿਆ ..ਔਹ ਗਿਆ, ਮਗਰੋਂ ਅਵਾਜ਼ਾਂ ਪੈਂਦੀਆਂ ਰਹਿ ਗਈਆਂ —

"ਭਾਈ ਸਾਹਿਬ, ਦੋ ਘੜੀਆਂ ਅਰਾਮ ਤਾਂ ਕਰ ਲਓ, ..... ਸਿੰਘ ਜੀ, ਲੰਗਰ ਤਿਆਰ ਹੈ, ..... ਗੁਰੂ ਕੇ ਲਾਲ ਘੋੜੀ ਤੁਹਾਡੀ ਤਾਂ ਅਸਲੋਂ ਹੀ ਥੱਕੀ ਪਈ ਹੈ ।"

ਪਰ ਸਵਾਰ ਨੇ ਕਿਸੇ ਦੀ ਨਹੀਂ ਸੁਣੀ । ਸੁਣ ਕੇ ਜਾਂ ਰੁਕਣ ਦਾ ਸ਼ਾਇਦ ਉਸ ਪਾਸ ਸਮਾਂ ਹੀ ਨਹੀਂ ਸੀ, ਵੇਖਦਿਆਂ ਹੀ ਵੇਖਦਿਆਂ ਉਹ ਅੱਖਾਂ ਤੋਂ ਓਹਲੇ ਹੋ ਗਿਆ ।

ਸੰਗਤ ਜਿਥੋਂ ਜਿਥੋਂ ਉਠੀ ਸੀ ਮੁੜ ਉਥੇ ਉਥੇ ਬੈਠ ਗਈ, ਜਦ ਪਤਾ ਲਗਾ ਕਿ ਹਰਕਾਰੇ ਰਾਹੀਂ ਲਿਆਂਦਾ ਹੋਇਆ ਇਹ ਕਾਗਜ਼ ਅਸਲ ਵਿਚ ਭੈਣੀ ਸਾਹਿਬ ਵਾਲੇ ਸਤਿਗੁਰੂ ਮਹਾਰਾਜ ਦਾ ਹੱਥੀਂ ਲਿਖਿਆ ਹੁਕਮਨਾਮਾ ਹੈ ।

ਬਾਬਾ ਬਿਸ਼ਨ ਸਿੰਘ ਨੇ ਹੁਕਮਨਾਮੇ ਦਾ ਸੰਖਿਪਤ ਜਿਹਾ ਮਜ਼ਮੂਨ ਪੜ੍ਹ ਕੇ ਸੁਣਾਣਾ ਸ਼ੁਰੂ ਕੀਤਾ—

"ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ !
ਮਾਘੀ ਦਾ ਦੀਵਾਨ ਮੁਕਤਸਰ ਦੀ ਬਜਾਏ ਭੈਣੀ
ਵਿਖੇ ਕਰਨ ਦਾ ਪ੍ਰਬੰਧ ਕਰ ਦਿਤਾ ਗਿਆ ਹੈ ।



Sri Satguru Jagjit Singh Ji eLibrary NamdhariElibrary@gmail.com

ਕਿਉਂ ਐਸਾ ਕੀਤਾ ਗਿਆ ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਅੰਗਰੇਜ਼ੀ ਹਕੂਮਤ ਨੇ ਬਹੁਤ ਕਰੜੀ ਬੰਦਸ਼ ਲਾ ਦਿਤੀ ਹੈ ।

ਸੋ ਸਭ ਪਾਸੀਂ ਇਹ ਸਮਾਚਾਰ ਪਹੁੰਚਾ ਦਿਤਾ ਜਾਵੇ ਕਿ ਸੰਗਤਾਂ ਮੁਕਤਸਰ ਦੇ ਬਜਾਏ ਭੈਣੀ ਸਾਹਿਬ ਵਲ ਰੁਖ ਕਰ ਲੈਣ ।

ਗੁਰੂ ਪੰਥ ਦਾ ਸੇਵਾਦਾਰ
ਰਾਮ ਸਿੰਘ"

ਖਲਬਲੀ ਜਿਹੀ ਮਚ ਗਈ ਹੁਕਮਨਾਮਾ ਸੁਣ ਕੇ । ਪਰ ਹੈਰਾਨੀ ਕਿਸੇ ਨੂੰ ਨਹੀਂ ਹੋਈ । ਹਰ ਕੋਈ ਏਸ ਅਦਲਾ-ਬਦਲੀ ਦਾ ਕਾਰਨ ਸਮਝ ਰਿਹਾ ਸੀ ਕਿ ਬਿੱਲਿਆਂ (ਅੰਗਰੇਜ਼ਾਂ) ਦੀ ਹਕੂਮਤ ਵਲੋਂ ਮੁਕਤਸਰ ਵਿਚ ਹੋਣ ਵਾਲੇ ਦੀਵਾਨ ਉਤੇ ਇਹ ਕਰੜੀ ਪਾਬੰਦੀ ਕਿਉਂ ਲਾ ਦਿਤੀ ਹੈ । ਗੋਇਆ ਅੰਗਰੇਜ਼ ਦੀਆਂ ਨਜ਼ਰਾਂ ਵਿਚ ਨਾਮਧਾਰੀ ਪੰਥ ਕੋਈ ਖੂੰ-ਖਾਰਾਂ ਦੀ ਜਮਾਤ ਹੋਏ ।

ਬੰਦਸ਼ ਦਾ ਕਾਰਨ ਚਾਹੇ ਕੁਝ ਵੀ ਹੋਵੇ, ਇਹਨਾਂ ਮਸਤਾਨਿਆਂ ਦੀ ਵਹੀਰ ਦੇ ਕਾਰਜ ਕ੍ਰਮ ਵਿਚ ਕੋਈ ਫਰਕ ਨਹੀਂ ਆਇਆ ਤੇ ਨਿਸਚਿਤ ਸਮੇਂ ਕੂਚ ਕਰ ਦਿਤਾ ਗਿਆ । ਫਰਕ ਜੇ ਪਿਆ ਤਾ ਕੇਵਲ ਰਸਤੇ ਦਾ ।

* * *

ਈਸਵੀਂ ਸੰਨ ੧੯੭੨ ਅਤੇ ਜਨਵਰੀ ਦੀ ੧੦ ਤਰੀਕ ਸੀ । ਭੈਣੀ ਸਾਹਿਬ ਦੀ ਚੱਪਾ ਚੱਪਾ ਧਰਤੀ ਉਤੇ ਮਨੁੱਖੀ ਭੀੜ ਦਾ ਸਮੁੰਦਰ ਲਹਿਰਾਂਦਾ ਦਿਖਾਈ ਦੇ ਰਿਹਾ ਸੀ । ਇਸ ਤੋਂ ਪਹਿਲਾਂ ਵੀ ਭਾਵੇਂ ਅਨਗਿਣਤ ਵੇਰਾਂ ਇਥੇ ਧਾਰਮਕ ਇਕੱਠ ਮਿਲਣੀਆਂ ਹੁੰਦੀਆਂ ਰਹਿੰਦੀਆਂ ਸਨ, ਪਰ ਇਤਨਾ ਰੱਸ਼ ਕਾਹਨੂੰ, ਕਦੀ ਕਿਸੇ ਦੇ ਵੇਖਣ ਵਿਚ ਆਇਆ ਸੀ । ਮੇਲੇ ਵਿਚ ਅਜੇ ਦੋ ਦਿਨ ਬਾਕੀ ਸਨ, ਅਰਥਾਤ ੧੨ ਜਨਵਰੀ ਨੂੰ ਸੀ ਮਾਘੀ ਦਾ ਪਵਿਤਰ ਪੁਰਬ । ਪਰ ਸੰਗਤਾਂ ਦੀ ਬਹੁਤਾਤ ਦਾ ਇਹ ਹਾਲ ਸੀ ਕਿ ਤਿਲ ਸੁਟਿਆ ਭੁੰਜੇ ਨਹੀਂ ਸੀ ਡਿਗਦਾ ।

ਉਮੀਦੋਂ ਬਾਹਰੀ ਏਸ ਬਹੁਤਾਤ ਦਾ ਇਕ ਵਿਸ਼ੇਸ਼ ਕਾਰਨ ਭੈਣੀ ਵਾਲੇ ਮਹਾਰਾਜ ਦਾ ਉਹੀ ਤੁਰਤ ਫੁਰਤ ਹੁਕਮਨਾਮਾ ਸੀ ਜਿਸ ਨੇ ਸਾਰੇ ਪੰਜਾਬ ਦੀਆਂ ਸੰਗਤਾਂ ਵਿਚ ਕਈ ਕਿਸਮ ਦੀਆਂ ਆਸ਼ੰਕਾਵਾਂ ਪੈਦਾ ਕਰ ਦਿਤੀਆਂ ਸਨ । ਜਦ ਕਿ ਪੰਜਾਬ ਦੀ ਹਕੂਮਤ ਵਲੋਂ ਕੂਕਾ ਸੰਪਰਦਾਇ ਦੇ ਵਿਰੁਧ ਕਾਫੀ ਚਿਰ ਤੋਂ ਸਖਤੀ ਦਾ ਚੱਕਰ ਚਲ ਰਿਹਾ ਸੀ । ਉਸੇ ਚੱਕਰ ਦੇ ਅੰਤਰਗਤ ਪੰਜਾਬ ਸਰਕਾਰ ਨੇ ਆਪਣੇ ਪ੍ਰਮੁਖ ਰਾਜ-ਪ੍ਰਬੰਧਕਾਂ ਮਿਸਟਰ 'ਮੈਕਨਾਬ' ਅਤੇ ਮਿਸਟਰ 'ਮੈਕਨਡਯੂ' ਦੀਆਂ ਰਪੋਟਾਂ ਦੇ ਅਧਾਰ ਤੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਉਤੇ ਭੈਣੀ ਸਾਹਿਬ ਤੋਂ ਬਾਹਰ ਜਾਣ ਦਾ ਪ੍ਰਤੀਬੰਧ ਲਾ ਦਿਤਾ ਤੇ ਐਨ ਉਸ ਵੇਲੇ ਜਦੋਂ ਮੁਕਤਸਰ ਦਾ ਮੇਲਾ ਸ਼ੁਰੂ ਹੋਣ ਵਿਚ ਚਾਰ ਪੰਜ ਦਿਨ ਹੀ ਬਾਕੀ ਸਨ ਤੇ ਇਹੋ ਕਾਰਨ ਸੀ ਕਿ ਤੱਤ ਫੱਟ ਮੇਲੇ ਦਾ ਸਥਾਨ ਪਰਿਵਰਤਨ ਕਰਨਾ ਪਿਆ ।

ਅਜਿਹਾ ਹੁਕਮ ਜਾਰੀ ਕਰਨ ਤੋਂ ਸ਼ਾਇਦ ਪੰਜਾਬ ਦਾ ਇਹ ਮਨਸ਼ਾ ਸੀ ਕਿ ਏਦਾਂ ਕਰਨ ਨਾਲ ਡਰ ਤੇ ਸਹਿਮ ਛਾ ਜਾਏਗਾ । ਜਿਸ ਦੇ ਫਲ ਸਰੂਪ ਨਾਮਧਾਰੀ ਮੇਲੇ ਦੀ ਅਸਫਲਤਾ ਯਕੀਨੀ ਹੋ ਜਾਏਗੀ । ਪਰ ਅਸਰ ਸਗੋਂ ਉਲਟਾ ਹੀ ਹੋਇਆ । ਪਹਿਲਾਂ ਜੋ ਲੋਕੀਂ ਨਿਰਾ ਧਾਰਮਕ ਦੀਵਾਨ ਦੇ ਨਜ਼ਾਰੇ ਲੈਣ ਦੇ ਖਿਆਲੋਂ ਜਾਇਆ ਕਰਦੇ ਸਨ ਤਾਂ ਏਸ ਵੇਰਾਂ ਜਦ ਕਿ ਭੈਣੀ ਸਾਹਿਬ ਉਤੇ ਅੰਗਰੇਜ਼ ਹਕੂਮਤ ਵਲੋਂ ਕਿਸੇ ਅਨਿਸ਼ਟਕਾਰੀ ਦੁਰਘਟਨਾ ਦੀ ਸੰਭਾਵਨਾ ਪੈਦਾ ਹੋ ਗਈ ਸੀ, ਹਰ ਇਕ ਨਾਮਧਾਰੀ ਦੇ ਦਿਲ ਵਿਚ ਆਪਣੇ ਪਿਆਰੇ ਸਤਿਗੁਰੂ ਅਤੇ ਉਸ ਦੀ ਪਾਵਨ ਜਨਮ ਭੂਮੀ ਲਈ ਕੁਰਬਾਨ ਹੋਣ ਦੀਆਂ ਰੀਝਾਂ ਜਾਗ ਉਠੀਆਂ ਸਨ । ਨਤੀਜੇ ਦੇ ਤੌਰ ਤੇ ਜਿਥੇ ਵੀ ਕੋਈ ਹੈ ਸੀ—ਜਿਸ ਵੀ ਹਾਲਤ ਵਿਚ ਸੀ—ਭੈਣੀ ਸਾਹਿਬ ਵਲ ਉਠ ਤੁਰੇ ।

'ਗਗੜਪੁਰ' ਵਾਲਾ ਜਥਾ ਜਿਸਨੂੰ ਆਮ ਤੌਰ ਤੇ 'ਮਸਤਾਨਿਆਂ' ਜਾਂ 'ਸ਼ਹੀਦਾਂ' ਦਾ ਜਥਾ ਕਹਿ ਕੇ ਪੁਕਾਰਿਆ ਜਾਂਦਾ ਸੀ—ਜਦ ਭੈਣੀ ਸਾਹਿਬ ਪੁੱਜਾ ਤਾਂ ਭੀੜ ਦਾ ਇਹ ਹਾਲ ਸੀ ਕਿ ਇਸਦੇ ਜਥੇਦਾਰ ਬਾਬਾ ਬਿਸ਼ਨ ਸਿੰਘ ਕਾਬਲੀ ਨੂੰ ਗੁਰਦੁਆਰਾ ਸਾਹਿਬ ਤੋਂ ਦੋ ਢਾਈ ਸੌ ਗਜ਼ ਦੀ ਦੂਰੀ ਉਤੇ, ਅਕਾਲ ਬੁੰਗੇ ਦੇ ਖੂਹ ਪਾਸ ਉਤਾਰਾ ਕਰਨਾ ਪਿਆ ।

ਭੈਣੀ ਸਾਹਿਬ ਦੀ ਧਰਤੀ ਉਤੇ ਸੇਵਾ, ਸਤਸੰਗ, ਸਿਮਰਨ, ਕਥਾ, ਕੀਰਤਨ ਅਤੇ ਦੇਸ਼ ਭਗਤੀ ਦਾ ਅਰੁਕਵਾਂ ਪ੍ਰਵਾਹ ਚਲ ਰਿਹਾ ਸੀ । ਜਿਥੇ ਤੀਕ ਨਜ਼ਰ ਜਾਂਦੀ ਸਤ-ਸੰਗੀਆਂ ਤੋਂ ਛੁਟ ਹੋਰ ਨਹੀਂ ਸੀ ਦਿਖਾਈ ਦੇ ਰਿਹਾ । ਇਕ ਸਚਖੰਡੀ ਨਜ਼ਾਰਾ ਸੀ । ਹਰ ਇਲਾਕੇ ਦੀਆਂ ਸੰਗਤਾਂ ਨੇ ਥਾਓਂ ਥਾਈਂ ਆਪੋ ਆਪਣੇ ਜਥਿਆਂ ਦੀ ਰੌਣਕ ਲਾਈ ਹੋਈ ਸੀ । ਪਰ ਗਗੜਪੁਰ ਦਾ ਜਥਾ ਸਭ ਤੋਂ ਬਾਜ਼ੀ ਲੈ ਗਿਆ । ਅਕਾਲ ਬੁੰਗੇ ਦੇ ਖੂਹ ਦਾ ਆਲਾ ਦੁਆਲਾ ਦੂਰ ਤਕ ਸਤਸੰਗੀਆਂ ਨਾਲ ਅਟਿਆ ਦਿਖਾਈ ਦੇ ਰਿਹਾ ਸੀ ।



Sri Satguru Jagjit Singh Ji eLibrary NamdhariElibrary@gmail.com

ਜਨਵਰੀ ਦੀ ੧੨ ਤਰੀਕ ਤੇ ਸ਼ੁਕਰਵਾਰ ਦਾ ਅੰਮ੍ਰਿਤ ਵੇਲਾ। ਅਜ ਮਾਘੀ ਦਾ ਪੁਰਬ ਸੀ। ਅੱਧੀ ਰਾਤ ਤੋਂ ਭੈਣੀ ਸਾਹਿਬ ਦਾ ਵਾਤਾਵਰਨ ਮਧੁਰ ਤੇ ਸੰਗੀਤ ਮਈ ਕੀਰਤਨ ਨਾਲ ਗੂੰਜ ਰਿਹਾ ਸੀ। ਮਹਾਰਾਜ ਨੇ ਗੁਰਦੁਆਰੇ ਲਾਗਲੇ ਵਿਸ਼ਾਲ ਮੰਡਪ ਵਿਚ ਪਧਾਰ ਕੇ ਸੰਗਤਾਂ ਨੂੰ ਨਿਹਾਲ ਕਰਨਾ ਹੈ, ਇਸ ਲਈ ਸਤਸੰਗਾਂ ਦੀ ਸਮਾਪਤੀ ਅਜ ਕੁਝ ਸਵਖਤੇ ਹੀ ਹੋਣੀ ਨਿਸਚਿਤ ਸੀ।

ਸ਼ਹੀਦ ਬੁੰਗੇ ਵਾਲੇ ਸਤਸੰਗ ਵਿਚ ਜਿਸ ਨੇ ਸਭ ਤੋਂ ਬਹੁਤੀ ਥਾਂ ਮੱਲੀ। ਆਸਾ ਦੀ ਵਾਰ ਦੀ ਸਮਾਪਤੀ ਹੋਣ ਵਾਲੀ ਸੀ। ਕੀਰਤਨੀਏਂ ਸੱਜਣ ਆਨੰਦ ਵਿਭੋਰ ਹੋ ਕੇ ਉਚਾਰ ਰਹੇ ਸਨ—

ਆਪੇ ਸਾਜੇ ਕਰੇ ਆਪਿ
ਜਾਇ ਭਿ ਰਖੈ ਆਪਿ।
ਤਿਸੁ ਵਿਚਿ ਜੰਤ ਉਪਾਇ ਕੈ
ਦੇਖੈ ਥਾਪਿ ਉਥਾਪਿ...॥

"ਸੋ ਕਰੇ ਜਿ ਤਿਸੈ ਰਜਾਇ" ਉਚਾਰਨ ਦੇ ਨਾਲ ਸਭਨਾਂ ਦੇ ਸਿਰ ਝੁਕਣ ਤੋਂ ਬਾਦ ਮੁੜ ਜਦ ਉਤਾਂਹ ਉਠੇ ਤਾਂ ਸਭਨਾਂ ਦੀਆਂ ਨਜ਼ਰਾਂ ਉਸ ਪਾਸੇ ਵੱਲ ਮੁੜ ਗਈਆਂ ਜਿਥੇ ਜੋੜੇ ਉਤਾਰੇ ਜਾਂਦੇ ਸਨ। ਅਖਾਂ ਤੋਂ ਛੁਟ ਕੰਨਾਂ ਦਾ ਰੁਝਾਨ ਵੀ ਉਸ ਬੰਨੇ ਹੋਈ ਹੋਇਆ ਜਦ ਡਾਢੀ ਹੀ ਦਰਦ ਭਿੱਜੀ ਤੇ ਕਰੁਣਾਂ ਜਨਕ ਆਵਾਜ਼ ਵਿਚ ਸੁਣਾਈ ਦਿਤਾ—

'ਸਾਧ ਸੰਗਤ ਜੀ, ਦਾਸ ਇਕ ਫ਼ਰਿਆਦ ਲੈ ਕੇ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹੈ। ਦੁਹਾਈ ਹੈ ਗੁਰੂ ਪੰਥ ਦੀ......।" ਤੇ ਬੋਲਣ ਵਾਲੇ ਦੀ ਆਵਾਜ਼ ਰੁਕ ਗਈ। ਸ਼ਾਇਦ ਅੰਦਰਲੇ ਕਿਸੇ ਮਨੋ ਵੇਗ ਕਰਕੇ ਜਾਂ ਸ਼ਾਇਦ ਹੰਝੂਆਂ ਦੇ ਉਮਡੇ ਆ ਰਹੇ ਪ੍ਰਵਾਹ ਦੀ ਵਜ੍ਹਾ ਕਰਕੇ।

ਸਮੁਚੀ ਸੰਗਤ ਦੀਆਂ ਅੱਖਾਂ ਆਗੰਤੁਕ ਉਤੇ ਕੇਂਦਰਿਤ ਸਨ। ਡਾਢਾ ਹੀ ਹਾਲੋਂ ਬੇਹਾਲ। ਜਿਵੇਂ ਦੰਮ ਤੋੜ ਰਿਹਾ ਹੋਵੇ। ਅਥਰੂ ਵਗ ਵਗ ਕੇ ਉਸਦੀ ਸੰਘਣੀ ਦਾੜ੍ਹੀ ਵਿਚ ਅਲੋਪ ਹੋਈ ਜਾ ਰਹੇ ਸਨ। ਬੁਲ੍ਹ ਉਸ ਦੇ ਪਏ ਫਰਕਦੇ ਸਨ, ਪਰ ਬੋਲਣ ਤੋਂ ਆਕੀ ਜਾਪਦਾ ਸੀ।

ਵੇਖਣ ਵਾਲਿਆਂ ਵਿਚੋਂ ਕਈਆਂ ਨੇ ਉਸ ਸਜਣ ਨੂੰ ਪਛਾਣ ਲਿਆ ਸੀ ਅਤੇ ਦੂਸਰਿਆਂ ਨੂੰ ਦਸ ਰਹੇ ਸਨ—'ਇਹ ਤਾਂ ਪਿੰਡ ਫਰਵਾਹੀ (ਰਿਆਸਤ ਮਲੇਰਕੋਟਲਾ) ਦਾ 'ਗੁਰਮੁਖ ਸਿੰਘ' ਹੈ।

ਗੁਰਮੁਖ ਸਿੰਘ ਹੀ ਸੀ ਇਹ, ਜਿਹੜਾ ਰਾਤੋ ਰਾਤ ਇਕ ਲੰਮਾ ਸਫਰ ਝਾਗ ਕੇ ਬਹੁਤ ਬੁਰੇ ਹਾਲੀਂ ਇਥੇ ਤਕ ਪਹੁੰਚਿਆ ਸੀ। ਬੜੇ ਆਦਰ ਨਾਲ ਉਸਨੂੰ ਲਿਆ ਕੇ ਸੰਗਤ ਵਿਚ ਬਿਠਾ ਲਿਆ। ਅਰਦਾਸਾ ਹੋ ਚੁਕਣ ਤੋਂ ਬਾਦ ਜਦ ਉਸਨੇ ਆਪਣੀ ਵਿਥਿਆ ਸੁਨਾਣੀ ਸ਼ੁਰੂ ਕੀਤੀ ਤਾਂ ਸੁਣਨ ਵਾਲਿਆਂ ਦੀਆਂ ਅਖਾਂ ਵਿਚ ਖੂੰਨ ਹੀ ਤਾਂ ਉਤਰ ਆਇਆ।

ਭਾਈ ਗੁਰਮੁਖ ਸਿੰਘ ਨੇ ਆਪਣੀ ਹੱਡ ਬੀਤੀ ਦਾ ਆਰੰਭ ਇਕ ਬੁਢੇ, ਬੀਮਾਰ ਅਤੇ ਮਰੀਅਲ ਬੋਲਦ ਤੋਂ ਕੀਤਾ। ਜਿਸ ਬਾਰੇ ਉਸ ਦਸਿਆ ਕਿ ਮਲੇਰ ਕੋਟਲੇ ਦੇ ਇਕ ਬਜ਼ਾਰ ਵਿਚ ਜਾਂਦਿਆਂ ਉਸ ਵੇਖਿਆ ਕਿ ਇਕ ਭੁੰਜੜਾ ਉਸ ਬੋਲਦ ਉਤੇ ਇਤਨਾਂ ਭਾਰ ਲੱਦੀ ਲੈ ਜਾ ਰਿਹਾ ਸੀ। ਸਿਤਮ ਜ਼ਰੀਫੀ ਇਹ ਕਿ ਉਹ ਬੰਦਾ ਆਪ ਵੀ ਬੋਲਦ ਉਤੇ ਸਵਾਰ ਸੀ। ਗੁਰਮੁਖ ਸਿੰਘ ਦੇ ਇਤਨਾ ਕਹਿਣ ਤੇ ਕਿ 'ਭਲਿਆ ਲੋਕਾਂ ਉਹ ਵਿਚਾਰਾ ਤਾਂ ਅਗੇ ਹੀ ਮੋਇਆ ਪਿਆ ਹੈ ਤੇ ਤੂੰ ਮੋਏ ਨੂੰ ਮਾਰ ਕੇ ਸ਼ਾਹ ਮਦਾਰ ਬਣ ਜਾਏਂਗਾ?' ਤਦ ਕੁੰਜੜਾ ਉਲਟਾ ਉਸ ਦੇ ਗਲ ਪੈ ਗਿਆ। ਇਥੋਂ ਤਕ ਕਿ ਉਸਨੂੰ ਫੜ ਕੇ ਕਾਜ਼ੀ ਪਾਸ ਲੈ ਗਿਆ ਕਿ ਇਸ ਨੇ ਮੇਰੀ ਹੱਤਕ ਕੀਤੀ ਹੈ। ਅਗੋਂ ਕਾਜ਼ੀ ਨੇ 'ਚਾਚਾ ਚੋਰ ਭਤੀਜਾ ਕਾਜ਼ੀ' ਵਾਲਾ ਸਲੂਕ ਕਰਦਿਆਂ ਉਲਟਾ ਉਸਨੂੰ ਦੋਸ਼ੀ ਠਹਿਰਾਇਆ ਭੇ ਭਾਈ ਗੁਰਮੁਖ ਸਿੰਘ ਨੂੰ ਏਸ 'ਜੁਰਮ' ਦੀ ਸਜ਼ਾ ਦੇਣ ਦੇ ਤੌਰ ਤੇ ਬੋਲਦ ਨੂੰ ਉਸਦੀਆਂ ਅੱਖਾਂ ਸਾਹਵੇਂ ਜ਼ਬਹ ਕਰਵਾ ਦਿਤਾ ਗਿਆ।

ਭਾਈ ਗੁਰਮੁਖ ਸਿੰਘ ਦੀ ਇਸ ਕਰੁਣ ਕਥਾ ਨੇ ਇਕ ਵਾਰ ਤਾਂ ਸਭਨਾਂ ਦਿਲਾਂ ਵਿਚ ਭਾਂਬੜ ਮਚਾ ਦਿਤੇ ਤੇ ਪਲ ਦੀ ਪਲ ਵਿਚ ਮਸਤਾਨਿਆਂ ਦਾ ਸਮੁਚਾ ਜਥਾ ਗਊ ਹੱਤਿਆ ਦਾ ਬਦਲਾ ਲੈਣ ਲਈ ਮਲੇਰਕੋਟਲੇ ਜਾਣ ਲਈ ਤਿਆਰ ਹੋ ਖੜੋਤਾ।

ਸ਼ਹੀਦੀ ਜਥੇ ਦੇ ਜੋਸ਼ ਨੂੰ ਓੜਕ ਦੀ ਟੀਸੀ ਤੇ ਪਹੁੰਚਾਣ ਵਿਚ ਜੇ ਅਜੇ ਵੀ ਕੁਝ ਕਸਰ ਬਾਕੀ ਸੀ ਤਾਂ ਉਸ ਨੂੰ ਪੂਰਿਆਂ ਕਰ ਦਿਤਾ ਪਿੰਡ ਹੰਡਿਆਏ ਦੀ ਇਕ ਬੀਬੀ 'ਇੰਦਰ ਕੌਰ' ਨੇ, ਜਿਸ ਨੇ ਆ ਵੇਖਿਆ ਨਾ ਤਾ ਤੇ ਤੁਰਤ ਕੋਠੇ ਚੜ੍ਹਕੇ, ਆਪਣੇ ਦੁਪੱਟੇ ਨੂੰ ਹਵਾ ਵਿਚ ਹਿਲਾਂਦੀ ਹੋਈ ਕੜਕ ਉਠੀ—

"ਗਊ ਗਰੀਬ ਦੀ ਰੱਖਿਆ ਕਰਨ ਦੇ ਦਾਹਵੇਦਾਰੋ, ਆਓ ਜਿਸ ਕਿਸੇ ਨੇ ਗਊ ਰੱਖਿਆ ਲਈ ਸੀਸ ਦੇਣਾ ਹੈ।"

ਫੇਰ ਕੀ ਸੀ, ਵੇਖਦਿਆਂ ਹੀ ਵੇਖਦਿਆਂ ਸਰ-ਫ਼ਰੋਸ਼ਾਂ ਦੀ ਇਕ ਤਕੜੀ ਜਮਾਤ ਮਲੇਰਕੋਟਲੇ ਵਲ ਚਾਲੇ ਪਾਣ



Sri Satguru Jagjit Singh Ji eLibrary NamdhariElibrary@gmail.com

ਲਈ ਲੱਕ ਬੰਨ੍ਹ ਕੇ ਤਿਆਰ ਹੋ ਖੜੋਤੀ।

ਏਧਰ ਕਮਰਕੱਸੇ ਹੋ ਰਹੇ ਸਨ, ਓਧਰ ਰੇਠੜਿਆਂ ਦੀਆਂ ਛਿੱਲਾਂ ਦੀ ਘੋਟੀ ਸ਼ਰਦਾਈ ਦੀਆਂ ਕਈ ਬਾਲਟੀਆਂ ਆ ਗਈਆਂ। ਨਾਲ ਹੀ ਪੁਕਾਰ ਹੋਈ—

'ਖ਼ਾਲਸਾ ਜੀ ! ਜਿਸ ਜਿਸ ਨੇ ਸ਼ਹੀਦੀ ਪ੍ਰਾਪਤ ਕਰਨ ਲਈ ਮਲੇਰ ਕੋਟਲੇ ਜਾਣ ਵਾਲੇ ਜਥੇ ਵਿਚ ਸ਼ਾਮਲ ਹੋਣਾ ਹੈ, ਉਹ ਏਸ ਕੌੜੀ ਸ਼ਰਦਾਈ ਨੂੰ ਚੱਖਣ ਲਈ ਅਗਾਂਹ ਆਵੇ।'

ਪੁਕਾਰ ਹੋਣ ਦੀ ਦੇਰ ਸੀ ਕਿ ਮੌਤ ਮਤਵਾਲਿਆਂ ਨੇ ਆ ਕੇ ਬਾਲਟੀਆਂ ਨੂੰ ਘੇਰ ਲਿਆ ਤੇ ਵੇਖਦਿਆਂ ਹੀ ਬਾਲਟੀਆਂ ਖਾਲੀ ਹੋ ਗਈਆਂ। ਗੋਇਆ ਮੌਤ ਦੀ ਪ੍ਰਤੀਕ ਇਹ ਕੁੜੱਤਣ ਓਹਨਾਂ ਲਈ ਇਕ ਕਿਸਮ ਦੀ ਚੁਣੌਤੀ ਹੀ ਸੀ ਜਿਸਨੂੰ ਬਿਨਾਂ ਮੂੰਹ ਬਿਚਕਾਇਆਂ ਚਾਰ ਮਗਜ਼ ਤੇ ਬਦਾਮਾਂ ਦੀ ਸਰਦਾਈ ਵਾਂਗ ਗਟਾ ਗਟ ਪੀ ਕੇ ਉਹਨਾਂ ਨੇ ਮੌਤ ਦੇ ਚੈਲੰਜ ਨੂੰ ਕਬੂਲਿਆ।

ਏਸ ਕੰਮੋਂ ਵੇਹਲਿਆਂ ਹੋ ਕੇ ਅਰਦਾਸਾ ਸੋਧਿਆ ਗਿਆ। ਜਿਸ ਵਿਚ ਖਾਸ ਤੌਰ ਤੇ ਇਹ ਵਾਕ ਸ਼ਾਮਲ ਸਨ—

"......ਹੇ ਸਤਿਗੁਰ ਸਚੇ ਪਾਤਸ਼ਾਹ ! ਤੇਰੇ ਸੇਵਕਾਂ ਦਾ ਜਥਾ ਅਜ ਤੇਰੇ ਓਸ ਫ਼ਰਮਾਨ ਦੀ ਪਾਲਨਾਂ ਲਈ ਕਮਰਕੱਸੇ ਕਰਨ ਲਗਾ ਹੈ, ਜੇਹੜਾ ਤੂੰ ਅਨੰਦਪੁਰ ਵਿਚ ਹੁੰਦਿਆਂ ਇਕ ਦਿਨ ਫ਼ਰਮਾਇਆ ਸੀ ਕਿ 'ਜਬ ਆਵ ਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ। ਹੇ ਵਾਲੀ ਦੋ ਜਹਾਨ ! ਆਪਣੇ ਬਿਰਦ ਬਾਣੇ ਦੀ ਲਾਜ ਰਖਣੀ ਤੇ ਸੇਵਕਾਂ ਨੂੰ ਬਲ ਬਖਸ਼ਣਾ ਜੋ 'ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤੁ'......।' ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।"

੧੨ ਜਨਵਰੀ (੧੮੭੨) ਦਾ ਪੋਹ ਫੁਟਾਲਾ ਮਾਘੀ ਅਰਥਾਤ ਮਾਘ ਦੀ ਸੰਗਰਾਂਦ ਦਾ ਸੰਦੇਸ਼ ਲੈ ਕੇ ਉਦੇਮਾਨ ਹੋਇਆ। ਦੂਰ ਦਰਾਜ਼ ਤੋਂ ਆਈਆਂ ਸੰਗਤਾਂ ਨੇ ਰਾਤ ਦੇ ਚਾਰੇ ਪਹਿਰ ਕੀਰਤਨ ਅਤੇ ਭਜਨ ਸਿਮਰਨ ਯੁਕਤ ਜਗਰਾਤੇ ਵਿਚ ਬਿਤਾਏ ਸਨ। ਗੁਰਦਵਾਰਾ ਭੈਣੀ ਸਾਹਿਬ ਮੁਹਰਲਾ ਦੀਵਾਨ ਅਸਥਾਨ ਭਾਵੇਂ ਕਾਫੀ ਵਡਾ ਸੀ ਪਰ ਇਤਨਾ ਵਡਾ ਨਹੀਂ ਕਿ ਸਾਰੀਆਂ ਸੰਗਤਾਂ ਉਸ ਵਿਚ ਸਮਾ ਸਕਦੀਆਂ। ਜਿਸ ਕਰਕੇ ਕੇਂਦਰੀ ਪੰਡਾਲ ਤੋਂ ਛੁਟ ਦੂਸਰੇ ਕਈ ਛੋਟੇ ਵਡੇ ਸ਼ਾਮਿਅਨਿਆ ਹੇਠ ਵੀ ਜਗਰਾਤੇ ਦਾ ਕਾਰਜ ਕ੍ਰਮ ਚਲਦਾ ਰਿਹਾ ਸੀ। ਪਰ ਮਾਘ ਮਹੀਨੇ ਦਾ ਪਾਠ (ਬਾਰਾਂ ਮਾਂਹ ਵਿਚੋਂ) ਸ਼ਿਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਉਚਾਰਿਆ ਜਾਣਾ ਸੀ, ਜਿਸ ਕਰਕੇ ਨਿਸਚਿਤ ਸਮੇਂ ਸਾਰੇ ਮੰਡਪਾਂ ਦੀਆਂ ਸੰਗਤਾਂ ਇਸੇ ਕੇਂਦਰੀ ਪੰਡਾਲ ਵਲ ਉਲਰ ਆਈਆਂ। ਭੀੜ ਹੱਦੋਂ ਬਾਹਰੀ ਹੋਣ ਕਰਕੇ ਸ਼ਾਮਿਆਨੇ ਦੁਆਲਿਓਂ ਕਨਾਤਾਂ ਹਟਾ ਦਿਤੀਆਂ ਗਈਆਂ ਸਨ।

ਦੂਰ ਤਕ ਸੰਗਤਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਖਾਸ ਕਰਕੇ ਓਦੋਂ ਤਾਂ ਭੀੜ ਦਾ ਕੋਈ ਪਾਰਾਵਾਰ ਹੀ ਨਾ ਰਿਹਾ ਜਦ ਚੀਨੀ ਵਾਲ ਮਹਾਰਾਜ ਪਧਾਰੇ ਤੇ ਫੇ ਜਦ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਮਾਘਿ ਮਜਨੁ ਸੰਗਿ ਸਾਧੂਆ...... । ਮਹਾਂ ਵਾਕ ਦਾ ਆਰੰਭ ਕੀਤਾ ਤਾਂ ਠਾਠਾਂ ਮਾਰਦਾ ਸਮੁੰਦਰ ਇੰਜ ਸ਼ਾਂਤ ਤੇ ਸਥਿਰ ਹੋ ਗਿਆ ਕਿ ਚਿੜੀ ਤਕ ਚੂਹਕਣ ਦੀ ਆਵਾਜ਼ ਸੁਣਾਈ ਦੇਵੇ।

ਮਾਘਿ ਸੁਚੇ ਸੇ ਕਾਂਢੀਅਹਿ
ਜਿਨ ਪੂਰਾ ਗੁਰ ਮਿਹਰਵਾਨੁ

ਤੁਕ ਨਾਲ ਸ਼ਬਦ ਦੀ ਸਮਾਪਤੀ ਹੋਈ ਤੇ ਹਜ਼ਾਰਾਂ ਸ਼ਰਧਾਲੂਆਂ ਦੇ ਸੀਸ ਝੁਕ ਗਏ।

ਜਿਉਂ ਹੀ 'ਮਹੀਨਾ' ਸੁਣਾਏ ਜਾਣ ਦਾ ਕਾਰਜ ਸਮਾਪਤ ਹੋਇਆ ਕਿ ਸਿੰਘਾਸਨ ਉਤੇ ਬਿਰਾਜੇ ਹੋਏ ਮਹਾਰਾਜ ਉਠ ਖੜੋਤੇ ਅਤੇ ਕਾਹਲੇ ਕਾਹਲੇ ਕਦਮੀਂ ਸਾਏਬਾਨ ਤੋਂ ਬਾਹਰ ਨਿਕਲ ਤੁਰੇ।

ਮਹਾਰਾਜ ਦੀ ਇਸ ਅਨੋਖੀ ਕ੍ਰਿਆ ਨੇ ਸੰਗਤਾਂ ਨੂੰ ਅਸਚਰਜ ਵਿਚ ਡੋਬ ਦਿਤਾ। ਅਜੇ ਤਾਂ ਉਹਨਾਂ ਨੇ ਸੰਬੋਧਨ ਕਰਕੇ ਹੋਰ ਬੜਾ ਕੁਝ ਉਚਾਰਨਾ ਸੀ, ਪਰ ਪੁਛਣ ਦਾ ਸਾਹਸ ਕਿਸੇ ਨੂੰ ਨਹੀਂ ਹੋਇਆ। ਮਾਤਰ ਇਤਨਾ ਹੀ ਪਤਾ ਲਗ ਸਕਿਆ ਕਿ ਜਿਸ ਵੇਲੇ ਮਹਾਰਾਜ 'ਮਹੀਨਾ' ਸੁਣਾ ਰਹੇ ਸਨ, ਕਿਸੇ ਪਰੇਮੀ ਨੇ ਬਾਹਰੋਂ ਆਕੇ ਉਹਨਾਂ ਦੇ ਕੰਨ ਵਿਚ ਕੁਝ ਆਖਿਆ ਸੀ, ਬਸ।

ਅੱਗੇ ਅੱਗੇ ਮਹਾਰਾਜ ਤੇ ਪਿੱਛੇ ਪਿੱਛੇ ਸੰਗਤਾਂ ਦੀ ਵਹੀਰ। ਸ਼ਹੀਦ ਬੁੰਗੇ ਵਾਲੇ ਖੂਹ ਪਾਸ ਜਾਕੇ ਠੱਲ੍ਹ ਪਿਆ।

ਗੱਗੜਪੁਰ ਦਾ ਜੱਥਾ ਉਦੋਂ ਤਕ ਬਿਸਤਰੇ ਆਦਿ ਬੰਨ੍ਹ ਕੇ ਚਾਲੇ ਪਾਣ ਲਈ ਸੰਭਿਆ ਸਿਕਰਿਆ ਹੋਇਆ ਸੀ। ਕੁਝ ਸਾਮਾਨ ਗੱਡਿਆ ਉਤੇ ਲੱਦਿਆ ਜਾ ਚੁਕਾ ਸੀ ਤੇ ਬਾਕੀ ਲੱਦਿਆ ਜਾ ਰਿਹਾ ਸੀ। ਤੇ ਇਹਨਾਂ ਕ੍ਰਿਆਵਾਂ ਦੇ ਨਾਲ ਨਾਲ ਸਭੇ ਇਕੋ ਸੁਰਤਾਲ ਵਿਚ, ਇਕੋ ਤੁਕ ਨੂੰ ਪੂਰੀ ਮਸਤੀ ਵਿਚ ਗਾਈ ਜਾ ਰਹੇ ਸਨ—



Sri Satguru Jagjit Singh Ji eLibrary NamdhariElibrary@gmail.com

"ਸਿਰ ਜਾਏ ਤਾਂ ਜਾਏ, ਮੇਰਾ ਸਿਖੀ ਸਿਦਕ ਨਾ ਜਾਏ"

ਸਾਹਮਣਿਓਂ ਮਹਾਰਾਜ ਨੂੰ ਪਧਾਰਦਿਆਂ ਤੱਕ ਕੇ ਸਭਨਾਂ ਨੂੰ ਹਥਲਾ ਕੰਮ ਭੁੱਲ ਗਿਆ। ਸਭੇ ਮਹਾਰਾਜ ਦੇ ਚਰਨਾਂ ਉਤੇ ਜਾ ਢਹੇ।

ਇਸ ਤੋਂ ਬਾਅਦ ਪਰਵਾਰ ਵਿਚ ਘਿਰੇ ਚੰਦਰਮਾ ਵਾਂਗ ਮਹਾਰਾਜ ਗੰਗੜਪੁਰ ਦੇ ਸਿੰਘਾਂ ਵਿਚਾਲੇ ਘਿਰੇ ਹੋਏ ਸਨ ਅਤੇ ਇਕ ਲੰਮਾ ਵਿਵਾਦ ਚਲ ਰਿਹਾ ਸੀ। ਬੇ-ਪਨਾਹ ਸੰਗਤਾਂ ਉਨ੍ਹਾਂ ਦੇ ਆਲੇ-ਦੁਆਲੇ ਸਾਹ ਰੋਕੀ ਖੜ੍ਹੀਆਂ ਸਨ... ਏਸ ਅਚੰਭਿਤ ਰਹੱਸ ਨੂੰ ਸਮਝਣ ਲਈ। ਇਸ ਵੇਲੇ ਮਹਾਰਾਜ ਨੇ ਗੰਗੜਪੁਰ ਜਥੇ ਦੇ ਕੁਝ ਮੁਖੀਆਂ ਨੂੰ ਖਾਸ ਤੌਰ ਤੇ ਆਪਣੇ ਲਾਗੇ ਬਿਠਾਇਆ ਸੀ ਜਿਨ੍ਹਾਂ ਵਿਚ ਦੋ ਤਿੰਨ ਬੀਬੀਆਂ ਵੀ ਹੈ ਸਨ।

ਸਭ ਤੋਂ ਪਹਿਲਾ ਪ੍ਰਸ਼ਨ ਬਾਬਾ ਬਿਸ਼ਨ ਸਿੰਘ ਕਾਬਲੀ ਉਤੇ ਹੋਇਆ—

"ਕਿਉਂ ਗੁਰੂ ਕੇ ਲਾਲ! ਇਹ ਕਿਧਰ ਨੂੰ ਚਾਲੇ ਪਾ ਰਹੇ ਜੇ?"

"ਸੱਚੇ ਪਾਤਸ਼ਾਹੋ!" ਗਲ ਵਿਚ ਪੱਲਾ ਪਾਕੇ ਕਾਬਲੀ ਹੋਰਾਂ ਅਰਜ਼ ਕੀਤੀ—"ਆਪ ਜਾਣੀ ਜਾਣ ਹੋ।" ਤੇ ਫੇਰ ਉਸ ਨੇ ਵੇਰਵੇ ਨਾਲ ਉਹ ਸਾਰਾ ਕੁਝ ਦੱਸਣਾ ਸ਼ੁਰੂ ਕੀਤਾ, ਜਿਸ ਦਾ ਸੰਬੰਧ ਏਸ ਕੂਚ ਤਿਆਰੀ ਨਾਲ ਸੀ।

ਸੁਣਕੇ ਥੋੜ੍ਹੀ ਦੇਰ ਤਕ ਮਹਾਰਾਜ ਮੌਨ ਰਹੇ। ਫੇਰ ਬੋਲੇ—

"ਤੁਸਾਂ ਦਾ ਇਹ ਉੱਦਮ ਸ਼ਲਾਘਾਯੋਗ ਹੈ। ਪਰ ਤੁਸੀਂ ਵਕਤ ਤੋਂ ਕੁਝ ਅਗੇਤਰਾ ਹੀ ਲਗੇ ਜੇ ਇਹ ਕਦਮ ਪੁਟਣ। ਤੁਹਾਡੇ ਵਿਚੋਂ ਕੌਣ ਨਹੀਂ ਜਾਣਦਾ ਕਿ ਅੰਗਰੇਜ਼ ਸਾਰਾ ਜ਼ੋਰ ਇਸ ਵੇਲੇ ਨਾਮਧਾਰੀ ਪੰਥ ਨੂੰ ਕੁਚਲਣ ਲਈ ਲਾ ਰਹੇ ਨੇ। ਸੋ ਮੇਰੇ ਆਖੇ ਲਗੋ ਤਾਂ ਹਾਲੇ ਕੁਝ ਸਮੇਂ ਲਈ......।"

ਮਹਾਰਾਜ ਨੇ ਆਪਣੇ ਬਚਨ ਨੂੰ ਸਮਾਪਤ ਵੀ ਨਹੀਂ ਸਨ ਕਰ ਪਾਏ ਕਿ ਲਾਗਿਓਂ ਦਿਆਲਗੜ੍ਹ ਵਾਲਾ ਭਾਈ ਭੂਪ ਸਿੰਘ ਹੱਥ-ਬੱਧੀ ਬੋਲ ਉਠਿਆ—

"ਦਾਤਾ ਜੀ, ਅਪਰਾਧ ਖਿਮਾ ਕਰਨਾ, ਜੇਹੜੀ ਹਜ਼ੂਰ ਨੇ ਬੋਲਦ ਨੂੰ ਮਾਰਨ ਵਾਲੀ ਵਾਰਤਾ ਸੁਣੀ ਹੈ ਇਹ ਕੋਈ ਨਵੀਂ ਨਹੀਂ। ਇਸ ਤੋਂ ਪਹਿਲਾਂ ਵੀ ਤਾਂ ਅੰਮ੍ਰਿਤਸਰ, ਰਾਇਕੋਟ ਅਤੇ ਹੋਰ ਕਈ ਥਾਈਂ ਇਸ ਕਿਸਮ ਦੇ ਉਪੱਦਰ ਹੋ ਚੁਕੇ ਨੇ, ਜਿਨ੍ਹਾਂ ਨੂੰ ਰੋਕਣ ਬਦਲੇ ਸਾਡੇ ਕਈਆਂ ਵੀਰਾਂ ਨੂੰ ਬਿੱਲਿਆਂ ਨੇ ਫ਼ਾਂਸੀ ਲਟਕਾ ਦਿਤਾ। ਮਹਾਰਾਜ ਨੇ ਠੀਕ ਹੀ ਫਰਮਾਇਆ ਏ ਕਿ ਅਜੇ ਇਜੇਹੀ ਮੁਹਿੰਮ ਸ਼ੁਰੂ ਕਰਨ ਦਾ ਸਮਾਂ ਨਹੀਂ। ਪਰ ਮੇਰੇ ਵਾਲੀ, "ਜਬੈ ਬਾਣ ਲਾਗੈ ਤਬੈ ਰੋਸ ਜਾਗੈ।"

ਮਹਾਰਾਜ ਨੇ ਥਾਪੀ ਦਿਤੀ ਭਾਈ ਭੂਪ ਸਿੰਘ ਨੂੰ—

"ਗੁਰੂ ਕੇ ਲਾਲ! ਤੁਹਾਡੇ ਏਸ ਉਦਗਾਰਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਏ ਥੋੜ੍ਹੀ ਹੈ। ਪਰ ਤੁਹਾਨੂੰ ਭੁਲਣਾ ਨਹੀਂ ਚਾਹੀਦਾ ਕਿ ਸਭੇ ਕੰਮ ਜਥੇਬੰਦੀ ਦੀ ਬਰਕਤ ਨਾਲ ਹੀ ਨੇਪਰੇ ਚੜ੍ਹ ਸਕਦੇ ਨੇ। ਇਸ ਵੇਲੇ ਜਿਸ ਮੁਹਿੰਮ ਉਤੇ ਜਾਣ ਦੀਆਂ ਤੁਸੀਂ ਤਿਆਰੀਆਂ ਕਰ ਰਹੇ ਹੋ ਲਗਪਗ ਇਹੋ ਮੁਹਿੰਮ, ਅਰਥਾਤ ਅੰਗਰੇਜ਼ੀ ਹਕੂਮਤ ਦਾ ਖੁਰਾ ਖੋਜ ਮਿਟਾਣਾ ਸਾਡਾ ਸਭਨਾਂ ਦਾ ਮੁਖ ਨਿਸ਼ਾਨਾ ਹੈ। ਜਿਸ ਉਤੇ ਪਹੁੰਚਣ ਲਈ ਹਾਲੇ ਬਹੁਤ ਸਾਰੇ ਸਮੇਂ ਦੀ ਲੋੜ ਹੈ ਬਹੁਤ ਕੁਝ ਸੋਚਣ ਸਮਝਣ ਦੀ ਲੋੜ ਹੈ। ਏਨਾ ਕਾਹਲੀ ਵਿਚ ਚੁਕਿਆ ਹੋਇਆ ਕਦਮ ਕਈ ਵੇਰ ਉਲਟਾ ਨਵੀਆਂ ਉਲਝਣਾਂ ਪੈਦਾ ਕਰ ਦੇਂਦਾ ਹੈ।"

ਇਸ ਤੋਂ ਬਾਦ ਚੋਖੇ ਚਿਰ ਤਕ ਪ੍ਰਸ਼ਨ ਉਤਰਾਂ ਦਾ ਇਹ ਸਿਲਸਲਾ ਜਾਰੀ ਰਿਹਾ। ਮਹਾਰਾਜ ਨੇ ਜਥ ਨੂੰ ਰੋਕਣ ਲਈ ਦਲੀਲਾਂ ਪ੍ਰਮਾਣ ਦੇ ਆਧਾਰ ਤੇ ਬਹੁਤ ਕੁਝ ਸਮਝਾਇਆ ਪਰ ਗੱਲ ਉਥੇ ਦੀ ਉਥੇ ਹੀ ਅੜੀ ਰਹੀ। ਛੇਕੜ ਜੇ ਏਸ ਵਾਦ ਵਿਵਾਦ ਦਾ ਅੰਤ ਹੋਇਆ ਤਾਂ ਇਕ ਤੀਵੀਂ ਦੀ ਅਰਜ਼ੋਈ ਉਤੇ ਤੇ ਇਹ ਤੀਵੀਂ ਸੀ ਹੰਡਿਆਏ ਵਾਲੀ ਮਾਈ ਇੰਦਰ ਕੌਰ।

"ਦੀਨ ਦੁਨੀ ਦਿਆ ਵਾਲੀ!" ਖੜਿਆਂ ਹੋ ਕੇ, ਮਸਤਕ ਝੁਕਾ ਕੇ ਤੇ ਹਥ ਜੋੜ ਕੇ ਮਾਈ ਇੰਦਰ ਕੌਰ ਨੇ ਅਰਜ ਕੀਤੀ—"ਤੁਸੀਂ ਹਮੇਸ਼ਾਂ ਕਮਜ਼ੋਰ ਦਾ ਪੱਖ ਲੈਂਦੇ ਆਏ ਹੋ। ਮੈਂ ਵੀ ਇਕ ਕਮਜ਼ੋਰ ਤੇ ਅਨਪੜ੍ਹ ਤੀਵੀਂ ਹਾਂ। ਮੂੰਹ ਛੋਟਾ ਤੇ ਗੱਲ ਵਡੀ ਆਖਣ ਦੀ ਮੈਨੂੰ ਮਾਫੀ ਦੇਣੀ, ਜੇ ਇਕ ਗੱਲ ਪੁੱਛਾਂ?"

"ਨਿਸੰਗ ਪੁੱਛ ਬੀਬੀ" ਮਹਾਰਾਜ ਵਲੋਂ ਦਿਤੇ ਹੋਏ ਇਸ ਪ੍ਰੋਤਸਾਹਨ ਨਾਲ ਬੀਬੀ ਇੰਦਰ ਕੌਰ ਹਕੀਕੀ ਤੌਰ ਤੇ ਨਿਸੰਗ ਹੋ ਕੇ ਬੋਲੀ—

"ਪਿਛਲੇਰੇ ਸਾਲ ਜਦੋਂ ਮੈਂ ਭੈਣੀ ਸਾਹਿਬ ਦਰਸ਼ਨਾਂ ਨੂੰ ਆਈ ਸਾਂ ਤਾਂ ਦਾਤਾ ਜੀ ਉਸ ਵੇਲੇ ਕਥਾ ਕਰ ਰਹੇ ਸਨ, ਜਿਸਦੇ ਵਾਕ ਅਜ ਵੀ ਮੈਨੂੰ ਇੰਨ ਬਿੰਨ ਯਾਦ ਨੇ ਜੇ ਹੁਕਮ ਹੋਵੇ ਤਾਂ ਦੁਹਰਾ ਦਿਆਂ।"



Sri Satguru Jagjit Singh Ji eLibrary NamdhariElibrary@gmail.com

"ਜ਼ਰੂਰ-ਜ਼ਰੂਰ" ਮਹਾਰਾਜ ਦੀ ਏਸ ਸ੍ਵੀਕ੍ਰਿਤੀ ਨੂੰ ਪਾ ਕੇ ਇੰਦਰ ਕੌਰ ਬੋਲੀ—

"ਉਸ ਵੇਲੇ ਦਾਤਾ ਜੀ ਜਿਸ ਸ਼ਬਦ ਦੀ ਵਿਆਖਿਆ ਕਰ ਰਹੇ ਸਨ ਉਸ ਦੀ ਤੁਕ ਮੈਨੂੰ ਯਾਦ ਏ 'ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥ ਸੰਧਉਰਾ।' ਤੇ ਫੇਰ ਹਜ਼ੂਰ ਨੇ ਏਸ ਇਕੱਲੇ 'ਸੰਧਉਰਾ' ਸ਼ਬਦ ਦੀ ਵਿਆਖਿਆ ਕਰਦਿਆਂ ਦਸਿਆ ਸੀ ਕਿ 'ਸੰਧਉਰਾ' ਦਾ ਅਰਥ ਹੈ ਸੰਧੂਰ ਵਾਲਾ ਉਹ ਪਾਤਰ ਜਿਸਨੂੰ ਹਥ ਵਿਚ ਲੈ ਕੇ ਪੁਰਾਤਨ ਸਮਿਆਂ ਵਿਚ ਸਤੀ ਹੋਣ ਵਾਲੀ ਤੀਵੀਂ ਆਪਣੇ ਪਤੀ ਦੀ ਚਿਖਾ ਉਤੇ ਚੜ੍ਹ ਜਾਂਦੀ ਸੀ। ਨਾਲੇ ਤੁਸਾਂ ਇਹ ਵੀ ਦਸਿਆ ਸੀ ਕਿ ਸੰਧਉਰਾ ਹਥ ਵਿਚ ਫੜਨ ਤੋਂ ਪਹਿਲਾਂ ਜੇ ਵਿਧਵਾ ਚਾਹੇ ਤਾਂ ਸਤੀ ਹੋਣ ਦਾ ਇਰਾਦਾ ਬਦਲ ਦੇਣ ਦੀ ਵੀ ਉਸਨੂੰ ਖੁਲ੍ਹ ਹੁੰਦੀ ਸੀ। ਪਰ ਇਕ ਵੇਰ ਜਿਸਨੇ ਸੰਧਉਰਾ ਹਥ ਵਿਚ ਫੜ ਲਿਆ ਉਸਨੂੰ ਹਰ ਹੀਲੇ ਸਤੀ ਹੋਣਾ ਪੈਂਦਾ ਸੀ।"

"ਠੀਕ ਹੈ।" ਮਹਾਰਾਜ ਨੇ ਹਾਮੀ ਭਰੀ—"ਇਹੋ ਵਿਆਖਿਆ ਸੀ ਉਸ ਸ਼ਬਦ ਦੀ। ਤਦ ਬੀਬੀ! ਇਸ ਤੋਂ ਕੀ ਮਨੋਰਥ ਹੈ ਤੇਰਾ?"

"ਗਲ ਵਿਚ ਪੱਲਾ ਤੇ ਮੂੰਹ ਵਿਚ ਘਾਹ।" ਇੰਦਰ ਕੌਰ ਨੇ ਡੂੰਘੀ ਸ਼ਰਧਾ ਅਤੇ ਓਦੂੰ ਵੀ ਡੂੰਘੀ ਦ੍ਰਿੜ੍ਹਤਾ ਵਿਚ ਬੇਨਤੀ ਕੀਤੀ—"ਸੱਚਿਆ ਪਾਤਸ਼ਾਹ! ਇਹ ਪ੍ਰਸ਼ਨ ਦੁਹਰਾਉਣ ਤੋਂ ਮੇਰਾ ਮਨੋਰਥ ਇਹ ਹੈ ਕਿ ਜੇ ਓਦੋਂ ਸੰਧਉਰਾ ਹਥ ਵਿਚ ਫੜਨ ਤੋਂ ਬਾਦ ਇਸਤ੍ਰੀ ਨੂੰ ਸਤੀ ਹੋਣ ਤੋਂ ਦੁਨੀਆ ਦੀ ਕੋਈ ਤਾਕਤ ਨਹੀਂ ਸੀ ਰੋਕ ਸਕਦੀ ਤਾਂ ਆਪਣੇ ਇਸ਼ਟ ਦੇਵ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਸ਼ਹੀਦੀ ਦਾ ਪ੍ਰਣ ਲਿਆ ਹੈ ਉਹਨਾਂ ਨੂੰ ਜਿਨ੍ਹਾਂ ਨੂੰ ਅਜ ਕੌਣ ਰੋਕ ਸਕਦਾ ਹੈ?"

"ਬੀਬੀ ਇੰਦਰ ਕੌਰ ਦੀ ਇਹ ਧੜੱਲੇਦਾਰ ਦਲੀਲ ਸੁਣਕੇ ਮਹਾਰਾਜ ਨੇ ਉਂਧੀ ਪਾ ਲਈ ਤੇ ਇਹ ਆਖਦੇ ਹੋਏ ਉਠ ਖਲੋਤੇ—

"ਮੇਰੀ ਬਾਂਧੀ ਭਗਤੁ ਛਡਾਵੈ,
ਬਾਂਧੇ ਭਗਤੁ ਨ ਛੂਟੈ ਮੋਹਿ।"

* * *

ਉਪਰੋਕਤ ਵਾਰਤਾਲਾਪ ਤੋਂ ਬਾਦ ਕੁਲ ਪੰਜਾਂ ਦਿਨਾਂ ਦੇ ਵਿਚ ਵਿਚ ਜਿਵੇਂ ਏਸ ਦੁਖਾਂਤ ਦਾ ਡ੍ਰਾਪ ਸੀਨ ਹੋਇਆ ਏਸ ਬਾਰੇ ਸੰਖਿਪਤ ਰੂਪ ਵਿਚ ਏਨਾ ਹੀ ਦੱਸਣਾ ਕਾਫੀ ਹੋਵੇਗਾ ਕਿ ਭੈਣੀ ਸਾਹਿਬ ਤੋਂ ਕੂਚ ਕਰਕੇ ਸਿੱਧਾ ਮਲੇਰਕੋਟਲੇ ਵਲ ਰੁਖ ਕਰ ਲਿਆ ਤੇ ਬਹੁਤ ਸਾਰੇ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰਕੇ 'ਗਊ ਹੱਤਿਆ' ਦਾ ਬਦਲਾ ਚੁਕਾਣ ਤੋਂ ਬਾਦ ਸਭਨਾਂ ਨੇ ਆਪਣੇ ਆਪ ਨੂੰ ਗਰਿਫ਼ਤਾਰੀ ਲਈ ਪੇਸ਼ ਕਰ ਦਿਤਾ। ਉਸ ਤੋਂ ਬਾਦ ਤੱਤਫੱਟ ਇਸ ਤਰ੍ਹਾਂ ਮਲੇਰਕੋਟਲੇ ਦੇ ਮੈਦਾਨ ਵਿਚ ਤੋਪਾਂ ਗੱਡ ਕੇ ਜਥੇ ਨੂੰ ਗੋਲਿਆਂ ਨਾਲ ਉਡਾਇਆ ਗਿਆ। ਇਸ ਦਾ ਖੁਲਾਸਾ ਓਥੋਂ ਦੇ ਡਿਪਟੀ ਸੁਪਰਿੰਨਟੈਂਡੈਂਟ ਪੁਲਿਸ ਨੇ ਇਉਂ ਲਿਖਿਆ ਹੈ—

"ਅੱਜ ੧੭ ਜਨਵਰੀ ਨੂੰ ਸ਼ਾਮ ਦੇ ੭ ਵਜੇ ਮੈਂ ਕੋਟਲੇ ਤੋਂ ਮੁੜਿਆ ਹਾਂ। ਦੋਸ਼ੀਆਂ ਨੂੰ ਸਜ਼ਾ ਦੇਣ ਦਾ ਪ੍ਰਬੰਧ ਸ਼ਲਾਘਾਯੋਗ ਸੀ। ਦੋਸ਼ੀਆਂ ਦੀ ਗਿਣਤੀ ੬੮ ਸੀ, ਜਿਨ੍ਹਾਂ ਵਿਚ ਦੋ ਤੀਵੀਆਂ ਵੀ ਸਨ।"

"੪੯ ਦੋਸ਼ੀਆਂ ਨੂੰ ਸੱਤਾਂ ਤੋਪਾਂ ਅਗੇ ਖੜ੍ਹਿਆਂ ਕਰਕੇ ਉਡਾ ਦਿਤਾ ਗਿਆ। ਇਕ ਨੂੰ, ਜਿਸਨੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਉਤੇ ਅਚਾਨਕ ਹਮਲਾ ਕਰ ਦਿਤਾ, ਮੌਕੇ ਉਤੇ ਹੀ ਤਲਵਾਰਾਂ ਨਾਲ ਟੋਟੇ ਟੋਟੇ ਕਰ ਦਿਤਾ ਗਿਆ। ਇੰਞ ਜਦ ਪੰਜਾਹ ਦੋਸ਼ੀ ਮਾਰੇ ਜਾ ਚੁਕੇ ਅਤੇ ਬਾਕੀਆਂ ਨੂੰ ਤੋਪਾਂ ਅਗੇ ਲਿਆਂਦਾ ਜਾ ਰਿਹਾ ਸੀ ਤਾਂ ਅੰਬਾਲੇ ਤੋਂ ਕਮਿਸ਼ਨਰ ਦੀ ਅਰਜੈਂਟ ਚਿੱਠੀ ਮਿਲੀ, ਜਿਸ ਵਿਚ ਦਰਜ ਸੀ ਕਿ ਦੋਸ਼ੀਆਂ ਉਤੇ ਅਦਾਲਤਾਂ ਵਿਚ ਬਾਕਾਇਦਾ ਮੁਕੱਦਮੇ ਚਲਾਏ ਜਾਣ......।"

ਉਸ ਤੋਂ ਅਗਲੇ ਦਿਨ, ਅਰਥਾਤ ੧੮ ਜਨਵਰੀ ਨੂੰ ਕਮਿਸ਼ਨਰ ਦੀ ਚਿੱਠੀ ਉਤੇ ਅਖੌਤੀ ਅਮਲ ਕਰਨ ਦਾ ਢੌਂਗ ਰਚਿਆ ਗਿਆ। ਅਰਥਾਤ ਡਿਪਟੀ ਕਮਿਸ਼ਨਰ ਕਾਵਨ, ਕੋਟਲੇ ਦੇ ਨਾਜ਼ਮ ਅਤੇ ਤਹਿਸੀਲਦਾਰ, ਏਹਨਾਂ ਤਿੰਨਾਂ ਦੇ ਸਾਹਮਣੇ ਬਾਕੀ ਬਚੇ ੧੬ ਨਾਮਧਾਰੀਆਂ ਨੂੰ ਪੇਸ਼ ਕੀਤਾ ਗਿਆ ਤੇ ਤੁਰਤ ਫੁਰਤ ਅਦਾਲਤੀ ਕਾਰਵਾਈ ਮੁਕੰਮਲ ਕਰਕੇ ਉਹਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਫੇਰ ਓਸੇ ਦੁਪਹਿਰੇ ਉਨ੍ਹਾਂ ਨੂੰ ਤੋਪਾਂ ਅਗੇ ਰਖਕੇ ਉਡਾ ਦਿਤਾ ਗਿਆ।

ਦੁਨੀਆਂ ਵਾਲੇ ਜਿਥੇ ਅੰਗਰੇਜ਼ ਦੇ ਏਸ 'ਅਨੋਖੇ ਇਨਸਾਫ਼' ਨੂੰ ਵੇਖ ਕੇ ਤ੍ਰਾਹਿ ਤ੍ਰਾਹਿ ਕਰ ਰਹੇ ਸਨ, ਉਥੇ ੬੬ ਵਤਨ ਦੇ ਪਰਵਾਨਿਆਂ ਦੀ ਅਮਿਟ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਇਕ ਦੂਜੇ ਨੂੰ ਆਖ ਰਹੇ ਹੋਣ—

"ਚਲੋ ਸਈਓ ਚਲ ਵੇਖਣ ਚਲੀਏ,
ਆਸ਼ਕ ਸੂਲੀ ਚੜ੍ਹਦੇ।
ਸੂਲੀ ਚੜ੍ਹਦੇ ਕਰਨ ਮਜ਼ਾਕਾਂ,
ਮੌਤੋਂ ਮੂਲ ਨ ਡਰਦੇ।"



Sri Satguru Jagjit Singh Ji eLibrary NamdhariElibrary@gmail.com

# ਸਿਆਮ ਅਰਥਾਤ ਕੁਬੇਰ ਰਾਜ ਦੀ ਯਾਤਰਾ (੫)

—ਅਮਰ ਭਾਰਤੀ

ਜੰਗ ਤੋਂ ਬਾਅਦ ਚੀਨ ਨਵੇਂ ਰੂਪ ਵਿਚ ਸਾਹਮਣੇ ਆਇਆ। ਚੀਨ ਪੀਲੇ ਤੋਂ ਲਾਲ ਹੋ ਗਿਆ ਸੀ ਤੇ ਦੱਖਣ ਪੂਰਬੀ ਏਸ਼ੀਆ ਵਿਚ ਉਸ ਦੇ ਸਹਿਯੋਗ ਨਾਲ ਲਾਲ ਲਹੂ ਗੂਹੜੇ ਤੋਂ ਗੂਹੜਾ ਹੋ ਵਗਣ ਲੱਗਾ। ਅਮਰੀਕਾ ਦੇ ਲਾਲ ਚੀਨ ਨੂੰ ਦੁਨੀਆਂ ਲਈ ਸਭ ਤੋਂ ਵਡਾ ਖਤਰਾ ਦਸ ਕੇ ਉਨ੍ਹਾਂ ਨੂੰ ਆਪਣਾ ਦੁਸ਼ਮਨ ਨੰਬਰ ਇਕ ਮੰਨਿਆ। ਚੀਨ ਜਿਹੜਾ ਦਖਣ ਪੂਰਬੀ ਏਸ਼ੀਆ ਵਿਚ ਪਹਿਲਾਂ ਹੀ ਇਕ ਸਮਸਿਆ ਸੀ ਉਸ ਦੇ ਨਵੇਂ ਰੂਪ ਵਿਚ ਪਸਾਰੇ ਦੇ ਪਰਚਾਰ ਨੇ ਇਨ੍ਹਾਂ ਦੇਸ਼ਾਂ ਨੂੰ ਹੋਰ ਵੀ ਭੈ ਭੀਤ ਕਰ ਦਿਤਾ। ਇਹੋ ਕਾਰਨ ਸੀ ਕਿ ਦੱਖਣ ਪੂਰਬੀ ਏਸ਼ੀਆ ਦੇ ਕਈ ਦੇਸ਼ਾਂ ਨੇ ਅਮਰੀਕਾ ਨੂੰ ਆਪਣਾ ਸਰਪਰਸਤ ਮੰਨ ਲਿਆ ਤੇ ਚੀਨ ਨੂੰ ਰੋਕਣ ਦੇ ਨਾਮ ਉਤੇ ਅਮਰੀਕਾ ਦੇ ਜੰਗੀ ਮਨਸੂਬਿਆਂ ਨੂੰ ਪੂਰਿਆਂ ਕਰਨ ਲਈ ਆਪਣੀ ਧਰਤੀ ਉਤੇ ਅਮਰੀਕਾ ਨੂੰ ਅੱਡੇ ਦਿਤੇ, ਆਪਣੀਆਂ ਫੌਜਾਂ ਦਿਤੀਆਂ ਤੇ ਅਮਰੀਕੀ ਸਰਦਾਰੀ ਵਾਲੇ ਜੰਗੀ ਸੰਗਠਨਾਂ ਦੇ ਮੈਂਬਰ ਬਣੇ। ਅਮਰੀਕਾ ਇਕ ਲੰਮੇ ਸਮੇਂ ਤਕ ਦੁਨੀਆਂ ਭਰ ਵਿਚ ਇਹ ਪਰਚਾਰ ਕਰਦਾ ਰਿਹਾ ਹੈ ਕਿ ਉਹ ਵੀਅਤਨਾਮ ਵਿਚ ਵੀਅਤਨਾਮੀਆਂ ਦੇ ਖਿਲਾਫ ਨਹੀਂ ਸਗੋਂ ਚੀਨੀਆਂ ਦੇ ਸਾਮਰਾਜੀ ਪਸਾਰੇ ਦੇ ਖਿਲਾਫ਼ ਲੜ ਰਿਹਾ ਹੈ। ਚੀਨ ਦੀ ਸ਼ਹਿ ਤੇ ਮਦਦ ਨਾਲ ਸਿਆਮ ਵਿਚ ਵੀ ਕੁਝ ਕੁ ਸਰਹੱਦੀ ਇਲਾਕਿਆਂ ਵਿਚ ਗੜਬੜ ਹੁੰਦੀ ਰਹਿੰਦੀ ਹੈ—ਜਿਸ ਤੋਂ ਭੈ ਭੀਤ ਹੋ ਕੇ ਸਿਆਮ ਸਰਕਾਰ ਅਮਰੀਕਾ ਦਾ ਸਹਾਰਾ ਤੱਕਦੀ ਅਤੇ ਵੀਅਤਨਾਮ ਵਿਚ ਅਮਰੀਕਾ ਦੀ ਮਦਦ ਕਰਦੀ ਆ ਰਹੀ ਹੈ।

ਪਰ ਹੁਣ ਪਾਸਾ ਪਲਟ ਗਿਆ ਹੈ। ਹੁਣ ਚੀਨ ਅਮਰੀਕਾ ਦਾ ਦੁਸ਼ਮਨ ਨੰਬਰ ਇਕ ਨਾ ਰਹਿ ਕੇ ਦੋਸਤਾਂ ਦੀ ਗਿਣਤੀ ਵਿਚ ਆ ਗਿਆ ਹੈ। ਸਿਆਮ ਸਰਕਾਰ ਲਈ ਇਹ ਖਤਰੇ ਦੀ ਝੰਡੀ ਹੈ। ਇਹੋ ਕਾਰਨ ਹੈ ਕਿ ਸਿਆਮ ਨੇ ਭਾਰਤ ਵਲ ਆਸ ਭਰੀਆਂ ਨਜ਼ਰਾਂ ਨਾਲ ਤੱਕਿਆ ਹੈ। ਸਿਆਮ ਨੂੰ ਇਸ ਗਲ ਦਾ ਅਹਿਸਾਸ ਹੋ ਰਿਹਾ ਹੈ ਕਿ ਚੀਨੀ ਡਰੈਗਨ ਤੋਂ ਬਚਾਉਣ ਵਾਲੀ ਅਸਲ ਤਾਕਤ ਧਾੜਵੀ ਅਮਰੀਕਾ ਨਹੀਂ ਸਗੋਂ ਆਜ਼ਾਦੀ ਪਸੰਦ ਭਾਰਤ ਹੈ। ਸਿਆਮ ਨੂੰ ਆਪਣੀ ਆਜ਼ਾਦੀ ਕਾਇਮ ਰਖਣ ਲਈ ਹਮੇਸ਼ਾਂ ਕਿਸੇ ਵਡੇਰੀ ਤਾਕਤ ਦਾ ਆਸਰਾ ਤੱਕਣਾ ਪਿਆ ਹੈ ਤੇ ਅੱਜ ਇਹ ਗੱਲ ਉਸ ਦੇ ਸਾਹਮਣੇ ਸਪੱਸ਼ਟ ਰੂਪ ਵਿਚ ਉੱਘੜ ਆਈ ਹੈ ਕਿ ਭਵਿੱਖ ਦੀ ਉਹ ਵਡੇਰੀ ਤਾਕਤ ਭਾਰਤ ਹੈ।

ਥੋਨਬਰੀ (ਧਨਪੁਰੀ) ਵਿਚ ਬਣੇ ਸਵਾਗਤ ਮੰਡਪ ਵਿਚ ਰਾਸ਼ਟਰਪਤੀ ਸ੍ਰੀ ਗਿਰੀ ਦਾ ਉਸ ਵੇਲੇ ਸ਼ਾਨਦਾਰ ਸਵਾਗਤ ਕੀਤਾ ਗਿਆ ਜਦੋਂ ਆਪ ਡੋਨ ਮੋਂਗ ਹਵਾਈ ਅੱਡੇ ਤੋਂ ਸਿਧੇ ਬੈਂਕੌਕ ਪੁਜੇ। ਸਵਾਗਤ ਸਮੇਂ ਇਕ ਬੰਨੇ ਥਾਈਲੈਂਡ ਦੇ ਰਾਜਾ-ਰਾਣੀ ਅਤੇ ਸਰਕਾਰ ਦੇ ਹੋਰ ਮੁਖੀ ਸਨ ਤਾਂ ਦੂਜੇ ਬੰਨੇ ਥਾਈਲੈਂਡ ਵਿਚ ਰਹਿੰਦੇ ਹਿੰਦੁਸਤਾਨੀ ਸ਼ਾਮਲ ਸਨ।

ਥਾਈ ਸਰਕਾਰ ਵਲੋਂ ਰਾਸ਼ਟਰਪਤੀ ਸ੍ਰੀ ਗਿਰੀ ਨੂੰ ਬੈਂਕੌਕ ਸ਼ਹਿਰ ਦੀ ਚਾਬੀ ਭੇਟ ਕੀਤੀ ਗਈ ਅਤੇ ਸਰਬ ਸਤਿਕਾਰਤ ਸਤਿਗੁਰੂ ਜੀ ਨੇ ਥਾਈਲੈਂਡ ਵਿਚ ਉਪਸਥਿਤ ਹਿੰਦੁਸਤਾਨੀਆਂ ਵਲੋਂ ਸ੍ਰੀ ਗਿਰੀ ਦਾ ਸਵਾਗਤ ਕੀਤਾ।

ਦੁਸਰੇ ਦਿਨ ਸ਼ਾਮੀਂ 'ਸਿਆਮ ਇੰਟਰਕੌਂਟੀਨੈਂਟਲ ਹੋਟਲ' ਵਿਚ ਜੋ ਕਿ ਆਪਣੇ ਕਲਾ ਸੌਂਦਰਯ ਵਲੋਂ ਥਾਈ ਇਮਾਰਤੀ ਕਲਾ ਦਾ ਇਕ ਸ਼ਾਨਦਾਰ ਪ੍ਰਤੀਕ ਹੈ—ਥਾਈਲੈਂਡ ਵਿਚ ਵਸਦੇ ਹਿੰਦੁਸਤਾਨੀਆਂ ਵਲੋਂ ਗਿਰੀ ਦਾ ਸਵਾਗਤ ਕੀਤਾ ਗਿਆ। ਏਸੇ ਮੌਕੇ ਤੇ ਹੀ ਰਾਸ਼ਟਰਪਤੀ ਨੇ ਸਿੱਖ ਜਗਤ ਦੇ ਬਾਰ੍ਹਵੇਂ—ਗੁਰੂ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ਼ ਗਵਨ ਸ਼ਤਾਬਦੀ ਸੰਬੰਧੀ ਆਪਣੇ ਵਿਚਾਰ ਦਸਦਿਆਂ ਹੋਇਆਂ ਆਪ ਦੀ ਦੇਸ਼ ਭਗਤੀ ਤੇ ਕੁਰਬਾਨੀ ਦੀ ਵਿਸ਼ੇਸ਼ ਚਰਚਾ ਕੀਤੀ।

ਸਤਿਗੁਰੂ ਜੀ, ਸੇਠ ਤਿਰਲੋਕ ਸਿੰਘ ਜੀ ਚੇਅਰਮੈਨ ਸ਼ਤਾਬਦੀ ਕਮੇਟੀ, ਸ. ਸੁਰਿੰਦਰ ਸਿੰਘ ਜੀ ਚੇਅਰਮੈਨ ਸ਼ਤਾਬਦੀ ਸੇਲੀਬਰੇਸ਼ਨ ਕਮੇਟੀ ਅਤੇ ਨਾਮਧਾਰੀ ਸੰਗਤ ਬੈਂਕੌਕ ਦੇ ਪ੍ਰਧਾਨ ਸੇਠ ਜਸਪਾਲ ਸਿੰਘ ਜੀ ਨੇ ਸਿੱਖ ਜਗਤ ਵਲੋਂ ਅਤੇ ਹਿੰਦੁਸਤਾਨੀ ਨਾਗਰਿਕਾਂ ਵਲੋਂ ਰਾਸ਼ਟਰਪਤੀ ਜੀ ਦਾ ਸਵਾਗਤ ਕਰਦਿਆਂ ਹੋਇਆ ਆਪ ਨੂੰ ਬੰਗਲਾ ਦੇਸ਼ ਦੀ ਸਹਾਇਤਾ ਵਾਸਤੇ ੫੧੦੦੦ ਦਾ ਚੈੱਕ ਭੇਟ ਕੀਤਾ।

ਸ਼ਾਮ ਨੂੰ ਦੀਵਾਨ ਵਿਚ ਬੈਠਿਆਂ ਹੋਇਆਂ ਭਾਪਾ ਪ੍ਰੀਤਮ ਸਿੰਘ ਨੇ ਹੌਲੀ ਜਿਹੀ ਕਿਹਾ—"ਤੁਹਾਡੀ ਜੇਬ ਵਿਚ ਡਾਇਰੀ ਹੈ ?"

"ਜੀ, ਹੈ ਵੇ।"



Sri Satguru Jagjit Singh Ji eLibrary NamdhariElibrary@gmail.com

"ਕੱਢੋ ਬਾਹਰ।"

ਡਾਇਰੀ ਕੱਢ ਕੇ ਉਨ੍ਹਾਂ ਵਲ ਵਧਾਉਂਦਿਆਂ ਹੀ ਉਨ੍ਹਾਂ ਨੇ ਇਕ ਪੰਨੇ ਉਤੇ ਲਿਖਿਆ—੨੧੧੬੫੦ ਪ੍ਰੀਤਮ ਸਿੰਘ।'

ਮੈਂ ਸਵਾਲੀਆ ਨਜ਼ਰਾਂ ਨਾਲ ਤੱਕਿਆ ਤਾਂ ਬੋਲੇ, "ਜਦੋਂ ਲੋੜ ਸਮਝੋ ਇਸ ਨੰਬਰ ਉਪਰ ਰਿੰਗ ਕਰ ਲੈਣਾ।"

"ਇਹ ਕੀਹਦਾ ਨੰਬਰ ਏ ?"

ਮੇਰੇ ਮਿੱਤਰ ਨਰਾਇਣ ਸਿੰਘ ਸ਼ਗੁਫਤਾ ਦਾ। ਮੈਂ ਉਨ੍ਹਾਂ ਨਾਲ ਫ਼ੋਨ ਤੇ ਗੱਲ ਕਰ ਲਈ ਏ ਤੇ ਉਹ ਥੋੜੀ ਦੇਰ ਤਕ ਆਣ ਕੇ ਮੈਨੂੰ ਆਪਣੇ ਘਰ ਲੈ ਜਾਣਗੇ। ਜਿੰਨੇ ਦਿਨ ਬੈਂਕੌਕ ਵਿਚ ਹਾਂ ਉਨ੍ਹਾਂ ਦੇ ਘਰ ਹੀ ਰਹਾਂਗਾ, ਹਾਂ ਤੇ ਤੁਸੀਂ ?"

"ਵੇਖੋ, ਅਸੀਂ ਵੀ ਕੁਝ ਕਰਾਂਗੇ ਹੀ।"

ਸ਼ਗੁਫਤਾ ਸਾਹਿਬ ਬੈਂਕੌਕ ਵਿਚ ਸ਼ਾਇਦ ਇਕੋ-ਇਕ ਭਾਰਤੀ ਜਾਂ ਪੰਜਾਬੀ ਹਨ—ਜਿਹੜੇ ਡੂੰਘੀਆਂ ਸਾਹਿਤਕ ਰੁਚੀਆਂ ਦੇ ਮਾਲਕ ਹਨ ਅਤੇ ਜਿਨ੍ਹਾਂ ਦਾ ਸਿਆਮੀ ਭਾਸ਼ਾ ਉਪਰ ਵੀ ਪੂਰਨ ਅਧਿਕਾਰ ਹੈ। ਆਪ ਨੇ ਸਿਆਮੀ ਭਾਸ਼ਾ ਵਿਚ 'ਜਪੁਜੀ ਸਾਹਿਬ' ਜਿਹੀ ਕਠਿਨ ਬਾਣੀ ਦਾ ਅਤੇ ਦੱਖਣੀ 'ਓਅੰਕਾਰ' ਦਾ ਅਨੁਵਾਦ ਕਰਕੇ ਪੁਸਤਕਾਂ ਦੇ ਰੂਪ ਵਿਚ ਛਾਪਿਆ ਹੈ ਤੇ ਆਪ ਏਸੇ ਕਰਕੇ ਸਿਆਮ ਦੇ ਧਾਰਮਕ ਅਤੇ ਸਾਹਿਤਕ ਹਲਕਿਆਂ ਵਿਚ ਸਤਿਕਾਰੇ ਜਾਂਦੇ ਹਨ। ਮਿਲਣ ਤੋਂ ਬਾਅਦ ਭਾਪਾ ਜੀ ਨੇ ਸ਼ਗੁਫਤਾ ਸਾਹਿਬ ਨਾਲ ਸਾਡੀ ਜਾਣ-ਪਛਾਣ ਕਰਵਾਈ। ਸ਼ਗੁਫਤਾ ਸਾਹਿਬ ਦਾ ਆਗ੍ਰਿਹ ਸੀ ਕਿ ਮੈਂ ਵੀ ਉਨ੍ਹਾਂ ਦੇ ਨਿਵਾਸ-ਸਥਾਨ ਤੇ ਹੀ ਜਾ ਕੇ ਰਹਾਂ, ਪਰ ਮੈਂ ਫਿਰ ਕਿਸੇ ਵੇਲੇ ਆਪ ਦੇ ਘਰ ਜਾਣ ਦਾ ਇਕਰਾਰ ਕਰਕੇ ਹੀ ਆਗਿਆ ਲੈ ਲਈ। ਬਾਅਦ ਵਿਚ ਇਕ ਦਿਨ ਮੈਂ ਤੇ ਕਵੀ ਪ੍ਰੀਤਮ ਸਿੰਘ ਜੀ ਆਪ ਨੂੰ ਮਿਲਣ ਗਏ ਸਾਂ ਤੇ ਆਪ ਨੇ ਆਪਣੀਆਂ ਦੋਵੇਂ ਪੁਸਤਕਾਂ ਸਿਆਮੀ ਨਾਮ 'ਸੁੰਦਰ ਚਿਤ' ਹੇਠ ਸਾਨੂੰ ਪ੍ਰੇਮ ਸਹਿਤ ਦਿਤੀਆਂ ਸਨ।

ਰਾਤ ਸੌਣ ਕੁ ਦੇ ਵੇਲੇ ਕਵੀ ਜੀ ਨੇ ਕਿਹਾ ਕਿ ਅਸਾਂ ਵੀ ਆਪਣੇ ਵਖਰੇ ਡੇਰੇ ਦਾ ਬੰਦੋਬਸਤ ਕਰ ਲਿਆ ਏ।

ਸੇਠ ਜਗਜੀਤ ਸਿੰਘ ਜੀ ਦੇ ਫਲੈਟਾਂ ਵਿਚ ਉਹਨਾਂ ਦੇ ਸਪੁੱਤਰ ਰਾਜਪਾਲ ਅਤੇ ਜਸਪਾਲ ਸਿੰਘ (ਪ੍ਰਧਾਨ ਨਾਮਧਾਰੀ ਸੰਗਤ ਬੈਂਕੌਕ) ਵਲ ਰਹਾਂਗੇ। ਅਸਾਂ ਤਿੰਨਾਂ—ਸ. ਹਰਵਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਹੁਰਾਂ ਦੇ ਹੀ ਇਕ ਮਿੱਤਰ ਸ੍ਰੀ ਸੂਰੀ ਨੇ ਆਪਣੇ ਆਪਣੇ ਸਮਾਨ ਤੇ ਸ੍ਰੀ ਕਪੂਰ ਸਿੰਘ ਜੀ ਦੇ ਸਪੁੱਤਰ ਸ਼ਰਨਪਾਲ ਸਿੰਘ ਦੀ ਕਾਰ ਵਿਚ ਬਹਿ ਕੇ—ਸੁਖਮਵਿਤ, ਸੋਏ ੭੧ ਬੈਂਕੌਕ ੧੧ ਵਿਚ ਜਾ ਉਤਰੇ।

(ਚਲਦਾ)

# ਪਾਠਕਾਂ ਲਈ ਸੂਚਨਾ

—ਜੇ ਵਰਿਆਮ ਦਾ ਪਰਚਾ ਆਪ ਨੂੰ ਮਹੀਨੇ ਦੀ ਦਸ ਤਾਰੀਖ ਤਕ ਵੀ ਨਾ ਪੁਜੇ ਤਾਂ ਸਾਨੂੰ ਪੱਤਰ ਲਿਖੋ। ਅਸੀਂ ਹੋਰ ਪਰਚਾ ਭੇਜਣ ਦਾ ਪਰਬੰਧ ਕਰਾਂਗੇ। ਪਰ ਕਈ ਮਹੀਨੇ ਬੀਤ ਜਾਣ ਬਾਅਦ ਅਜਿਹੀ ਸ਼ਕਾਇਤ ਕਰਨੀ ਲਾਹੇਵੰਦ ਨਹੀਂ ਹੁੰਦੀ।

—ਚਿੱਠੀ ਪੱਤਰ ਕਰਨ ਲਗਿਆਂ ਅਪਣਾ ਪਤਾ ਠੀਕ ਅਤੇ ਪੜ੍ਹਣ ਯੋਗ ਲਿਖਿਆ ਜਾਵੇ। ਨਾਲ ਹੀ ਆਪਣਾ ਚਿਟ ਨੰਬਰ ਵੀ ਜ਼ਰੂਰ ਲਿਖੋ। ਉਸ ਨਾਲ ਸਾਡੇ ਵਾਸਤੇ ਉਤਰ ਦੇਣਾ ਆਸਾਨ ਰਹੇਗਾ।

—ਵਰਿਆਮ ਵਾਸਤੇ ਅਪਣੇ ਚੰਦੇ ਦੀ ਰਕਮ ਤੁਸੀਂ ਆਪ ਫਿਕਰ ਨਾਲ ਸਾਲ ਦੇ ਸਾਲ ਜਮ੍ਹਾਂ ਕਰਾਇਆ ਕਰੋ। ਜੇ ਚੰਦਾ ਦੇਣ ਵਿਚ ਘੌਲ ਹੈ ਤਾਂ ਪੰਜ ਸਾਲ ਦਾ ਇਕੱਠਾ ਭੇਜ ਦਿਓ ਜਾਂ ਜੀਵਨ ਮੈਂਬਰੀ ਦਾ ਇਕਠਾ ਚੰਦਾ ਜਮਾਂ ਕਰਵਾ ਕੇ ਨਿਸਚਿੰਤ ਹੋ ਜਾਵੋ।

—ਵਰਿਆਮ ਵਾਸਤੇ ਅਪਣੀਆਂ ਫਰਮਾਂ ਦੇ ਇਸ਼ਤਿਹਾਰ ਜ਼ਰੂਰ ਦਿਓ। ਇਹ ਇਸ਼ਤਿਹਾਰ ਪੂਰੇ ਸਫੇ ਦੇ ਵੀ ਹੋ ਸਕਦੇ ਹਨ ਅਤੇ ਤੁਹਾਡੀ ਸਹੂਲਤ ਅਨੁਸਾਰ ਥੋਹੜੇ ਥਾਂ ਵਾਸਤੇ ਵੀ।

—ਵਰਿਆਮ ਵਿਚ ਛਪਦੀ ਸਮਗਰੀ ਬਾਰੇ ਅਪਣੀ ਰਾਇ ਜ਼ਰੂਰ ਭੇਜੋ। ਇਸ ਦੇ ਨੁਕਸਾਂ ਬਾਰੇ ਸਾਨੂੰ ਜਾਣੂ ਕਰਵਾਓ ਅਤੇ ਅਪਣੇ ਕੀਮਤੀ ਸੁਝਾਅ ਜ਼ਰੂਰ ਭੇਜੋ। ਸਾਨੂੰ ਲਿਖੋ ਕਿ ਕਿਹੋ ਜਿਹੀਆਂ ਲਿਖਤਾਂ ਤੁਹਾਨੂੰ ਪਸੰਦ ਆਈਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਯਾਦਾਂ—ਸਤਿਗੁਰ ਪ੍ਰਤਾਪ ਸਿੰਘ

—ਪ੍ਰੀਤਮ ਸਿੰਘ ਪੰਛੀ

## ਪਿਆਰ ਦੀ ਸਜ਼ਾ

ਅਸੀਂ ਨਾਮਧਾਰੀ ਮਹਾ-ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਿਆਰ ਭਰਿਆ ਹੱਥ ਸਾਨੂੰ ਕਦੇ ਵੀ ਘਰਾਂ ਤੋਂ ਦੂਰ ਹੋਣ ਦਾ ਅਹਿਸਾਸ ਨਹੀਂ ਸੀ ਹੋਣ ਦਿੰਦਾ। ਪੰਜਾਬ ਦੀ ਧਰਤੀ ਦਾ ਹਰੇਕ ਕਣ ਸਾਡੇ ਵਿਚ ਮੌਜੂਦ ਸੀ। ਕੋਈ ਵਿਦਿਆਰਥੀ ਬੀਮਾਰ ਹੋ ਜਾਂਦਾ, ਕਿਸੇ ਨੂੰ ਅਧਿਆਪਕ ਦੀ ਸਖਤੀ ਦਾ ਸ਼ਿਕਾਰ ਹੋਣਾ ਪੈ ਜਾਂਦਾ ਤਾਂ ਅਸੀਂ ਸਾਰੇ ਇਕ ਦੂਜੇ ਦੇ ਨੇੜੇ ਢੁਕ ਕੇ ਇਸ ਤਰ੍ਹਾਂ ਬੈਠ ਜਾਂਦੇ ਸਾਂ ਜਿਵੇਂ ਇਕੋ ਪਰਿਵਾਰ ਦੇ ਮੈਂਬਰ ਹੋਈਏ।

ਇਕ ਵਾਰ ਸਾਡੇ ਸਕੂਲ ਵਿਚ ਇਕ ਨਵੇਂ ਅਧਿਆਪਕ ਜੀ ਆਏ। ਉਹ ਬੜੇ ਸਖਤ ਸੁਭਾਅ ਦੇ ਸਨ ਅਤੇ ਤੀਹ ਸਾਲ ਸਰਕਾਰੀ ਨੌਕਰੀ ਕਰਨ ਬਾਅਦ ਆਪਣਾ ਪਿਛਲਾ ਅਨੁਭਵ ਸਾਡੇ ਉਤੇ ਅਜ਼ਮਾਉਣ ਲਈ ਫਿਰ ਅਧਿਆਪਕ ਲਗ ਗਏ ਸਨ। ਮੈਂ ਬਚਪਨ ਤੋਂ ਹੀ ਕੁਝ ਵਿਦਰੋਹੀ ਸੁਭਾਅ ਦਾ ਰਿਹਾ ਹਾਂ। ਇਕ ਵਾਰ ਉਹਨਾਂ ਨੇ ਮੇਰੇ ਕਿਸੇ ਕਸੂਰ ਲਈ ਬੜੀ ਸਖਤ ਸਜ਼ਾ ਦਿਤੀ। ਮੈਂ ਜੁਰੱਅਤ ਕਰਕੇ ਇਕ ਸ਼ਕਾਇਤੀ ਚਿੱਠੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਲਿਖ ਦਿਤੀ। ਦੀਵਾਲੀ ਦੇ ਦਿਨ ਸਨ। ਮੇਰੀ ਚਿੱਠੀ ਵਿਚ ਪਤਾ ਨਹੀਂ ਕੀ ਅਸਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਮੰਗਲ ਸਿੰਘ 'ਅਰਸ਼ੀ ਫ਼ਰਿਸ਼ਤਾ' ਨੂੰ ਮੈਨੂੰ ਲੈਣ ਲਈ ਭੈਣੀ ਸਾਹਿਬ ਭੇਜ ਦਿਤਾ। ਸਾਰੇ ਵਿਦਿਆਰਥੀ ਹੈਰਾਨ ਰਹਿ ਗਏ। ਅਧਿਆਪਕਾਂ ਵਿਚ ਖਲਬਲੀ ਮਚ ਗਈ। ਉਸ ਰਾਤ ਵਿਦਿਆਰਥੀ ਮੈਨੂੰ ਆਪਣੀਆਂ ਸ਼ਕਾਇਤਾਂ ਲਿਖਾਉਂਦੇ ਰਹੇ। ਉਹਨਾਂ ਦੀਆਂ ਸ਼ਕਾਇਤਾਂ ਦਾ ਇਕ ਤਕੜਾ ਪੁਲੰਦਾ ਮੇਰੇ ਕੋਲ ਹੋ ਗਿਆ।

ਮੈਂ ਅਰਸ਼ੀ ਫ਼ਰਿਸ਼ਤਾ ਜੀ ਨਾਲ ਅੰਮ੍ਰਿਤਸਰ ਪੁਜਿਆ ਤਾਂ ਦੀਵਾਲੀ ਦਾ ਮੇਲਾ ਖਤਮ ਹੋ ਚੁਕਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਜਾ ਚੁਕੇ ਸਨ। ਲਾਹੌਰ ਪਹੁੰਚੇ ਤਾਂ ਪਤਾ ਲਗਿਆ ਕਿ ਸਤਿਗੁਰੂ ਜੀ ਤਾਂ ਕਰਾਚੀ ਦੇ ਦੌਰੇ ਤੇ ਜਾ ਚੁਕੇ ਹਨ। ਮੈਂ ਨਿਰਾਸ਼ ਹੋ ਗਿਆ। ਹੁਣ ਉਹਨਾਂ ਨੇ ਦੋ ਤਿੰਨ ਮਹੀਨੇ ਬਾਅਦ ਵਾਪਸ ਆਉਣਾ ਸੀ। ਮੈਂ ਸੋਚਿਆ ਮੇਰੇ ਕੋਲ ਆਪਣੇ ਸਾਥੀ ਵਿਦਿਆਰਥੀਆਂ ਦੀਆਂ ਸ਼ਕਾਇਤਾਂ ਦਾ ਜੋ ਪੁਲੰਦਾ ਸੀ, ਉਹ ਸ਼ਾਇਦ ਕਦੇ ਵੀ ਸਤਿਗੁਰੂ ਜੀ ਦੇ ਰੂਬਰੂ ਪੇਸ਼ ਕਰਨ ਦਾ ਮੌਕਾ ਹੀ ਨਾ ਆ ਸਕੇ।

ਸ. ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਚਾਰ-ਪੰਜ ਦਿਨ ਰਹਿਕੇ ਮੈਂ ਵਾਪਸ ਭੈਣੀ ਸਾਹਿਬ ਆ ਗਿਆ ਅਤੇ ਧੜਕਦੇ ਦਿਲ ਨਾਲ ਸਤਿਗੁਰਾਂ ਦਾ ਆਗਮਨ ਉਡੀਕਣ ਲਗਿਆ। ਵਾਪਸੀ ਤੇ ਮੈਨੂੰ ਅਧਿਆਪਕਾਂ ਵਲੋਂ ਕਿਹਾ ਜਾਣ ਲਗਿਆ ਕਿ ਮੈਂ ਕਿਸੇ ਅਧਿਆਪਕ ਦੀ ਸ਼ਕਾਇਤ ਕਰਕੇ ਚੰਗਾ ਨਹੀਂ ਸੀ ਕੀਤਾ। ਸਤਿਗੁਰਾਂ ਦੀ ਵਾਪਸੀ ਤੇ ਮੈਨੂੰ ਇਸ ਕਸੂਰ ਲਈ ਕੋਈ ਵੀ ਵੱਡੀ ਸਜ਼ਾ ਮਿਲ ਸਕਦੀ ਹੈ।

ਹੌਲੀ ਹੌਲੀ ਮੈਨੂੰ ਵੀ ਅਹਿਸਾਸ ਹੋਣ ਲਗਿਆ ਕਿ ਵਾਕਈ ਮੈਂ ਕਿਸੇ ਅਧਿਆਪਕ ਦੀ ਸ਼ਕਾਇਤ ਕਰਕੇ ਸਕੂਲ ਦੇ ਨਿਯਮਾਂ ਦੀ ਉਲੰਘਣਾ ਕਰ ਬੈਠਾ ਹਾਂ। ਹੁਣ ਪਤਾ ਨਹੀਂ ਕੀ ਸਜ਼ਾ ਭੁਗਤਣੀ ਪਵੇ।

ਸਤਿਗੁਰੂ ਜੀ ਦੌਰੇ ਤੋਂ ਵਾਪਸ ਆਏ। ਸਭ ਤੋਂ ਪਹਿਲਾਂ ਮੇਰੀ ਪੇਸ਼ੀ ਹੋਈ। ਕਿਸੇ ਅਧਿਆਪਕ ਦੀ ਸ਼ਕਾਇਤ ਕਰਨ ਦੇ ਕਸੂਰ ਲਈ ਸਿਰਫ ਤਾੜਨਾ ਹੀ ਨਹੀਂ ਮਿਲੀ, ਸਗੋਂ ਹੁਕਮ ਹੋਇਆ ਕਿ ਮੈਨੂੰ ਪੰਜਾਹ ਬੈਂਤ ਮਾਰਕੇ ਸਕੂਲ ਤੋਂ ਬੇਦਖਲ ਕਰ ਦਿਤਾ ਜਾਵੇ। ਮੈਂ ਸਜ਼ਾ ਦੀ ਕਲਪਨਾ ਕਰਕੇ ਕੰਬ ਉਠਿਆ। ਕਈ ਰਾਤਾਂ ਮੇਰੀ ਨੀਂਦ ਹਰਾਮ ਰਹੀ ਅਤੇ ਮੈਨੂੰ ਘਰ ਦੀ ਯਾਦ ਸਤਾਉਣ ਲੱਗੀ।

ਪਰ, ਮੈਂ ਉਸ ਸਜ਼ਾ ਦੀ ਘੜੀ ਨੂੰ ਉਡੀਕਦਾ ਹੀ ਰਹਿ ਗਿਆ। ਉਹ ਘੜੀ ਨਹੀਂ ਆਈ। ਦਿਨ ਬੀਤੇ, ਫਿਰ ਮਹੀਨੇ। ਇਕ ਦਿਨ ਫਿਰ ਸਤਿਗੁਰੂ ਜੀ ਕਿਸੇ ਲੰਮੇ ਦੌਰੇ ਤੋਂ ਵਾਪਸ ਆਏ। ਉਹ ਵਿਦਿਆਲੇ ਦੇ ਵਿਦਿਆਰਥੀਆਂ ਲਈ ਅਲੀਚੀਆਂ ਲੈ ਕੇ ਆਏ ਸਨ। ਅਲੀਚੀਆਂ ਉਹਨਾਂ ਨੇ ਆਪ ਸਭ ਨੂੰ ਵੰਡੀਆਂ। ਜਦੋਂ ਮੇਰੀ ਵਾਰੀ ਆਈ ਤਾਂ ਹਲਕੀ ਜਿਹੀ ਪਿਆਰ ਦੀ ਚਪੇੜ ਮਾਰਕੇ ਕਹਿਣ ਲੱਗੇ—

"ਇਹ ਓਹੋ ਸ਼ਕਾਇਤੀ ਲੜਕਾ ਹੈ ਨਾ?"

ਕੋਲੋਂ ਕੋਈ ਬੋਲਿਆ, "ਹਾਂ ਜੀ।"

ਮੈਂ ਇਕ ਵਾਰ ਫਿਰ ਕੰਬ ਉਠਿਆ। ਸੋਚਿਆ, ਸਜ਼ਾ ਵਾਲੀ ਭੁੱਲ ਚੁਕੀ ਗੱਲ ਫਿਰ ਨਵੇਂ ਸਿਰਿਓਂ ਚਲਾਈ ਜਾ ਸਕਦੀ ਹੈ, ਪਰ ਇਹ ਕੁਝ ਨਹੀਂ ਹੋਇਆ। ਸਤਿਗੁਰੂ ਜੀ ਸਾਨੂੰ ਪਿਆਰ ਦੀ ਸਜ਼ਾ ਦੇਣ ਦੇ ਪੱਖ ਵਿਚ ਸਨ, ਤਾਂਕਿ ਉਹਨਾਂ ਦੇ ਇਸ ਮਿਹਰਬਾਨ ਵਤੀਰੇ ਲਈ ਅਸੀਂ ਸਦਾ ਕ੍ਰਿਤੱਗ ਰਹੀਏ ਅਤੇ ਅਗੋਂ ਗਲਤੀਆਂ ਕਰਨ ਤੋਂ



Sri Satguru Jagjit Singh Ji eLibrary NamdhariElibrary@gmail.com

ਬਚੇ ਰਹੀਏ ।

## ਕਾਗ਼ਜ਼, ਕਲਮ ਅਤੇ ਪ੍ਰੇਰਣਾ

ਭਾਸ਼ਾ ਵਿਭਾਗ ਪੰਜਾਬ ਵਲੋਂ "ਪੰਜਾਬੀ ਪੱਤਰਕਾਰਤਾ ਦਾ ਇਤਿਹਾਸ" ਨਾਮ ਦੀ ਇਕ ਪੁਸਤਕ ਪ੍ਰਕਾਸ਼ਤ ਕੀਤੀ ਗਈ ਸੀ । ਉਸ ਵਿਚ ਨਾਮਧਾਰੀ ਵਿਦਿਆਲਾ ਭੈਣੀ ਸਾਹਿਬ ਤੋਂ ਨਿਕਲਣ ਵਾਲੇ ਇਕ ਹੱਥ-ਲਿਖਤ ਰਸਾਲੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ—

"ਪਿਆਰਾ"—ਇਹ ਮਾਸਕ ਪੱਤਰ ੧੯੩੩-੪ ਨੂੰ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਤੋਂ ਨਿਕਲਣਾ ਸ਼ੁਰੂ ਹੋਇਆ । ਇਸ ਦੇ ਸੰਪਾਦਕ ਸ. ਪ੍ਰੀਤਮ ਸਿੰਘ ਪੰਛੀ ਅਤੇ ਪ੍ਰੀਤਮ ਸਿੰਘ ਕਵੀ ਸਨ । ਰਸਾਲਾ ਵਿਦਿਆਰਥੀ ਆਪ ਹੱਥ ਨਾਲ ਲਿਖਦੇ ਸਨ । ਇਹ ਕੋਈ ਢਾਈ-ਤਿੰਨ ਸਾਲ ਚੱਲਣ ਤੋਂ ਬਾਅਦ ਬੰਦ ਹੋ ਗਿਆ ।

ਰਸਾਲਾ ਮੇਰੀ ਲੇਖਕ ਜ਼ਿੰਦਗੀ ਦੀ ਸ਼ੁਰੂਆਤ ਸੀ ਅਤੇ ਇਸ ਦੇ ਪਿਛੇ ਸਾਰੀ ਪ੍ਰੇਰਣਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੀ । ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਕੁਝ ਵਿਦਿਆਰਥੀ ਲਿਖਣ ਦਾ ਸ਼ੌਕ ਰਖਦੇ ਹਨ, ਤਾਂ ਉਹਨਾਂ ਨੇ ਨਾ ਸਿਰਫ ਸਾਡੀ ਕੰਡ ਥਾਪੜੀ, ਸਗੋਂ ਪ੍ਰਬੰਧਕਾਂ ਨੂੰ ਹੁਕਮ ਦਿਤਾ ਕਿ ਇਹਨਾਂ ਨੂੰ ਕਾਗ਼ਜ਼, ਕਲਮ ਅਤੇ ਰਸਾਲੇ ਲਈ ਹੋਰ ਸਮੱਗਰੀ ਮੁਹੱਈਆ ਕੀਤੀ ਜਾਏ ਅਤੇ ਇਹਨਾਂ ਦੇ ਸ਼ੌਕ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪੈਣ ਦਿਤਾ ਜਾਏ ।

## ਹਾਜ਼ਰ-ਜੁਆਬੀ

੧੯੪੫ ਦੀ ਗੱਲ ਹੈ । ਮੈਂ ਕਮਿਉਨਿਸਟ ਪਾਰਟੀ ਦੇ ਅਖਬਾਰ "ਜੰਗੇ-ਆਜ਼ਾਦੀ" ਵਿਚ ਕੰਮ ਕਰਦਾ ਸਾਂ । ਦਫਤਰ ਮੈਕਲੌਡ ਰੋਡ ਉਤੇ ਸੀ । ਸਾਡੀ ਬਿਲਡਿੰਗ ਦੇ ਠੀਕ ਪਿੱਛੇ ਲਾਹੌਰ ਦੇ ਇਕ ਪ੍ਰਸਿਧ ਡਾਕਟਰ ਕੌਲ ਦਾ ਘਰ ਅਤੇ ਕਲੀਨਿਕ ਸੀ । ਸਤਿਗੁਰੂ ਪ੍ਰਤਾਪ ਸਿੰਘ ਜੀ ਡਾਕਟਰ ਕੌਲ ਪਾਸ ਆਪਣੇ ਕਿਸੇ ਨਿਜੀ ਕੰਮ ਆਏ ਸਨ । ਕਮਿਉਨਿਸਟ ਆਗੂ ਕਾਮਰੇਡ ਸੋਹਣ ਸਿੰਘ ਜੋਸ਼ ਹੋਰਾਂ ਨੂੰ ਪਤਾ ਲਗਿਆ ਉਹ ਉਹਨਾਂ ਨੂੰ ਕਮਿਉਨਿਸਟ ਹੈੱਡਕੁਆਰਟਰ ਲੈ ਆਏ । ਸਤਿਗੁਰੂ ਜਗਜੀਤ ਸਿੰਘ ਜੀ ਵੀ ਨਾਲ ਸਨ ।

ਮੈਂ ਅਤੇ ਪ੍ਰੇਮ ਧਵਨ (ਬਾਅਦ ਵਿਚ ਪ੍ਰਸਿਧ ਫਿਲਮੀ ਸੰਗੀਤਕਾਰ ਅਤੇ ਗੀਤਕਾਰ) ਬੁਖਾਰ ਨਾਲ ਪਏ ਸਾਂ । ਮੈਨੂੰ ਪਤਾ ਲਗਿਆ । ਸਾਰਾ ਕਮਿਉਨਿਸਟ ਪਾਰਟੀ ਦਾ ਦਫਤਰ ਦੇਖ ਚੁਕਣ ਬਾਅਦ ਸਤਿਗੁਰੂ ਜੀ ਉਪਰਲੀ ਮੰਜ਼ਲ ਤੋਂ ਜਦੋਂ ਹੇਠਾਂ ਸਾਡੇ ਕਮਰੇ ਦੇ ਸਾਹਮਣੇ ਆਏ ਤਾਂ ਮੈਂ ਉਠ ਕੇ ਬੂਹੇ ਅਗੇ ਆ ਖਲੋਤਾ । ਕਮਿਉਨਿਸਟ ਆਗੂ ਡਾ. ਭਾਗ ਸਿੰਘ ਨੇ ਮੇਰੇ ਵਲ ਇਸ਼ਾਰਾ ਕਰਦਿਆਂ ਕਿਹਾ—"ਮਹਾਰਾਜ ! ਆਪ ਦਾ ਇਹ ਵੀ ਤਾਂ ਇਕ ਸ਼ਿਸ਼ ਹੈ ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁੜ ਕੇ ਮੇਰੇ ਵਲ ਵੇਖਦਿਆਂ ਫਰਮਾਇਆ—"ਮੈਂ ਜਾਣਦਾ ਹਾਂ ! ਮੈਂ ਇਹਨੂੰ ਤਰਬੀਅਤ ਦਿਤੀ । ਖੰਭ ਦਿਤੇ । ਉਡਣਾ ਸਿਖਾਇਐ । ਜਦੋਂ ਇਹ ਉਡਣਾ ਸਿਖ ਗਿਆ ਤਾਂ ਝਪਟਾ ਮਾਰ ਕੇ ਤੁਸੀਂ ਇਸ ਦੇ ਖੰਭ ਖੋਹ ਲਏ ਹਨ ।"

ਡਾ. ਭਾਗ ਸਿੰਘ ਲਾ-ਜੁਆਬ ਹੀ ਨਹੀਂ ਹੋਏ, ਸਗੋਂ ਸਤਿਗੁਰਾਂ ਦੀ ਹਾਜ਼ਰ ਜੁਆਬੀ ਨੇ ਉਹਨਾਂ ਨੂੰ ਸ਼ਰਮਸਾਰ ਵੀ ਕਰ ਦਿਤਾ ।

## ਜਦੋਂ ਵਰ੍ਹਿਆਂ ਦਾ ਫਾਸਲਾ ਦਿਨਾਂ ਦਾ ਜਾਪਿਆ

੧੯੫੭ ਦੀ ਇਕ ਸ਼ਾਮ । ਜਲੰਧਰ ਦ ਰਾਜਾ ਹਸਪਤਾਲ ਦੇ ਡਾ. ਜੀ. ਬੀ. ਸਿੰਘ ਕੋਲ ਮੈਂ ਪੱਥਰੀ ਦੇ ਇਲਾਜ ਲਈ ਗਿਆ ਹੋਇਆ ਸਾਂ । ਮੈਂ ਜਿਸ ਅਖਬਾਰ ਵਿਚ ਕੰਮ ਕਰਦਾ ਸਾਂ, ਡਾ. ਸਿੰਘ ਉਹਦੇ ਵਿਚ ਸਿਹਤ ਉਤੇ ਬਾਕਾਇਦਾ ਲੇਖ ਵੀ ਲਿਖਦੇ ਸਨ, ਇਸ ਲਈ ਉਹਨਾਂ ਨਾਲ ਚੰਗੀ ਦੋਸਤੀ ਵੀ ਹੋ ਗਈ ਸੀ ।

ਮੈਂ ਡਾਕਟਰ ਸਾਹਿਬ ਕੋਲੋਂ ਆਪਣੀ ਬੀਮਾਰੀ ਸਬੰਧੀ ਜਾਨਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਅਚਾਨਕ ਚਪਰਾਸੀ ਨੇ ਦਸਿਆ ਕਿ ਬਾਹਰ ਆਪ ਨੂੰ ਕੋਈ ਬੁਲਾ ਰਿਹਾ ਹੈ । ਡਾਕਟਰ ਸਾਹਿਬ ਬਾਹਰ ਗਏ । ਮੈਂ ਵੀ ਉਹਨਾਂ ਦੇ ਪਿਛੇ ਬਾਹਰ ਜਾ ਕੇ ਦੇਖਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਰਤਨ ਸਿੰਘ ਜੀ ਸਨ ਅਤੇ ਕੁਝ ਫਾਸਲੇ ਤੇ ਇਕ ਮੋਟਰ ਖਲੋਤੀ ਸੀ । ਡਾਕਟਰ ਸਿੰਘ, ਸਤਿਗੁਰੂ ਜੀ ਨੂੰ 'ਜੀ ਆਇਆਂ' ਆਖਣ ਲਈ ਅਗੇ ਵਧੇ । ਪਰ ਪਿਛਾਂਹ ਕਮਰੇ ਵਲ ਨੂੰ ਜਾਣ ਲਗਿਆਂ ਰਤਨ ਸਿੰਘ ਹੋਰਾਂ ਮੈਨੂੰ ਰੋਕ ਲਿਆ ਅਤੇ ਜ਼ਬਰਦਸਤੀ ਫੜ ਕੇ ਸਤਿਗੁਰਾਂ ਕੋਲ ਲੈ ਗਏ ।

ਫਿਰ ਕੀ ਸੀ, ਸਤਿਗੁਰਾਂ ਦੀ ਏਨੀ ਮਿਹਰ ਦੀ ਨਿਗਾਹ ਹੋਈ ਕਿ ਉਹਨਾਂ ਨੇ ਮੈਨੂੰ ਇਕ ਘੰਟਾ ਆਪਣੇ ਕੋਲ ਬਿਠਾਈ ਰਖਿਆ । ਰਾਜਨੀਤੀ ਦੀਆਂ ਗਲਾਂ, ਧਰਮ ਦੀਆਂ ਗਲਾਂ ਅਤੇ ਦੁਨੀਆਂ ਦੀ ਨਵੀਂ ਚਾਲ ਢਾਲਦੀਆਂ ਗਲਾਂ ਦਾ ਸਿਲਸਿਲਾ ਮੁਕਣ ਵਿਚ ਹੀ ਨਹੀਂ ਸੀ ਆਉਂਦਾ ।

ਉਹਨਾਂ ਨੇ ਪੇਟ ਦੀ ਪੱਥਰੀ ਬਾਰੇ ਫੁਰਮਾਇਆ ਕਿ ਪੰਦਰਾਂ ਦਿਨ ਮੈਂ ਭੈਣੀ ਸਾਹਿਬ ਜਾ ਕੇ ਰਹਾਂ, ਉਥੇ ਇਕ ਸੰਤ ਫਰੀਦ ਕੋਲ ਪੱਥਰੀ ਦੀ ਆਜ਼ਮੂਦਾ ਦਵਾਈ ਹੈ । ਮੈਨੂੰ ਦਸ ਵਰ੍ਹੇ ਬਾਅਦ ਸਤਿਗੁਰਾਂ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆ ਸੀ । ਪਰ ਉਸ ਦਿਨ ਇੰਜ ਜਾਪਿਆ ਸੀ, ਜਿਵੇਂ ਇਹ ਫਾਸਲਾ ਵਰ੍ਹਿਆਂ ਦਾ ਨਾ ਹੋ ਕੇ, ਕੁਝ ਦਿਨਾਂ ਦਾ ਹੋਵੇ ।



Sri Satguru Jagjit Singh Ji eLibrary NamdhariElibrary@gmail.com

## ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ

ਮਿਤੀ ੩-੪ ਅਗਸਤ ੧੯੯੬ ਨੂੰ ਨਾਮਧਾਰੀ ਲਹਿਰ ਦੇ ਪ੍ਰਥਮ ਸ਼ਹੀਦ (ਰਾਏਕੋਟ ਕੇਸ ਵਿਚ) ਭਾਈ ਗੁਰਮੁਖ ਸਿੰਘ, ਮਸਤਾਨ ਸਿੰਘ, ਮੰਗਲ ਸਿੰਘ ਹੋਰਾਂ ਦੀ ੧੨੫ਵੀਂ ਸ਼ਹੀਦੀ ਬਰਸੀ ਦੇ ਅਵਸਰ ਤੇ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਦੋ-ਦਿਨਾ ਭਰਵਾਂ ਸ਼ਹੀਦੀ ਜੋੜ ਮੇਲਾ ਹੋਇਆ। ਜੋੜ ਮੇਲੇ ਸਮੇਂ ਨਾਮਧਾਰੀ ਲਹਿਰ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਇਸ ਦੇ ਸ਼ਹੀਦਾਂ ਨੂੰ ਆਜ਼ਾਦੀ ਮਹੱਲ ਦੀਆਂ ਨੀਂਹਾਂ ਦੀਆਂ ਇੱਟਾਂ ਨਾਲ ਤਸ਼ਬੀਹ ਦਿਤੀ ਗਈ। ਇਸ ਸਮੇਂ ਇਸ ਲਹਿਰ ਵਿਚ ਫ਼ਾਂਸੀਆਂ ਤੇ ਚੜ੍ਹਨ ਵਾਲੇ, ਤੋਪਾਂ ਨਾਲ ਉਡਾਏ ਜਾਣ ਵਾਲੇ, ਸਮੁੰਦਰਾਂ 'ਚ ਡੋਬੇ ਜਾਣ ਵਾਲੇ ਦੇਸ ਵਿਦੇਸ਼ ਦੀਆਂ ਜੇਲ੍ਹਾਂ ਵਿਚ ਉਮਰਾਂ ਗਾਲਣ ਵਾਲੇ ਸੂਰਬੀਰ ਨਾਮਧਾਰੀਆਂ ਦੇ ਰੋਹ ਭਰੇ ਕਾਰਨਾਮੇ ਯਾਦ ਕੀਤੇ ਗਏ। ਵੱਖ ਵੱਖ ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਰਾਮ ਸਿੰਘ ਵਲੋਂ ਚਲਾਈ ਨਾਮਧਾਰੀ ਲਹਿਰ ਪੰਜਾਬ ਦੀ ਅਣਖ ਅਤੇ ਸਵੈਮਾਨ ਨੂੰ ਬੁਲੰਦ ਕਰਨ ਵਾਲੀ ਉੱਚੀ-ਸੁੱਚੀ ਕੁਰਬਾਨੀਆਂ ਭਰੀ ਲਹਿਰ ਸੀ, ਅਤੇ ਇਸ ਦਾ ਪ੍ਰਭਾਵ ਬਾਅਦ ਦੀਆਂ ਆਜ਼ਾਦੀ ਲਈ ਚੱਲੀਆਂ ਲਹਿਰਾਂ, ਗ਼ਦਰ ਪਾਰਟੀ, ਬੱਬਰ ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਤੇ ਸ਼ਿੱਦਤ ਨਾਲ ਪਿਆ।

ਦੀਵਾਨ ਨੂੰ ਸੰਬੋਧਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਨੇ ਸਿਰ ਦੇਣਾ ਪ੍ਰੇਮ ਦੀ ਖੇਡ ਸਮਝਿਆ। ਮਹਾਨ ਆਤਮਾ ਹੀ ਮਹਾਨ ਕੁਰਬਾਨੀ ਕਰ ਸਕਦੀ ਹੈ। ਅੱਜ ਵੀ ਲੋਕਾਈ ਦਾ ਕਲਿਆਣ ਧਰਮ ਦੇ ਸੱਚੇ-ਸੁੱਚੇ ਸਿਧਾਂਤਾਂ 'ਤੇ ਅਮਲ ਕਰਨ ਵਿਚ ਹੈ। ਆਪ ਜੀ ਨੇ ਗੁਰਬਾਣੀ ਨੂੰ ਇਸ ਜਗ ਦਾ ਚਾਨਣ ਕਿਹਾ ਅਤੇ ਨਾਮ ਸਿਮਰਨ ਨੂੰ ਆਤਮਾ ਬਲਵਾਨ ਕਰਨ ਦਾ ਸਾਧਨ ਦਸਿਆ ਅਤੇ ਗੁਰੂ ਨੂੰ ਮਾਰਗ ਦਰਸ਼ਕ।

ਵਖ ਵਖ ਸਮਿਆਂ ਤੇ ਦੀਵਾਨ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸ਼ਾਮਲ ਸਨ--ਸ. ਹੀਰਾ ਸਿੰਘ ਗਾਬੜੀਆ (ਪ੍ਰਧਾਨ ਅਕਾਲੀ ਜਥਾ ਲੁਧਿਆਣਾ), ਸ੍ਰੀ ਜਗਜੀਤ ਸਿੰਘ ਅਨੰਦ (ਸੰਪਾਦਕ ਨਵਾਂ ਜ਼ਮਾਨਾ), ਡਾ. ਸਰਦਾਰਾ ਸਿੰਘ ਜੌਹਲ (ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ), ਪ੍ਰਿੰਸੀਪਲ ਗੁਰਦਿਆਲ ਸਿੰਘ, ਮਾਸਟਰ ਨਿਹਾਲ ਸਿੰਘ (ਪ੍ਰਧਾਨ ਨਾਮਧਾਰੀ ਦਰਬਾਰ), ਪ੍ਰੋ. ਏ. ਐਸ. ਬਿੰਦਰਾ, ਮਹਿੰਦਰ ਸਿੰਘ ਸਰਪੰਚ, ਗੁਰਦੇਵ ਸਿੰਘ ਰਾਏ, ਜਗਦੀਸ਼ ਸਿੰਘ (ਸੰਪਾਦਕ ਵਰਿਆਮ), ਦਲੀਪ ਸਿੰਘ ਨਾਮਧਾਰੀ, ਸੂਬਾ ਹਰਭਜਨ ਸਿੰਘ ਅਤੇ ਸੰਤ ਤਰਸੇਮ ਸਿੰਘ।

ਜਥੇਦਾਰ ਅਮਰ ਸਿੰਘ ਨਕੋੜਾ, ਸੂਬਾ ਸੇਵਾ ਸਿੰਘ, ਜਥੇਦਾਰ ਦਰਸ਼ਨ ਸਿੰਘ, ਪ੍ਰੀਤਮ ਸਿੰਘ, ਗੁਰਚਰਨ ਸਿੰਘ ਦੇ ਦੀਵਾਨ ਅਤੇ ਹਜ਼ੂਰੀ ਰਾਗੀਆਂ ਸੰਤ ਹਰਬੰਸ ਸਿੰਘ, ਖਜ਼ਾਨ ਸਿੰਘ, ਸ਼ੇਰ ਸਿੰਘ ਦਾ ਕੀਰਤਨ ਸਾਰੇ ਪੰਜਾਬ ਤੋਂ ਆਈਆਂ ਸੰਗਤਾਂ ਨੇ ਆਨੰਦ ਨਾਲ ਸੁਣਿਆ।

ਪਹਿਲੇ ਦਿਨ ਦੀ ਸ਼ਾਮ ਨੂੰ ਇਕ ਕਵੀ ਦਰਬਾਰ ਹੋਇਆ। ਪੰਜਾਬੀ ਦਾ ਪ੍ਰਸਿਧ ਕਵੀ ਸੁਰਜੀਤ ਪਾਤਰ ਆਪਣੇ ਤਰੱਨੁਮ ਅਤੇ ਭਾਵਾਂ ਦੀ ਸ਼ਿੱਦਤ ਕਾਰਨ ਲੋਕਾਂ ਦੇ ਮਨਾਂ ਵਿਚ ਡੂੰਘਾ ਉਤਰ ਗਿਆ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਕਵੀਆਂ—ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਬਲਬੀਰ ਸਿੰਘ ਢਿਲੋਂ, ਜੁਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ, ਲਖਵਿੰਦਰ ਬਾਜਵਾ, ਵਰਿਆਮ ਪਿਆਸਾ, ਕਰਨੈਲ ਸਿੰਘ ਅਸਪਾਲ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਇਤਿਹਾਸ ਦੇ ਪੰਨਿਆਂ ਨੂੰ ਉਜਾਗਰ ਕੀਤਾ। ਸਮਾਗਮ ਸਮੇਂ ਕਾਵਿ ਪੁਸਤਕਾਂ 'ਬਖਸ਼ਿਸ਼' ਕ੍ਰਿਤ ਸੁਰਿੰਦਰ ਕੌਰ ਖਰਲ ਅਤੇ 'ਅਦ੍ਭੁਤੀ ਰਹਿਬਰ' ਕ੍ਰਿਤ ਗੁਰਦੇਵ ਸਿੰਘ ਰਾਏ ਵੀ ਰੀਲੀਜ਼ ਕੀਤੀਆਂ ਗਈਆਂ। ਮੇਲੇ ਦੀ ਸੇਵਾ ਸ. ਸਰਦਾਰਾ ਸਿੰਘ ਜੀ ਦੇ ਪਰਿਵਾਰ ਸ, ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ, ਬਖਸ਼ੀਸ਼ ਸਿੰਘ ਵਲੋਂ ਕੀਤੀ ਗਈ।

## ਤ੍ਰਿਲੋਕ ਸਿੰਘ ਚਿੱਤਰਕਾਰੀ ਸਨਮਾਨ

ਹਰ ਵਰ੍ਹੇ ਦੀ ਤਰ੍ਹਾਂ ਐਤਕਾਂ ਵੀ ੩੨ਵੇਂ ਵਿਸ਼ਵ ਨਾਮਧਾਰੀ ਵਿਦਿਅਕ ਸੰਮੇਲਨ ਵਿਚ ਜੂਨ ੯੬ ਦੇ ਹੋਰ ਮੁਕਾਬਲਿਆਂ ਤੋਂ ਬਿਨਾਂ ਚਿੱਤਰਕਾਰੀ ਮੁਕਾਬਲੇ ਦੇ ਜੇਤੂ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਦੁਆਰਾ 'ਤ੍ਰਿਲੋਕ ਸਿੰਘ ਚਿੱਤਰਕਾਰੀ ਸਨਮਾਨ' ਦੇ ਕੇ ਨਿਵਾਜਿਆ ਗਿਆ।

ਯਾਦ ਰਹੇ ਇਸੇ ਤਰ੍ਹਾਂ ਦਿੱਲੀਓਂ ਹੋਣਹਾਰ ਉੱਭਰਦੇ ਪੇਂਟਿੰਗ ਮੁਕਾਬਲੇ ਦੇ ਜੇਤੂ ਲੜਕੇ ਲੜਕੀਆਂ ਨੂੰ 'ਤ੍ਰਿਲੋਕ ਸਿੰਘ ਆਰਟ ਐਵਾਰਡ' ਤੇ ਸੰਨਦ ਦੇ ਕੇ ਸ੍ਰੀ ਸਤਿਗੁਰੂ ਜੀ ਪਾਸੋਂ ਅਸ਼ੀਰਵਾਦ ਦੁਆਉਣ ਦਾ ਉਪਰਾਲਾ ਤ੍ਰਿਲੋਕ ਸਿੰਘ ਆਰਟ ਮੈਮੋਰੀਅਲ ਸੋਸਾਇਟੀ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਕਿਸਾਨ ਦਿਵਸ ਆਯੋਜਿਤ

ਨਾਮਧਾਰੀ ਸੀਡਜ਼ ਬੰਗਲੌਰ ਵਲੋਂ ਬੀਤੀ ੭ ਜੂਨ ਨੂੰ ਕਪੂਰਥਲਾ ਦੇ ਨਜ਼ਦੀਕ ਪਿੰਡ ਦੰਦੂਪੁਰ ਵਿਖੇ ਇਕ ਕਿਸਾਨ ਦਿਵਸ ਆਯੋਜਿਤ ਕੀਤਾ ਗਿਆ, ਜਿਸ ਵਿਚ ੨੦੦ ਤੋਂ ਵਧ ਕਿਸਾਨਾਂ ਨੇ ਭਾਗ ਲਿਆ। ਇਸ ਕਿਸਾਨ ਦਿਵਸ ਦਾ ਮੁਖ ਮਕਸਦ ਨਾਮਧਾਰੀ ਸੀਡਜ਼ ਵਲੋਂ ਤਿਆਰ ਕੀਤੀਆਂ ਗਈਆਂ ਖਰਬੂਜ਼ੇ ਅਤੇ ਤਰਬੂਜ਼ ਦੀਆਂ ਕ੍ਰਮਵਾਰ ਐਨ. ਐਸ. ੭੪੫੫ ਅਤੇ ਐਨ. ਐਸ. ੨੪੬ ਹਾਈਬਰੀਡ ਕਿਸਮਾਂ ਬਾਰੇ ਜਾਣਕਾਰੀ ਦੇਣਾ ਸੀ।

ਇਹ ਕਿਸਮਾਂ ਪਿੰਡ ਦੇ ਨੰਬਰਦਾਰ ਸ. ਗੁਰਦੇਵ ਸਿੰਘ ਦੇ ਖੇਤ ਵਿਚ ਲੱਗੀਆਂ ਹੋਈਆ ਸਨ, ਜਿਨ੍ਹਾਂ ਨੂੰ ਵੇਖ ਕੇ ਕਿਸਾਨ ਬਹੁਤ ਪ੍ਰਭਾਵਿਤ ਹੋਏ ਅਤੇ ਅੱਗੇ ਤੋਂ ਇਹੀ ਕਿਸਮਾਂ ਲਗਾਉਣ ਦਾ ਫੈਸਲਾ ਕੀਤਾ।

ਇਹਨਾਂ ਕਿਸਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਕੰਪਨੀ ਦੇ ਰਿਜਨਲ ਮੈਨੇਜਰ ਸ. ਰਛਪਾਲ ਸਿੰਘ ਨੇ ਦਸਿਆ ਕਿ ਇਹ ਕਿਸਮਾਂ ਮਾਰਕੀਟ ਵਿਚ ਬਾਕੀ ਸਾਰੀਆਂ ਕਿਸਮਾਂ ਨਾਲੋਂ ਅਗੇਤੀਆਂ, ਵਧ ਝਾੜ ਦੇਣ ਵਾਲੀਆਂ, ਦੂਰ ਲੈ ਕੇ ਜਾਣ ਦੀ ਜ਼ਿਆਦਾ ਸਮਰਥਾ ਰਖਦੀਆਂ ਹਨ ਅਤੇ ਮਿਠਾਸ—ਜੋ ਕਿ ਕਿਸੇ ਵੀ ਖਾਣ ਵਾਲੀ ਚੀਜ਼ ਦਾ ਬਹੁਤ ਹੀ ਜ਼ਰੂਰੀ ਗੁਣ ਹੈ—ਇਹਨਾਂ ਵਿਚ ਸਭ ਤੋਂ ਜ਼ਿਆਦਾ ਹੈ।

ਖਰਬੂਜ਼ਾ ਐਨ. ਐਸ. ੭੪੫੫ ਬਾਰੇ ਉਨ੍ਹਾਂ ਦਸਿਆ ਕਿ ਇਹ ਕਿਸਮ ਨਾਮਧਾਰੀ ਸੀਡਜ਼ ਦੇ ਰਿਸਰਚ ਅਤੇ ਡਿਵੈਲਪਮੈਂਟ ਵਿਭਾਗ ਦੀ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਵੱਡੀ ਦੇਣ ਹੈ, ਜਿਸ ਤੋਂ ਪੰਜਾਬ ਦੇ ਕਿਸਾਨ ਬਹੁਤ ਲਾਭ ਲੈ ਰਹੇ ਹਨ। ਇਸਦੀ ਮਿਠਾਸ ੧੪% ਹੈ ਅਤੇ ਦੂਰ ਲਿਜਾਣ ਵਾਸਤੇ ਵੀ ਬਹੁਤ ਵਧੀਆ ਹੈ। ਇਸੇ ਲਈ ਸ੍ਰੀਨਗਰ ਅਤ ਦਿੱਲੀ ਦੇ ਵਪਾਰੀ ਇਸ ਨੂੰ ਸਭ ਤੋਂ ਵਧ ਰੇਟ ਦੇ ਕੇ ਸਭ ਤੋਂ ਪਹਿਲੇ ਖਰੀਦਦੇ ਹਨ। ਲੋਕਲ ਮਾਰਕੀਟ ਵਿਚ ਵੀ ਇਹ ਖਰਬੂਜ਼ਾ ਬਹੁਤ ਮਿੱਠਾ ਹੋਣ ਕਰਕੇ ਸਭ ਤੋਂ ਪਹਿਲੇ ਵਿਕਦਾ ਹੈ।

ਤਰਬੂਜ਼ ਐਨ. ਐਸ. ੨੪੬ ਬਾਰੇ ਦੱਸਦਿਆਂ ਸ. ਰਛਪਾਲ ਸਿੰਘ ਨੇ ਕਿਹਾ ਕਿ ਬੇਸ਼ਕ ਇਸ ਫਲ ਦੀ ਕਾਸ਼ਤ ਪੰਜਾਬ ਵਿਚ ਇਤਨੀ ਜ਼ਿਆਦਾ ਨਹੀਂ, ਪਰ ਫਿਰ ਵੀ ਆਪਣੇ ਖਾਸ ਗੁਣਾਂ ਕਰਕੇ ਇਹ ਕਿਸਮ ਸਭ ਤੋਂ ਜ਼ਿਆਦਾ ਲੋਕਪ੍ਰਿਯ ਹੋ ਰਹੀ ਹੈ। ਇਸ ਵਿਚ ਵੀ ਮਿਠਾਸ ੧੩% ਹੈ ਅਤੇ ਦੂਰ ਲਿਜਾਣ ਦੀ ਸਮਰਥਾ ਬਹੁਤ ਵਧੀਆ ਹੈ।

ਇਸ ਤੋਂ ਇਲਾਵਾ ਕੰਪਨੀ ਵਲੋਂ ਖਰਬੂਜ਼ੇ ਅਤੇ ਤਰਬੂਜ਼ ਦੀਆਂ ਦੋ ਨਵੀਆਂ ਕਿਸਮਾਂ ਐਨ.ਐਸ.—੧ ਅਤੇ ਐਨ.ਐਸ.—੩ (ਹਨੀ ਡਿਊ) ਅਤੇ ਐਨ.ਐਸ.-੩੨੧ ਅਤੇ ਐਨ.ਐਮ -੧੦੩੨ ਬਾਰੇ ਵੀ ਦਸਿਆ ਗਿਆ ਅਤੇ ਇਸਦੇ ਫ਼ਰੂਟ ਵੀ ਜ਼ਿਮੀਂਦਾਰਾਂ ਨੂੰ ਖਿਲਾਏ ਗਏ। ਇਹ ਕਿਸਮਾਂ ਵੀ ਜ਼ਿਮੀਂਦਾਰਾਂ ਨੇ ਬਹੁਤ ਸਲਾਹੀਆਂ ਅਤੇ ਭਵਿਖ ਵਿਚ ਇਨ੍ਹਾਂ ਨੂੰ ਪਹਿਲੀਆਂ ਕਿਸਮਾਂ ਦਾ ਬਦਲ ਦਸਿਆ।

ਇਸ ਕਿਸਾਨ ਦਿਵਸ ਵਿਚ ਕਿਸਾਨਾਂ ਨੇ ਵੀ ਆਪਣੀਆਂ ਮੁਸ਼ਕਲਾਂ ਦੱਸੀਆਂ, ਜਿਸ ਵਿਚ ਦੁਆਈਆਂ ਦੀ ਵਰਤੋਂ ਬਾਰੇ ਜਾਣਕਾਰੀ ਅਤੇ ਬੀਜ ਦਾ ਸਮੇਂ ਸਿਰ ਨਾ ਮਿਲਣਾ ਆਦਿ ਸ਼ਾਮਲ ਹੈ। ਕੰਪਨੀ ਵਲੋਂ ਅਗਲੇ ਸਾਲ ਦੁਆਈਆਂ ਦੀ ਵਰਤੋਂ ਬਾਰੇ ਜਾਣਕਾਰੀ ਛਪਵਾਕੇ ਦੇਣ ਅਤੇ ਬੀਜ ਦੀ ਸਪਲਾਈ ਸਮੇਂ ਸਿਰ ਦੇਣ ਦਾ ਯਕੀਨ ਦੁਆਇਆ ਗਿਆ।

ਯਾਦ ਰਹੇ ਕਿ ਕੰਪਨੀ ਨੇ ਚਾਰ ਸਾਲਾਂ ਦੇ ਥੋੜੇ, ਜਿਹੇ ਸਮੇਂ ਵਿਚ ਕਿਸਾਨਾਂ ਨੂੰ ਬਹੁਤ ਵਧੀਆ ਸਬਜ਼ੀਆਂ ਦੀਆਂ ਹਾਈਬਰੀਡ ਕਿਸਮਾਂ ਦਿਤੀਆਂ ਹਨ, ਜਿਨ੍ਹਾਂ ਵਿਚ ਟਮਾਟਰ ਸਮਰ ਸੈਟ ਅਤੇ ਐਨ.ਐਸ.-੮੧੫, ਫੁੱਲ ਗੋਭੀ ਐਨ.ਐਸ.-੬੦, ਹਰੀ ਮਿਰਚ ਐਨ.ਐਸ.-੧੦੧ ਅਤੇ ੧੭੦੧, ਭਿੰਡੀ ਅਰਕਾ ਅਨਾਮਿਕਾ, ਖਰਬੂਜ਼ਾ ਐਨ.ਐਸ.-੭੪੫੫ ਅਤੇ ਤਰਬੂਜ਼ ਐਨ.ਐਸ.-੨੪੦ ਅਤੇ ਐਨ.ਐਸ.-੨੯੫ ਸ਼ਾਮਲ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਜੋ ਕਿ ਨਾਮਧਾਰੀ ਸੀਡਜ਼ ਦੇ ਸਰਪ੍ਰਸਤ ਅਤੇ ਮਾਰਗ ਦਰਸ਼ਕ ਹਨ) ਦੇ ਹੁਕਮ ਅਨੁਸਾਰ ਉੱਤਰੀ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਵਾਸਤੇ ਕੰਪਨੀ ਨੇ ਲੁਧਿਆਣੇ ਵਿਚ ਆਪਣਾ ਇਕ ਰਿਸਰਚ ਸਟੇਸ਼ਨ ਸ਼ੁਰੂ ਕੀਤਾ ਹੈ, ਜੋ ਕਿ ਹੋਰ ਵਧੀਆ ਹਾਈ ਬਰੀਡ ਕਿਸਮਾਂ ਇਜਾਦ ਕਰਕੇ ਕਿਸਾਨਾਂ ਦੀ ਸੇਵਾ ਕਰੇਗਾ।

ਨਾਮਧਾਰੀ ਸੀਡਜ਼ ਕਿਸਾਨਾ ਤੋਂ ਫ਼ੁੱਲਾਂ ਦੇ ਬੀਜ ਵੀ ਤਿਆਰ ਕਰਵਾਕੇ ਵਾਪਸ ਖਰੀਦ ਰਹੀ ਹੈ, ਜਿਸ ਤੋਂ ਬਹੁਤ ਸਾਰੇ ਕਿਸਾਨ ਫਾਇਦਾ ਉਠਾ ਰਹੇ ਹਨ।

ਇਸ ਕਿਸਾਨ ਦਿਵਸ ਨੂੰ ਆਯੋਜਿਤ ਕਰਨ ਲਈ ਕੰਪਨੀ ਦੇ ਡਿਸਟਰੀਬਿਊਟਰ, ਇੰਡੀਆ ਸੀਡ ਸਿੰਡੀਕੇਟ ਜਲੰਧਰ ਨੇ ਵੀ ਬਹੁਤ ਸਹਿਯੋਗ ਦਿਤਾ।



Sri Satguru Jagjit Singh Ji eLibrary NamdhariElibrary@gmail.com

# 'ਸ਼ੇਰ ਦੀ ਸਵਾਰੀ' ਉਤੇ ਗੋਸ਼ਟੀ

ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ੧੪ ਜੁਲਾਈ ੧੯੯੬ ਨੂੰ ਪ੍ਰਸਿਧ ਪੰਜਾਬੀ ਲੇਖਕ ਪ੍ਰੋ. ਪਿਆਰਾ ਸਿੰਘ ਭੋਗਲ ਦੇ ਨਵ-ਪ੍ਰਕਾਸ਼ਿਤ ਨਾਵਲ 'ਸ਼ੇਰ ਦੀ ਸਵਾਰੀ' ਸੰਬੰਧੀ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇਕ ਸਫਲ ਸਾਹਿਤਕ ਗੋਸ਼ਟੀ ਕਰਵਾਈ ਗਈ। ਇਸ ਸਮਾਗਮ ਦੀ ਸਫਲਤਾ ਵਿਦਵਾਨਾਂ ਵਲੋਂ ਨਾਟਕ ਸੰਬੰਧੀ ਪੜ੍ਹੇ ਗਏ ਵਿਸ਼ਲੇਸ਼ਣਾਤਮਕ ਖੋਜ ਪੇਪਰਾਂ, ਨਾਵਲ ਅਤੇ ਖੋਜ ਪੇਪਰਾਂ ਸੰਬੰਧੀ ਹੋਈ ਗੰਭੀਰ ਬਹਿਸ ਅਤੇ ਵੱਡੀ ਗਿਣਤੀ ਵਿਚ ਹੁੰਮ-ਹੁਮਾਕੇ ਪਹੁੰਚੇ ਸਰੋਤਿਆਂ ਕਾਰਨ ਸੀ।

ਪ੍ਰਧਾਨਗੀ ਮੰਡਲ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜੁਗਿੰਦਰ ਸਿੰਘ ਪੁਆਰ, ਕੈਪਟਨ ਕੰਵਲਜੀਤ ਸਿੰਘ ਸਾਬਕ ਗ੍ਰਹਿ ਰਾਜ ਮੰਤਰੀ, ਸ. ਸੁਰਜੀਤ ਸਿੰਘ ਮਿਨਹਾਸ ਸਾਬਕ ਸਪੀਕਰ ਪੰਜਾਬ, ਸ੍ਰੀ ਗੰਧਰਵ ਸੈਨ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸ. ਜਗਦੀਸ਼ ਸਿੰਘ ਵਰਿਆਮ ਪ੍ਰਧਾਨ ਪੰਜਾਬੀ ਲੇਖਕ ਸਭਾ ਜਲੰਧਰ ਅਤੇ ਪੁਸਤਕ ਦੇ ਲੇਖਕ ਪ੍ਰੋ. ਪਿਆਰਾ ਸਿੰਘ ਭੋਗਲ ਸ਼ਾਮਲ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਪ੍ਰਸਿਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਨਿਭਾਈ।

ਪੰਜਾਬ ਦੇ ਇਤਿਹਾਸ ਨੂੰ ਸਮਕਾਲੀ ਪ੍ਰਸੰਗਕਤਾ ਨਾਲ ਜੋੜ ਕੇ ਗ਼ਲਪ ਬਿੰਬ ਸਿਰਜਣ ਦੇ ਆਹਰ ਵਿਚ ਲਗੇ ਪ੍ਰੋ. ਪਿਆਰਾ ਸਿੰਘ ਭੋਗਲ ਦੇ ਨਾਵਲ 'ਸ਼ੇਰ ਦੀ ਸਵਾਰੀ' ਸੰਬੰਧੀ ਡਾ. ਜਗਬੀਰ ਸਿੰਘ ਅਤੇ ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੇ ਪਰਚਿਆਂ ਵਿਚ ਇਸ ਨਾਵਲ ਦੀ ਬਣਤਰ ਅਤੇ ਬੁਣਤਰ ਨੂੰ ਪੰਜਾਬੀ ਨਾਵਲ ਦੀਆਂ ਪਰੰਪਰਿਕ ਜੁਗਤਾਂ ਤੋਂ ਨਿਵੇਕਲਾ ਗਰਦਾਨਿਆ, ਪਰ ਸੁਖਦੇਵ ਸਿੰਘ ਖਾਹਰਾ ਨੇ ਇਸ ਨਾਵਲ ਦੇ ਗਲਪੀ ਬਿੰਬ ਬਣਨ ਜਾਂ ਨਾ ਬਣਨ ਸੰਬੰਧੀ ਖੁਦ ਚੁੱਪ ਧਾਰਦਿਆਂ ਇਸ ਮਸਲੇ ਨੂੰ ਵਿਦਵਾਨਾਂ ਦੀ ਵਿਚਾਰ ਚਰਚਾ ਲਈ ਖੁਲ੍ਹਾ ਛਡਿਆ। ਪ੍ਰੋ: ਗੁਰਲਾਲ ਸਿੰਘ ਨੇ ਆਪਣੇ ਪਰਚੇ ਵਿਚ ਨਾਵਲ ਵਿਚ ਅਪਣਾਈ ਗਲਪੀ ਤਕਨੀਕ ਦੀ ਵਿਸ਼ੇ ਨਾਲ ਇਕਸੁਰਤਾ ਦੀ ਅਣਹੋਂਦ ਵਲ ਇਸ਼ਾਰਾ ਕੀਤਾ।

ਬਹਿਸ ਦਾ ਆਰੰਭ ਕਰਦਿਆਂ ਪੰਜਾਬੀ ਦੇ ਨਵੇਂ ਗਲਪ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੇ ਪਰਚਾ ਲੇਖਕਾਂ ਦੇ ਨਾਵਲ ਦੀਆਂ ਜੁਗਤਾਂ ਨੂੰ ਵਿਸ਼ਲੇਸ਼ਣਾਤਮਕ ਢੰਗ ਨਾਲ ਲੱਭਣ ਦੀ ਸਲਾਹੁਤਾ ਕੀਤੀ, ਪਰ ਉਨ੍ਹਾਂ ਕਿਹਾ ਕਿ ਖੋਜ ਪੇਪਰ ਲਿਖਣਾ ਮਹਿਜ ਜੁਗਤਾਂ ਲੱਭਣਾ ਨਹੀਂ, ਸਗੋਂ ਜੁਗਤਾਂ ਰਾਹੀਂ ਪ੍ਰਗਟਾਈ ਲੇਖਕ ਦੀ ਜੀਵਨ ਪ੍ਰਤੀ ਪਹੁੰਚ ਲੱਭਣ ਦੀ ਚਿੰਤਾ ਆਲੋਚਕ ਅਤੇ ਪਾਠਕ ਦੀ ਹੋਣੀ ਚਾਹੀਦੀ ਹੈ ਜਿਹੜੀ ਕਿ ਇਨ੍ਹਾਂ ਪਰਚਿਆਂ ਵਿਚ ਦਿਖਾਈ ਨਹੀਂ ਦਿਤੀ। ਧਾਲੀਵਾਲ ਨੇ 'ਸ਼ੇਰ ਦੀ ਸਵਾਰੀ' ਦੀ ਸਮੁਚੇ ਰੂਪ ਵਿਚ ਪ੍ਰਸਤੁਤ ਹੁੰਦੀ ਜੀਵਨ ਪ੍ਰਤੀ ਪਹੁੰਚ ਨੂੰ ਭਾਈ ਵੀਰ ਸਿੰਘ ਦੀ ਨਾਵਲੀ-ਜੁਗਤ ਨਾਲ ਸਮਾਨਤਾ ਦੀ ਦ੍ਰਿਸ਼ਟੀ ਤੋਂ ਵੇਖਿਆ। ਬਹਿਸ ਵਿਚ ਹਿੱਸਾ ਲੈਂਦਿਆਂ ਸ਼ਬਦੀਸ਼ ਨੇ ਨਾਵਲ ਨੂੰ ਇਤਿਹਾਸ ਮੁਖੀ ਦੀ ਬਜਾਏ ਅਤੀਤ ਪੱਖੀ ਹੋਣ ਵਾਲਾ ਪਛਾਣਿਆ।

ਉਨ੍ਹਾਂ ਤੋਂ ਇਲਾਵਾ ਬਹਿਸ ਵਿਚ ਹਿੱਸਾ ਲੈਣ ਵਾਲੇ ਵਿਦਵਾਨ ਸਨ ਅਵਤਾਰ ਸਿੰਘ ਭਾਟੀਆ, ਗੁਰਬਚਨ ਸਿੰਘ ਅਤੇ ਕ੍ਰਿਸ਼ਨ ਲਾਲ ਪਰਵਾਨਾ।

ਇਸ ਨਾਵਲ ਦੇ ਇਕ ਪਾਤਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਨੇ ਪਹਿਲਾਂ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਅਤੇ ਫੇਰ ਬਹਿਸ ਵਿਚ ਹਿੱਸਾ ਲੈਂਦਿਆਂ ਹੋਇਆਂ ਇਸ ਨਾਵਲ ਨੂੰ ਇਕ ਅਜਿਹੀ ਦਿਸ਼ਾ ਪੁਸਤਕ ਵਜੋਂ ਸਥਾਪਤ ਕਰਨ ਦਾ ਯਤਨ ਕੀਤਾ, ਜਿਸ ਨੂੰ ਪੜ੍ਹ ਕੇ ਅਕਾਲੀਆਂ ਨੂੰ ਪੰਜਾਬ ਵਿਚ ਰਾਜ ਕਰਨ ਦੀ ਜੁਗਤ ਵੀ ਆ ਸਕਦੀ ਹੈ ਅਤੇ ਪੰਜਾਬੀ ਕੌਮ ਨੂੰ ਆਪੋ ਵਿਚ ਮਿਲਜੁਲਕੇ ਰਹਿਣ ਦਾ ਸਲੀਕਾ ਵੀ ਆ ਸਕਦਾ ਹੈ। ਬਹਿਸ ਦੌਰਾਨ ਇਹ ਕਿੰਤੂ ਬਾਰ-ਬਾਰ ਉਠੇ ਕਿ ਇਸ ਨੂੰ ਨਾਵਲ ਕਿਹਾ ਜਾਵੇ ਜਾਂ ਨਾ? ਪ੍ਰਧਾਨਗੀ ਮੰਡਲ ਵਿਚੋਂ ਸ. ਸੁਰਜੀਤ ਸਿੰਘ ਮਿਨਹਾਸ ਅਤੇ ਕੈਪਟਨ ਕੰਵਲਜੀਤ ਸਿੰਘ ਨੇ ਇਸ ਪ੍ਰਚਲਤ ਧਾਰਨਾ ਨੂੰ ਰੱਦ ਕੀਤਾ ਕਿ ਅਕਾਲੀਆਂ ਨੂੰ ਰਾਜ ਨਹੀਂ ਕਰਨਾ ਆਉਂਦਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਸਰਕਾਰਾਂ ਦੇ ਅੱਧ-ਵਿਚਾਲੇ ਟੁੱਟਣ ਦਾ ਕਾਰਨ, ਕੇਂਦਰ ਦੀ ਕਾਂਗਰਸੀ ਸਰਕਾਰ ਵਲੋਂ ਸੂਬਿਆਂ ਦੀਆਂ ਗੈਰ-ਕਾਂਗਰਸੀ ਸਰਕਾਰਾਂ ਨੂੰ ਬਰਦਾਸ਼ਤ ਨਾ ਕਰਨਾ ਅਤੇ ਘਟ-ਗਿਣਤੀਆਂ ਪ੍ਰਤੀ ਉਸਦਾ ਸੁਹਿਰਦ ਰਵੱਈਆ ਨਾ ਹੋਣਾ ਸੀ। ਦੋਹਾਂ ਨੇਤਾਵਾਂ ਨੇ ਭੋਗਲ ਜੀ ਨੂੰ ਇਕ ਵਧੀਆ ਨਾਵਲ ਲਿਖਣ ਉਤੇ ਵਧਾਈ ਦਿਤੀ। ਬਹਿਸ ਦਾ ਜੁਆਬ ਦੇਂਦਿਆਂ ਪ੍ਰੋ. ਪਿਆਰਾ ਸਿੰਘ ਭੋਗਲ ਨੇ ਇਸ ਨਾਵਲ ਨੂੰ ਲਿਖਦਿਆਂ ਨਾਵਲ ਦੀਆਂ ਸਥਾਪਤ ਕਥਾਨਕ ਜੁਗਤਾਂ ਨੂੰ ਜਾਣ-ਬੁੱਝ ਕੇ ਤੋੜਨ ਅਤੇ ਨਵੀਆਂ ਜੁਗਤਾਂ ਸਥਾਪਤ ਕਰਨ ਦਾ ਸੁਚੇਤ ਯਤਨ ਕੀਤੇ ਜਾਣ ਨੂੰ ਸਵੀਕਾਰ ਕੀਤਾ। ਉਨ੍ਹਾਂ ਆਖਿਆ ਕਿ ਉਨ੍ਹਾਂ ਨੇ ਪੰਜਾਬ ਦੀ



Sri Satguru Jagjit Singh Ji eLibrary NamdhariElibrary@gmail.com

ਇਕ ਅਜਿਹੀ ਸਿਆਸੀ ਜਥੇਬੰਦੀ (ਅਕਾਲੀ ਦਲ) ਨੂੰ ਆਪਣੇ ਨਾਵਲ ਦਾ ਵਿਸ਼ਾ ਬਣਾਇਆ ਹੈ, ਜਿਸਦਾ ਪੰਜਾਬ ਦੇ ਸੰਘਰਸ਼ ਵਿਚ ਸਭ ਤੋਂ ਵੱਧ ਯੋਗਦਾਨ ਹੈ। ਪਰ ਪੰਜਾਬੀ ਸਾਹਿਤਕਾਰਾਂ ਨੇ ਉਸ ਨੂੰ ਅੱਜ ਤੱਕ ਨਜ਼ਰ-ਅੰਦਾਜ਼ ਕੀਤਾ ਹੋਇਆ ਹੈ।

ਪ੍ਰਧਾਨਗੀ ਭਾਸ਼ਣ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਨੇ ਭੋਗਲ ਜੀ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਨਾਵਲ ਵਿਚ ਮੁੱਖ-ਪਾਤਰ ਦਾ ਹੋਣਾ ਜ਼ਰੂਰੀ ਹੈ ਅਤੇ ਪੰਜਾਬੀ ਸਾਹਿਤਕਾਰਾਂ ਨੂੰ ਪੰਜਾਬ ਦੀਆਂ ਅਤੀਤ ਤੇ ਵਰਤਮਾਨ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਿਆਂ ਡੂੰਘੀ ਵਿਚਾਰ ਅਤੇ ਤੁਹੱਮਲ ਤੋਂ ਕੰਮ ਲੈਣਾ ਚਾਹੀਦਾ ਹੈ, ਕਾਹਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੇ ਅਕਾਲੀ ਸਿਆਸਤ ਦੀਆਂ ਕੁਝ ਕਮਜ਼ੋਰੀਆਂ ਉਤੇ ਵੀ ਉਂਗਲ ਧਰੀ।

ਅੰਤ ਵਿਚ ਸ. ਜਗਦੀਸ਼ ਸਿੰਘ ਵਰਿਆਮ ਨੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ।

—ਨਰਿੰਜਣ ਸਿੰਘ ਸਾਥੀ-ਉਮਿੰਦਰ ਜੌਹਲ

## ਮਾਤਾ ਅਵਤਾਰ ਕੌਰ ਨਮਿਤ ਪਾਠ ਦਾ ਭੋਗ

ਸ. ਸੁਰਿੰਦਰਪਾਲ ਸਿੰਘ ਅਮਨ ਹੈਂਡਲੂਮ ਚੰਡੀਗੜ੍ਹ, ਸ. ਜਸਬੀਰ ਸਿੰਘ ਕਾਨਪੁਰ ਅਤੇ ਸ. ਜੀਤ ਸਿੰਘ ਬੈਂਕੌਕ ਦੇ ਮਾਤਾ ਸ੍ਰੀ ਬੀਬੀ ਅਵਤਾਰ ਕੌਰ ਸਤਿਗੁਰੂ ਜੀ ਦੇ ਭਾਣੇ ਅਨੁਸਾਰ ਮਿਤੀ ੨ -੫-੯੬ ਨੂੰ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ।

ਉਹਨਾਂ ਦੇ ਨਮਿਤ ਪਾਠ ਦੇ ਭੋਗ ਸਮੇਂ ਪੂਜਯ ਮਾਤਾ ਚੰਦ ਕੌਰ ਜੀ ਉਚੇਚੇ ਤੌਰ ਤੇ ਪਧਾਰੇ। ਸੰਤ ਗੁਰਬਚਨ ਸਿੰਘ ਅਤੇ ਸੰਤ ਪਵਿਤਰ ਸਿੰਘ ਜੀ ਨੇ ਮਾਤਾ ਅਵਤਾਰ ਕੌਰ ਦੀ ਸੇਵਾ, ਸਰਲਤਾ, ਸਾਦਗੀ ਅਤੇ ਸ਼ਾਂਤ ਸੁਭਾਵ ਦੀ ਸ਼ਲਾਘਾ ਕਰਦਿਆ ਸ਼ਰਧਾਂਜਲੀ ਅਰਪਿਤ ਕੀਤੀ। ਧਾਰਮਕ ਕਾਰਜਾਂ ਲਈ ਹੋਰ ਬੇਅੰਤ ਮਾਇਆ ਦੇ ਨਾਲ ਵਰਿਆਮ ਵਾਸਤੇ ੫੦੦/- ਰੁਪਏ ਭੇਜੇ ਗਏ ਹਨ।

## ਨਗੂਣੀ ਕੀਮਤ ਉਤੇ ਪੁਸਤਕਾਂ

ਵਰਿਆਮ ਦੇ ਪਿਛਲੇ ਅੰਕ ਵਿਚ ਪੰਜਾਬੀ ਸਾਹਿਤ ਸਭਾ ਦਿਲੀ ਦੀ ਇਕ ਖਬਰ ਛੱਪੀ ਸੀ ਕਿ ਸਭਾ ਵਲੋਂ ਸਰਬੋਤਮ ਪੰਜਾਬੀ ਪੁਸਤਕਾਂ ਬਹੁਤ ਨਿਗੂਣੀ ਕੀਮਤ ਉਤੇ ਘਰ ਘਰ ਪਹੁੰਚਾਣ ਲਈ ਇਕ ਘਰੇਲੂ ਲਾਇਬਰੇਰੀ ਸਕੀਮ ਪਿਛਲੇ ਸਾਲ ਜਾਰੀ ਕੀਤੀ ਸੀ ਜਿਸ ਅਧੀਨ ਛੇ ਹਜ਼ਾਰ ਦੇ ਮੁਲ ਦੀਆਂ ਕਿਤਾਬਾਂ ਦਾ ਸੈੱਟ ਕੇਵਲ ਦੋ ਹਜ਼ਾਰ ਰੁਪਏ ਨੂੰ ਦਿਤਾ ਜਾਂਦਾ ਹੈ। ਇਸ ਸੰਬੰਧ ਵਿਚ ਬਹੁਤ ਸਾਰੀਆਂ ਪੁੱਛਾਂ ਆਈਆਂ ਹਨ। ਇਸ ਬਾਰੇ ਪੂਰਨ ਜਾਣਕਾਰੀ ਵਾਸਤੇ ਹੇਠ ਲਿਖੇ ਪਤੇ ਤੇ ਸੰਪਰਕ ਕੀਤਾ ਜਾਵੇ।

ਪੰਜਾਬੀ ਸਾਹਿਤ ਸਭਾ
੧੦ ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ,
ਨਵੀਂ ਦਿਲੀ—੧੧੦੦੦੨

## ਰਵਨੀਤ ਲਿੱਟ ਯਾਦਗਾਰੀ ਸਾਹਿਤ ਇਨਾਮ

ਕਹਾਣੀਕਾਰ ਗੁਰਪਾਲ ਲਿੱਟ ਦੇ ਇਕਲੌਤੇ ਬੇਟੇ ਰਵਨੀਤ ਲਿੱਟ ਦੀ ਯਾਦ ਨੂੰ ਸਾਰਥਕ ਰੂਪ ਵਿਚ ਸਦੀਵੀ ਬਨਾਣ ਲਈ ਉਸਦੀ ਪਹਿਲੀ ਬਰਸੀ ਸਮੇਂ 'ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ' ਦੀ ਸਥਾਪਨਾ ਕੀਤੀ ਗਈ ਹੈ। ਜਿਸਦਾ ਉਦੇਸ਼ ਹੈ—ਮਿਆਰੀ ਸਾਹਿਤਕ ਕਿਤਾਬਾਂ ਛਾਪਕੇ ਸਸਤੀ ਤੋਂ ਸਸਤੀ ਕੀਮਤ ਉਤੇ ਪਾਠਕਾਂ ਤਕ ਪਹੁੰਚਾਉਣਾ। ਟੀਚਾ ਸ਼ੁਰੂ ਵਿਚ ਸਾਲ ਵਿਚ ਘਟੋ ਘਟ ਪੰਜ ਕਿਤਾਬਾਂ ਛਾਪਣ ਦਾ ਹੈ। ਲੇਖਕਾਂ-ਪਾਠਕਾਂ ਦੇ ਹੁੰਘਾਰੇ ਨਾਲ ਇਹ ਟੀਚਾ ਲਗਾਤਾਰ ਵਿਸ਼ਾਲ ਕੀਤਾ ਜਾਵੇਗਾ। ਪ੍ਰਕਾਸ਼ਨ ਦੀ ਪਹਿਲੀ ਭੇਟ ਗੁਰਪਾਲ ਲਿੱਟ ਦਾ ਤਾਜ਼ਾ ਕਹਾਣੀ ਸੰਗ੍ਰਹਿ "ਕੁਝ ਸਲੀਬਾਂ ਦੇ ਸੰਗ" ਬਰਸੀ ਸਮੇਂ ੦ ਜੂਨ ੧੯੯੬ ਨੂੰ ਰਿਲੀਜ ਹਿਤ ਛਪਿਆ ਹੈ। ਦੂਸਰੀ ਕਿਤਾਬ ਪ੍ਰੈੱਸ ਵਿਚ ਹੈ। ਇਸੇ ਤਰ੍ਹਾਂ ਇਹ ਸਿਲਸਿਲਾ ਜਾਰੀ ਰਹੇਗਾ।

—ਮੈਂਬਰਸ਼ਿਪ ੧੦੦ ਰੁਪਏ ਰਖੀ ਗਈ ਹੈ। ਇਸ ਕੀਮਤ ਵਿਚ ੮-੧੦ ਵਖ ਵਖ ਸਾਹਿਤਕ ਕਿਤਾਬਾਂ ਪਾਠਕਾਂ ਤਕ ਪਹੁੰਚਾਈਆਂ ਜਾਣਗੀਆਂ।

—ਜਿਹੜੇ ਸਾਹਿਤ ਪ੍ਰੇਮੀ ਵਧੀਆ ਸਾਹਿਤ ਸਸਤੀ ਕੀਮਤ ਉਤੇ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਣ ਦੇ ਵਿਚਾਰ ਦੇ ਮੁਦਈ ਹਨ, ਉਹ ਸਾਡੇ ਕਾਰਜ ਨਾਲ ਜ਼ਰੂਰ ਜੁੜਨ।

—ਅਸੀਂ ਆਪਣੀ ਇਸ ਮੁਹਿੰਮ ਨੂੰ ਵਿਸ਼ਾਲ ਕਰਨ ਲਈ, ਲੇਖਕਾਂ ਅਤੇ ਸਾਹਿਤ ਸਭਾਵਾਂ ਦਾ ਭਰਵਾਂ ਸਹਿਯੋਗ ਚਾਹੁੰਦੇ ਹਾਂ।

ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਦੀਆਂ ਕਿਤਾਬਾਂ ਉਤੇ ਅਧਾਰਤ—੨੧੦੦ ਰੁਪਏ ਸਾਲ ੯੪ ਤੇ ੯੫ ਦੌਰਾਨ ਛਪੀਆਂ ਕਿਤਾਬਾਂ ਵਿਚੋਂ ਇਕ ਲਈ। ੧੧੦੦ ਰੁਪਏ (ਨਵੇਂ ਲੇਖਕਾਂ ਲਈ) ਸਾਲ ੯੪ ਤੇ ੯੫ ਦੌਰਾਨ ਛਪੀ ਲੇਖਕ ਦੀ ਪਹਿਲੀ ਕਿਤਾਬ ਹੋਵੇ। ੧੧੦੦ ਰੁਪਏ ਮੰਚ ਨਾਲ ਸਬੰਧਤ ਇਕ ਕਲਾਕਾਰ ਲਈ।

ਲੇਖਕਾਂ ਸ ਹਵੇਂ ਬੇਨਤੀ ਹੈ ਕਿ ਸਾਲ ੯੪ ਤੇ ੯੫ ਦੌਰਾਨ ਛਪੀਆਂ ਆਪਣੀਆਂ ਕਿਤਾਬਾਂ ਦੀਆਂ ਤਿੰਨ-ਤਿੰਨ ਕਾਪੀਆਂ ੩੦ ਅਗਸਤ ੯੬ ਤਕ ਸਾਡੇ ਤਕ ਪਹੁੰਚਾਣ ਦੀ ਕਿਰਪਾ ਕਰਨ। ਅਗਲੀ ਵਾਰ ਤੋਂ ਇਹ ਇਨਾਮ ਇਕ ਸਾਲ ਦੌਰਾਨ ਛਪੀਆਂ ਕਿਤਾਬਾਂ ਉੱਤੇ ਅਧਾਰਤ ਹੋਇਆ ਕਰਨਗੇ।

—ਗੁਰਪਾਲ ਸਿੰਘ ਲਿੱਟ

ਸੁਰਖਾਬ ਪਬਲਿਕ ਹਾਈ ਸਕੂਲ, ਗੁਰੂ ਤੇਗ ਬਹਾਦਰ ਨਗਰ, ਲਲਹੇੜੀ ਰੋਡ ਖੰਨਾ—੧੪੧੩੦੧



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਜੂਨ-ਜੁਲਾਈ ਦਾ ਵਰਿਆਮ ਅੰਕ ਮਿਲਿਆ। ੨ ਮਹੀਨੇ ਦਾ ਇਕ ਅੰਕ ਇਕ ਦਿਨ ਵਿਚ ਪੂਰਾ ਪੜ੍ਹ ਲਿਆ। ਬਹੁਤ ਹੀ ਚੰਗਾ ਲਗਾ। ਪਰ ਇਕ ਗੱਲ ਏ ਤੁਸੀਂ ਸਾਲ ਵਿਚ ੧੨ ਅੰਕ ਕਿਉਂ ਨਹੀਂ ਛਾਪਦੇ ? ਜਦਕਿ ਵਰਿਆਮ ਮਾਸਕ ਪੱਤਰ ਏ। ਤੁਸੀਂ ਸਭ ਤੋਂ ਪਹਿਲਾਂ ਲਿਖਿਆ ਏ—ਸ਼ਰਾਬ ਬੰਦ—ਪੰਜਾਬੀ ਲਾਗੂ। ਹਰਿਆਣਾ ਦੇ ਮੁਖ ਮੰਤਰੀ ਚੌ: ਬੰਸੀ ਲਾਲ ਵਧਾਈ ਦੇ ਪਾਤਰ ਹਨ ਜਿਹਨਾਂ ਨੇ ਹਰਿਆਣਾ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਏ, ਨਹੀਂ ਤਾਂ ਮੰਤਰੀਆਂ ਦਾ ਕੰਮ ਸਿਰਫ ਵਾਅਦਾ ਕਰਨਾ ਏ ਨਿਭਾਣਾ ਨਹੀਂ।

ਨਾਲ ਈ ਤੁਸਾਂ ਅਗ਼ਲੇ ਪੇਜ ਤੇ 'ਰੂੰਦਾਰ ਟੱਪੀ' ਸਿਰਲੇਖ ਹੇਠ ਜਾਣਕਾਰੀ ਦਿਤੀ ਏ, ਬਹੁਤ ਦਰਦਨਾਕ ਏ। ਪੜ੍ਹਕੇ ਦਿਲ ਕੰਬ ਗਿਆ। ਕੋਈ ਐਸਾ ਨੇਤਾ ਵੀ ਪੈਦਾ ਹੋਵੇ ਜੋ ਸੰਪੂਰਨ ਮਾਸਬੰਦੀ ਕਰਾਏ, ਇਸ ਬੁਧ ਨਾਨਕ ਦੇ ਦੇਸ਼ ਵਿਚ ਦਲੀਲਾਂ ਤਾਂ ਬਹੁਤ ਦਿੰਦੇ ਹਨ ਪਰ ਅਮਲ ਕੋਈ ਨਹੀਂ ਕਰਦਾ। ਜਿਧਰ ਨੂੰ ਅੱਜ ਆਪਾਂ ਜਾ ਰਹੇ ਆਂ ਉਸ ਰਸਤੇ ਵਿਚ ਕਿਸੇ ਜੀਵ ਜੰਤੂ ਦੀ ਭਲਾਈ ਬਾਰੇ ਸੋਚਣ ਦਾ ਸਮਾਂ ਕਿਸੇ ਕੋਲ ਨਹੀਂ। 'ਦੋ ਪੈਰ ਘਟ ਤੁਰਨਾ' ਪ੍ਰੀਤਮ ਸਿੰਘ ਪੰਛੀ ਜੀ ਦਾ ਇਕਦਮ ਸੱਚਾਈ ਏ, ਪਰ ਅੱਜ ਤੇ ਫਖਰ ਨਾਲ ਸਾਰੇ ਕਹਿੰਦੇ ਨੇ ਅਸੀਂ ਯੂ ਐਸ. ਏ. ਗਰੀਨ ਕਾਰਡ ਹੋਲਡਰ ਆਂ ਜਾਂ ਕਨੇਡਾ ਕਾਰਡ ਹੋਲਡਰ ਆਂ, ਭਾਵੇਂ ਸਚਾਈ ਇਹੋ ਈ ਏ ਕਿ ਆਪਣੇ ਬੋਹੜ ਦੀ ਛਾਂ ਦੂਸਰੇ ਦੇਸ਼ ਦੀਆਂ ਏ. ਸੀ. ਦੀਆਂ ਹਵਾਵਾਂ ਨਾਲੋਂ ਚੰਗੀ ਏ, ਜਿਵੇਂ ਚਾਚਾ ਸ਼ਿੰਗਾਰਾ ਵਿਚ—ਵਿਰਕ ਜੀ ਨੇ ਦਸਿਆ ਏ ਕਿ ਉਹ ਗਾਉਂਦੇ ਹੁੰਦੇ ਸਨ, ਪ੍ਰਦੇਸਾਂ ਦੀ ਤੇ ਠੰਡੀ ਵਾ ਹਿੱਕ ਸਾੜਦੀ। ਉਏ ਮੁੜ ਘਰੀਂ ਆ ਜਾ ਹਾਣੀਆ। ਮੈਂ ਵੀ ਵੇਖਿਆ ਪ੍ਰਦੇਸ ਰਹਿ ਕੇ। ਆਪਣੀ ਮਾਂ ਦੀ ਗੋਦ ਵਿਚ ਜਿਹੜਾ ਸੁਖ ਏ ਉਹ ਮਤਰੇਈ ਦੀ ਗੋਦ ਵਿਚ ਕਿਥੇ ? ਅਨੂਪ ਵਿਰਕ ਜੀ ਦਾ ਲੋਕ-ਚਿਤਰ ਪੜ੍ਹਦਿਆਂ ਬੜੀ ਹੀ ਡੂੰਘਾਈ ਵਿਚ ਪਹੁੰਚ ਗਏ। ਕਦੀ ਚਾਚੇ ਦੀ ਗੱਲ ਹੱਸਾ ਦੇਂਦੀ ਏ, ਕਦੀ ਦ੍ਰਿੜ੍ਹਤਾ ਵਲ ਲਿਜਾਂਦੀ ਏ ਤੇ ਕਦੀ ਸੋਚਣ ਤੇ ਮਜਬੂਰ ਕਰਦੀ ਏ ਕਿ ਕੀ ਅਸੀਂ ਸਭ ਆਪਣੀ ਮਿੱਟੀ ਨਾਲ ਇੰਨਾ ਪਿਆਰ ਕਰਦੇ ਹਾਂ ? ਵਰਿਆਮ ਸਿੰਘ ਸੰਧੂ ਹੋਰਾਂ ਲਿਖਿਆ ਵਡੇ ਗੁਣਾਂ ਵਾਲਾ ਏ। ਲਖਵਿੰਦਰ ਜੀ ਦੀ ਕਵਿਤਾ ਨਾਲ ਲੜਾਈ ਚੰਗੀ ਲਗੀ ਤੇ ਸ੍ਰੀ ਮਾਨ ਭਾਰਤੀ ਜੀ ਦੀ ਕੁਬੇਰ ਦੀ ਯਾਤਰਾ ਬਹੁਤ ਜਾਣਕਾਰੀ ਭਰਪੂਰ ਚਲ ਰਿਹਾ ਏ। ਭਗਵਾਨ ਗੁਰੂ ਪ੍ਰਤਾਪ ਸਿੰਘ ਜੀ—ਕੰਵਲ ਜੀ ਨੇ ਬਹੁਤ ਹੀ ਚੰਗੇ ਤਰੀਕੇ ਨਾਲ ਵਰਣਨ ਕੀਤਾ ਏ।

ਜਗਦੀਸ਼ ਜੀ, ਤੁਹਾਡਾ 'ਖਿਲਰੇ ਪੱਤਰੇ', 'ਨਾਮਧਾਰੀ ਵਿਦਿਅਕ ਜਥੇ ਦਾ ਹੁਲਾਰ'...ਮੈਂ ਤੇ ਕਹਿੰਦੀ ਆਂ ਤੁਸੀਂ ਹੁਣ ਇਸ ਦਾ ਨਾਮ 'ਸਾਂਝੇ ਪੱਤਰੇ' ਈ ਰੱਖ ਦਿਓ। ਤੁਸੀਂ ਇੰਨਾ ਵਧੀਆ ਤਰੀਕੇ ਨਾਲ ਸੰਮੇਲਨਾਂ ਦੀ ਸ਼ੁਰੂਆਤ ਦੱਸੀ ਏ...ਸਤਿਗੁਰੂ ਪ੍ਰੇਮ ਨੌਜਵਾਨਾਂ ਨਾਲ...ਤੇ ਲੰਗਰ . ਹਾਏ ! ਇੰਨੇ ਪਦਾਰਥ ਗਿਣਵਾ ਦਿਤੇ, ਮੂੰਹ ਵਿਚ ਪਾਣੀ ਆ ਗਿਆ ! ਕਿਸ ਤਰ੍ਹਾਂ ਤੁਸਾਂ ਜਹੇ ਗੁਣਵਾਨ ਨੂੰ ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ-ਦ੍ਰਿਸ਼ਟੀ ਨੇ ਅੱਗੇ ਲਿਆਂਦਾ ਏ। ਨਾਮਧਾਰੀ ਕੱਪੜਿਆਂ ਦਾ ਹੁਕਮ ਲੱਗਣ ਤੇ ਜਿਵੇਂ ਗੁਲਾਟੀ ਜੀ ਕੱਪੜੇ ਸਭ ਦੇ ਘਰ ਲੈ ਗਏ...ਮੈਂ ਹੁੰਦੀ ਤੇ ਮੈਂ ਵੀ ਇਵੇਂ ਹੀ ਕਰਦੀ। ਵਾਹ ਜੀ ਵਾਹ ! ਕਿਆ ਕਹਿਣੇ ਤੁਹਾਡੀ ਕਲਮ ਦੇ। ਤੁਸੀਂ ਤਾਂ ਕਲਮ ਦੇ ਨਾਲ ਸਭ ਦੀ ਸਿਫਤ ਕਰ ਜਾਂਦੇ ਓ...ਤੇ ਆਪ ਚੁੱਪ ਕਰਕੇ ਮਿੰਨ੍ਹਾ ਜਿਹਾ ਮੁਸਕਰਾ ਛੱਡਦੇ ਓ, ਤੇ ਵਾਹ-ਵਾਹ ਲੁੱਟ ਲੈਂਦੇ ਓ। ਮੇਰੀ ਅਰਜ਼ ਐ, ਹਰ ਮਹੀਨੇ ਵਰਿਆਮ ਛਪਣਾ ਜ਼ਰੂਰੀ ਚਾਹੀਦਾ।

ਧੰਨਵਾਦ !

**—ਸਿੰਦਰ ਕੌਰ, ਦਿੱਲੀ**

——

(ਕੁਝ ਸਰਕਾਰੀ, ਕੁਝ ਤਕਨੀਕੀ, ਕੁਝ ਮਾਇਕ ਅਤੇ ਕੁਝ ਪ੍ਰਬੰਧਕੀ ਮਜਬੂਰੀਆਂ ਕਰਕੇ ਵਰਿਆਮ ਦੋ ਮਹੀਨੇ ਦਾ ਕਦੀ ਕਦਾਈਂ ਇਕਠਾ ਕਢਣਾ ਪਿਆ ਹੈ। ਕਈ ਵਾਰ ਵਿਸ਼ੇਸ਼ ਅੰਕ ਵੀ ਇਸੇ ਮਜਬੂਰੀ ਵਿਚ ਹੀ ਇਕ ਤੋਂ ਵਧ ਮਹੀਨੇ ਦੇ ਇਕਠੇ ਛਪਦੇ ਹਨ। ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ ਤੇ ਵਖਰੇ ਅੰਕਾਂ ਦਾ ਹੀ ਜਤਨ ਹੈ। ਪਰ ਜੇ ਕਿਸੇ ਵੀ ਪਾਠਕ ਨੂੰ ਇਸ ਤੇ ਇਤਰਾਜ਼ ਹੋਏ ਵੀ ਤਾਂ ਅਸੀਂ ਅੰਕ ਪੂਰੇ ਬਾਰਾਂ ਹੀ ਦਿਆਂਗੇ।—ਸੰਪਾਦਕ)

——

## ਸੰਮਤੀ ਕਲਾ ਮੰਚ ਵਲੋਂ ਸ਼ਾਮੇ ਗਜ਼ਲ

ਸੰਗੀਤ ਕਲਾ ਮੰਚ ਜਲੰਧਰ ਦੀ ਤੀਹਵੀਂ ਪੇਸ਼ਕਸ਼ ਸ਼ਾਮੇ ਗ਼ਜ਼ਲ ੬ ਅਕਤੂਬਰ ਐਤਵਾਰ ਨੂੰ ਆਯੋਜਿਤ ਕੀਤੀ ਜਾ ਰਹੀ ਹੈ। ਉਥੇ ਗ਼ਜ਼ਲ ਗਾਇਕ ਭਾਗ ਲੈਣਗੇ।

**—ਡਾ. ਜੋਗਿੰਦਰ ਬਾਵਰਾ**



Sri Satguru Jagjit Singh Ji eLibrary NamdhariElibrary@gmail.com

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ

ਹਰ ਕਿਸਮ ਦੀ ਲੱਕੜ

ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,

ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**

[TIMBER MERCHANTS]

**ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ**

Phone : 58795

---

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ

ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਫੋਨ 238784

---

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ

ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

**ਨਿਊ ਟਿੰਬਰ ਮਾਰਕੀਟ,**

**ਅਕਹਿਰੀ ਪੁਲੀ, ਜਲੰਧਰ ਸ਼ਹਿਰ**

ਫੋਨ ਨੰ: 232990

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

## TECHNO INDUSTRIES

## ਟੈਕਨੋ ਇੰਡਸਟਰੀਜ਼

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts

**E.D. 311, Old Railway Road,**
**JALANDHAR-144001.**



Sri Satguru Jagjit Singh Ji eLibrary NamdhariElibrary@gmail.com

GOLD MEDAL WINNER (1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range Includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications

ONE YEAR GUARANTEE AGAINST ALL MANUFACTURING DEFECTS




Manufactured by:

**Jayson Electric Co. (Regd.)**

WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634



ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

**Namdhari Brothers**

**DALTON GANJ**

**(Bihar)**

Prop. :
S. AJIT SINGH NAMDHARI



ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ

ਚੌਗਾਠਾਂ, ਦਰਵਾਜ਼ੇ, ਖਿੜਕੀਆਂ,

ਰੋਸ਼ਨਦਾਨ ਬਣਵਾਉਣ ਲਈ

ਅਤੇ

ਵਧੀਆ ਕਿਸਮ ਦਾ ਇਮਾਰਤੀ ਸਾਮਾਨ

ਖਰੀਦਣ ਲਈ

# ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ—ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ

ਵਾਲਿਆਂ ਦੀ ਦੁਕਾਨ ਦੇ ਦਰਸ਼ਨ ਦਿਓ

ਤੇ ਲਾਭ ਪ੍ਰਾਪਤ ਕਰੋ।





Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

## ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

# AMBER BISCUITS Pvt. Ltd.

**SANTOSH NAGAR, X'ROAD, HYDERABAD-500035 (INDIA)**





Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. S. DAYA SINGH BHUI

## WZ-2, Mansarover Garden, Ring Road, NEW DELHI—110015

ਅਪਣੀ ਕਿਰਪਾ ਧਾਰੀ

ਤਿਨਿ ਸਗਲੀ ਬਾਤ ਸਵਾਰੀ

**Specialists in : 'A' Class Decoration for Marriages Parties & Govt. Functions**

## Namdhari Tent House

**53, Hamidia Road Near Alpana Talkies, BHOPAL (M.P.)**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

# SAGGU IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Beards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR.**





Sri Satguru Jagjit Singh Ji eLibrary NamdhariElibrary@gmail.com

*With best compliments from*

# YOUR

# CLOTH HOUSE

**Wholeseller & Retailor**

**Gents Wing :**

**S.C.F. 1, Sector 20-C, Chandigarh.**

Phone : 23363, 31199

**Ladies Wing :**

**S.C.O. 6, Sector 20-C, Chandigarh.**

Phone : 29849

**Your Saree Centre :**

**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Registered No. PB/JL-253

MONTHLY WARIAM
Ladowali Road, Jalandahr-144 001
Registered with the Registrar of News papers for India No. 26453

August 1996

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI–110006


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡਵਾਲਾ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ [illegible] ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com